28-JAN-PAGE-1.qxd 1/27/2026 10:30 PM Page 1

ਬੁੱਧਵਾਰ, 28 ਜਨਵਰੀ, 2026
15 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 238

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 JANUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪ੍ਰੂਫ਼-ਰਿਡਿੰਗ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਪਾਣੀਆਂ 'ਚ ਹਲਚਲ

## ਬਜ਼ੁਰਗਾਂ ਵੱਲੋਂ ਉਲਝਾਏ ਪਾਣੀਆਂ ਦੇ ਮੁੱਦੇ ਨੂੰ ਹੱਲ ਕਰਨ ਲਈ ਭਗਵੰਤ ਮਾਨ ਤੇ ਨਾਇਬ ਸੈਨੀ ਵਿਚਾਲੇ ਸਾਰਥਕ ਗੱਲਬਾਤ, ਅੱਗੇ ਤੋਂ ਅਧਿਕਾਰੀ ਛੇਤੀ-ਛੇਤੀ ਮੀਟਿੰਗਾਂ ਕਰਨਗੇ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਤੇ ਹਰਿਆਣਾ ਵਿਚਾਲੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਹੁਣ ਅਧਿਕਾਰੀ ਪੱਧਰ ਦੀ ਵਾਰਤਾ ਹੋਵੇਗੀ। ਇਹ ਫੈਸਲਾ ਮੰਗਲਵਾਰ ਇੱਥੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਹੋਈ ਮੀਟਿੰਗ 'ਚ ਲਿਆ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਰੀਬ ਇੱਕ ਘੰਟਾ ਮੀਟਿੰਗ ਕਰਨ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ 'ਚ ਇਸ ਮਾਮਲੇ 'ਤੇ ਸਾਰਥਕ ਨਤੀਜੇ ਆਉਣ ਦੀ ਗੱਲ ਕਹੀ। ਉਨ੍ਹਾ ਕਿਹਾ ਕਿ ਉਨ੍ਹਾ ਦੀ ਸੁਖਾਵੇਂ ਮਾਹੌਲ 'ਚ ਸਾਰਥਕ ਗੱਲਬਾਤ ਹੋਈ ਹੈ। ਮਾਨ ਨੇ ਕਿਹਾ ਕਿ ਹੁਣ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਅਧਿਕਾਰੀ ਪੱਧਰ ਦੀ ਨਿਰੰਤਰ ਗੱਲਬਾਤ ਸ਼ੁਰੂ ਹੋਵੇਗੀ ਅਤੇ ਦੋਵੇਂ ਸੂਬਿਆਂ ਦੇ ਅਧਿਕਾਰੀ ਮੀਟਿੰਗਾਂ ਦਾ ਵੇਰਵਾ ਸਾਂਝਾ ਕਰਨਗੇ, ਜਿਸ ਦੇ ਆਧਾਰ 'ਤੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀ ਅਗਲੇਰੀ ਗੱਲਬਾਤ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀ ਪੱਧਰ ਦੀ ਗੱਲਬਾਤ ਮਸਲੇ ਦਾ ਹੱਲ ਕੱਢਣ ਦੀ ਨੀਅਤ ਨਾਲ ਹੋਵੇਗੀ। ਉਹ ਚਾਹੁੰਦੇ ਹਨ ਕਿ ਪੁਰਾਣਾ ਲਟਕਿਆ ਹੋਇਆ ਮਾਮਲਾ ਸੁਲਝ ਜਾਵੇ। ਮਾਨ ਨੇ ਕਿਹਾ ਕਿ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾ ਕਿਹਾ ਕਿ ਇਹ ਪੁਰਾਣੇ ਬਜ਼ੁਰਗਾਂ ਦਾ ਉਲਝਾਇਆ ਮਸਲਾ ਹੈ। ਹਰਿਆਣਾ ਦੇ ਮੁੱਖ ਮੰਤਰੀ ਸੈਨੀ ਨੇ ਕਿਹਾ ਕਿ ਚੰਗੇ ਮਾਹੌਲ 'ਚ ਹੋਈ ਗੱਲਬਾਤ ਦੇ ਨਤੀਜੇ ਵੀ ਸਾਰਥਕ ਆਉਣਗੇ। ਸੈਨੀ ਨੇ ਕਿਹਾ ਕਿ ਆਉਂਦੇ ਦਿਨਾਂ 'ਚ ਇਸ ਮਾਮਲੇ 'ਤੇ ਅਧਿਕਾਰੀ ਪੱਧਰ ਦੀ ਗੱਲਬਾਤ ਸ਼ੁਰੂ ਹੋਵੇਗੀ, ਜਿਸ ਦੇ ਅਧਾਰ 'ਤੇ ਅੱਗੇ ਵਧਿਆ ਜਾਵੇਗਾ।

ਮਾਨ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਇੱਕ ਸੁਆਲ ਦੇ ਜੁਆਬ 'ਚ ਕਿਹਾ ਕਿ ਪਹਿਲਾਂ ਪਾਣੀ ਦਾ ਮਸਲਾ ਤਾਂ ਨਿਬੇੜ ਲਈਏ, ਨਹਿਰ ਵੀ ਬਣਾ ਲਵਾਂਗੇ। ਮਾਨ ਨੇ ਕਿਹਾ ਕਿ ਮੀਟਿੰਗ 'ਚ ਦੋਵੇਂ ਸੂਬਿਆਂ ਨੇ ਆਪੋ-ਆਪਣਾ ਪੱਖ ਰੱਖਿਆ ਹੈ। ਹਾਲਾਂਕਿ ਪੰਜਾਬ ਤੇ ਹਰਿਆਣਾ ਵਿਚਾਲੇ ਛੇਵੇਂ ਗੇੜ ਦੀ ਮੀਟਿੰਗ 'ਚ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ, ਪਰ ਦੋਵੇਂ ਮੁੱਖ ਮੰਤਰੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫਰੰਸ ਕਰਨ ਅਤੇ ਦੋਵੇਂ ਧਿਰਾਂ ਵੱਲੋਂ ਪਾਣੀ ਨੂੰ ਲੈ ਕੇ ਪੁਰਾਣੇ ਅੰਦਾਜ਼ 'ਚ ਦਾਅਵੇ ਕਰਨ ਵਾਲੀ ਗੱਲਬਾਤ ਨਜ਼ਰ ਨਾ ਆਉਣ ਤੋਂ ਸਾਫ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬੋਚ-ਬੋਚ ਕੇ ਪੈਰ ਧਰ ਰਹੇ ਹਨ। ਕੇਂਦਰ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਦਰਮਿਆਨ ਵਿਚੋਲਗੀ ਤੋਂ ਭੱਜ ਚੁੱਕਾ ਹੈ ਅਤੇ ਕੇਂਦਰ ਨੇ ਦੋਵਾਂ ਸੂਬਿਆਂ ਨੂੰ ਆਪਸ 'ਚ ਮਿਲ ਬੈਠ ਕੇ ਮਾਮਲਾ ਨਜਿੱਠਣ ਦੀ ਨਸੀਹਤ ਦਿੱਤੀ ਸੀ।

ਮੁੱਖ ਮੰਤਰੀ ਮਾਨ ਦੁਵੱਲੀ ਵਿਚਾਰ-ਚਰਚਾ 'ਚ ਆਪਣੀ 16 ਮੈਂਬਰੀ ਟੀਮ ਨਾਲ ਮੀਟਿੰਗ 'ਚ ਸ਼ਾਮਲ ਹੋਏ। ਉਨ੍ਹਾ ਨਾਲ ਮੀਟਿੰਗ 'ਚ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ। ਉੱਧਰ, ਹਰਿਆਣਾ ਦੇ ਮੁੱਖ ਮੰਤਰੀ ਸੈਨੀ ਵੀ ਅਧਿਕਾਰੀਆਂ ਸਮੇਤ ਹਾਜ਼ਰ ਰਹੇ।

ਦੋਹਾਂ ਮੁੱਖ ਮੰਤਰੀਆਂ ਵਿਚਾਲੇ ਆਖਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਚੇਤੇ ਰਹੇ ਕਿ ਉੱਤਰੀ ਜ਼ੋਨਲ ਕੌਂਸਲ ਦੀ ਫਰੀਦਾਬਾਦ 'ਚ 17 ਨਵੰਬਰ 2025 ਨੂੰ ਹੋਈ ਮੀਟਿੰਗ 'ਚ ਦਰਿਆਈ ਪਾਣੀਆਂ ਨਾਲ ਸਬੰਧਤ ਸਾਰੇ ਮੁੱਦੇ ਕੇਂਦਰੀ ਗ੍ਰਹਿ ਮੰਤਰਾਲੇ ਅਮਿਤ ਸ਼ਾਹ ਨੇ ਮੁਲਤਵੀ ਕਰ ਦਿੱਤੇ ਸਨ। ਮੁੱਖ ਮੰਤਰੀ ਮਾਨ ਨੇ ਚੌਥੇ ਗੇੜ ਦੀ 9 ਜੁਲਾਈ 2025 ਨੂੰ ਹੋਈ ਮੀਟਿੰਗ 'ਚ ਨਵਾਂ ਫਾਰਮੂਲਾ ਪੇਸ਼ ਕੀਤਾ ਸੀ ਕਿ ਸਿੰਧੂ ਜਲ ਸੰਧੀ ਰੱਦ ਕੀਤੇ ਜਾਣ ਪਿੱਛੋਂ ਚਨਾਬ ਦਾ ਪਾਣੀ ਤਰਜੀਹੀ ਅਧਾਰ 'ਤੇ ਪੰਜਾਬ ਨੂੰ ਦਿੱਤਾ ਜਾਵੇ।

ਪੰਜਾਬ ਨੂੰ ਮੌਜੂਦਾ ਸਮੇਂ 52 ਐੱਮ ਏ ਐੱਫ (ਮਿਲੀਅਨ ਏਕੜ ਫੁੱਟ) ਪਾਣੀ ਦੀ ਲੋੜ ਹੈ ਜਦੋਂ ਕਿ ਪੰਜਾਬ ਨੂੰ ਜ਼ਮੀਨੀ ਤੇ ਨਹਿਰੀ ਪਾਣੀ 26.75 ਐੱਮ ਏ ਐੱਫ ਮਿਲ ਰਿਹਾ ਹੈ। ਸੂਬੇ ਦੇ 153 ਬਲਾਕਾਂ 'ਚੋਂ 115 ਬਲਾਕ ਰੈੱਡ ਜ਼ੋਨ ਵਿੱਚ ਚਲੇ ਗਏ ਹਨ।

ਪਿਛਾਂਹ ਨਜ਼ਰ ਮਾਰੀਏ ਤਾਂ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਪਹਿਲੀ ਮੀਟਿੰਗ 18 ਅਗਸਤ 2020 ਅਤੇ ਦੂਜੀ ਮੀਟਿੰਗ 14 ਅਕਤੂਬਰ, 2022 ਨੂੰ ਚੰਡੀਗੜ੍ਹ ਵਿਖੇ ਹੋਈ ਸੀ। ਇਸੇ ਤਰ੍ਹਾਂ ਤੀਜੀ ਮੀਟਿੰਗ ਦਿੱਲੀ 'ਚ 4 ਜਨਵਰੀ 2023 ਨੂੰ ਹੋਈ ਸੀ ਅਤੇ ਚੌਥੀ ਮੀਟਿੰਗ ਜੁਲਾਈ ਨੂੰ ਹੋਣ ਤੋਂ ਇਲਾਵਾ ਆਖਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਕੁੱਲ 214 ਕਿੱਲੋਮੀਟਰ ਲੰਮੀ ਸਤਲੁਜ-ਯਮੁਨਾ ਲਿੰਕ ਨਹਿਰ 'ਚੋਂ ਪੰਜਾਬ ਵਿੱਚ ਪੈਂਦੇ 122 ਕਿੱਲੋਮੀਟਰ ਦੇ ਹਿੱਸੇ ਦੀ ਉਸਾਰੀ ਲਟਕੀ ਹੋਈ ਹੈ। ਸੁਪਰੀਮ ਕੋਰਟ ਨੇ ਜਨਵਰੀ 2002 ਵਿੱਚ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਕ ਨਹਿਰ ਬਣਾਉਣ ਲਈ ਕਿਹਾ ਸੀ।

ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਾਲ 2004 ਵਿੱਚ 1981 ਦੇ ਸਮਝੌਤੇ ਨੂੰ ਕਾਨੂੰਨ ਪਾਸ ਕਰਕੇ ਰੱਦ ਕਰ ਦਿੱਤਾ ਸੀ, ਜਦੋਂ ਕਿ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਸਾਲ 2016 ਵਿੱਚ ਰੱਦ ਕਰ ਦਿੱਤਾ ਸੀ। ਹਰਿਆਣਾ ਨੇ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਹੋਈ ਹੈ।

# ਭਾਰਤ ਦਾ ਯੂਰਪੀ ਯੂਨੀਅਨ ਨਾਲ ਵਪਾਰ ਸਮਝੌਤਾ ਸਹੀਬੰਦ, ਅਮਰੀਕਾ ਚਿੜ੍ਹਿਆ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਰਪੀ ਯੂਨੀਅਨ ਕਮਿਸ਼ਨ ਦੀ ਚੇਅਰਪਰਸਨ ਉਰਸੁਲਾ ਵੌਨ ਡੇਰ ਲੇਏਨ ਤੇ ਯੂਰਪੀ ਕੌਂਸਲ ਦੇ ਪ੍ਰਧਾਨ ਐਂਤੋਨੀਓ ਕੋਸਤਾ ਨਾਲ।

**ਨਵੀਂ ਦਿੱਲੀ** : ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ 18 ਸਾਲ ਦੀ ਲੰਮੀ ਗੱਲਬਾਤ ਤੋਂ ਬਾਅਦ ਮੰਗਲਵਾਰ ਮੁਕਤ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ—ਐੱਫ ਟੀ ਏ) ਹੋ ਗਿਆ। ਇਸ ਸਮਝੌਤੇ ਨੂੰ 2017 ਵਿੱਚ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਮਝੌਤੇ ਤੋਂ ਬਾਅਦ ਬੀ ਐੱਮ ਡਬਲਿਊ, ਮਰਸਡੀਜ਼-ਬੈਂਜ਼, ਔਡੀ, ਪੋਰਸ਼, ਵੋਲਵੋ, ਫੌਕਸਵੈਗਨ, ਸਕੋਡਾ, ਲੈਂਬੋਰਗਿਨੀ ਅਤੇ ਫਰਾਰੀ ਵਰਗੀਆਂ ਯੂਰਪੀ ਕਾਰਾਂ 'ਤੇ ਲੱਗਣ ਵਾਲੇ 110 ਫੀਸਦੀ ਟੈਕਸ ਨੂੰ ਘਟਾ ਕੇ 10 ਫੀਸਦੀ ਕਰ ਦਿੱਤਾ ਜਾਵੇਗਾ। ਯੂਰਪੀ ਸ਼ਰਾਬ ਤੇ ਵਾਈਨ 'ਤੇ ਵੀ ਟੈਕਸ 150 ਫੀਸਦੀ ਤੋਂ ਘਟਾ ਕੇ 20-30 ਫੀਸਦੀ ਕੀਤਾ ਜਾਵੇਗਾ। ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਜਦਕਿ ਯੂਰਪੀ ਯੂਨੀਅਨ ਦੂਜੀ ਸਭ ਤੋਂ ਵੱਡੀ। ਦੋਨੋਂ ਮਿਲਾ ਕੇ ਵਿਸ਼ਵ ਜੀ ਡੀ ਪੀ ਦਾ ਕਰੀਬ 25 ਫੀਸਦੀ ਤੇ ਦੁਨੀਆ ਦੇ ਕੁਲ ਵਪਾਰ ਦਾ ਲਗਪਗ ਇੱਕ-ਤਿਹਾਈ ਹਿੱਸਾ ਰੱਖਦੇ ਹਨ।

ਇਸੇ ਦੌਰਾਨ ਅਮਰੀਕੀ ਖਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਕਿਹਾ ਕਿ ਭਾਰਤ ਨਾਲ ਵਪਾਰ ਸਮਝੌਤੇ 'ਤੇ ਦਸਤਖਤ ਕਰਕੇ ਯੂਰਪੀ ਯੂਨੀਅਨ ਆਪਣੇ ਹੀ ਖਿਲਾਫ ਜੰਗ ਦਾ ਐਲਾਨ ਕਰ ਰਿਹਾ ਹੈ। ਬੇਸੈਂਟ ਨੇ ਚਿਤਾਵਨੀ ਦਿੱਤੀ ਹੈ ਕਿ ਯੂਰਪ, ਭਾਰਤ ਨਾਲ ਸਮਝੌਤਾ ਕਰ ਕੇ ਆਪਣੇ ਵਿਰੁੱਧ ਜੰਗ ਨੂੰ ਖੁਦ ਫੰਡ ਦੇ ਰਿਹਾ ਹੈ। ਸਕੌਟ ਬੇਸੈਂਟ ਨੇ ਕਿਹਾ, 'ਯੂਰਪ ਨੇ ਰੂਸ ਨਾਲ ਸਿੱਧੇ ਊਰਜਾ ਸੰਬੰਧ ਕਾਫੀ ਹੱਦ ਤਕ ਖਤਮ ਕਰ ਦਿੱਤੇ ਹੋਣਗੇ, ਪਰ ਉਹ ਭਾਰਤ ਵਿੱਚ ਸੋਧੇ ਰੂਸੀ ਤੇਲ ਉਤਪਾਦ ਖਰੀਦ ਕੇ ਅਸਿੱਧੇ ਤੌਰ 'ਤੇ ਰੂਸ-ਯੂਕਰੇਨ ਜੰਗ ਨੂੰ ਫੰਡ ਦੇ ਰਿਹਾ ਹੈ, ਜਦੋਂ ਕਿ ਅਮਰੀਕਾ ਨੇ ਭਾਰਤ 'ਤੇ ਟੈਰਿਫ ਲਗਾਏ ਹਨ।'

ਇਹ ਸਮਝੌਤਾ ਅਜਿਹੇ ਸਮੇਂ ਹੋਇਆ ਹੈ, ਜਦੋਂ ਅਮਰੀਕਾ ਵੱਲੋਂ ਹੋਰ ਦੇਸ਼ਾਂ 'ਤੇ ਭਾਰੀ ਟੈਕਸ ਲਾਏ ਜਾਣ ਕਾਰਨ ਵਿਸ਼ਵ ਵਪਾਰ ਪ੍ਰਭਾਵਤ ਹੋ ਰਿਹਾ ਹੈ। ਭਾਰਤ ਨੂੰ ਕਈ ਉਤਪਾਦਾਂ 'ਤੇ 50 ਫੀਸਦੀ ਤੱਕ ਟੈਰਿਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਵੇਂ ਸਮਝੌਤੇ ਨਾਲ ਭਾਰਤ ਚੀਨ 'ਤੇ ਨਿਰਭਰਤਾ ਵੀ ਘਟਾ ਸਕੇਗਾ। ਇਸੇ ਤਰ੍ਹਾਂ, ਯੂਰਪੀ ਯੂਨੀਅਨ ਨੂੰ ਵੀ ਅਮਰੀਕੀ ਟੈਰਿਫ ਦੇ ਖਤਰੇ ਤੋਂ ਨਿਜਾਤ ਮਿਲ ਸਕਦੀ ਹੈ।

ਮੋਦੀ ਨੇ ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ ਵਪਾਰ ਸਮਝੌਤੇ ਨੂੰ ਇਤਿਹਾਸਕ ਮੀਲ ਪੱਥਰ ਅਤੇ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਵਿਚਕਾਰ ਸਹਿਯੋਗ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਇੰਡੀਆ ਐਨਰਜੀ ਵੀਕ ਦੇ ਚੌਥੇ ਐਡੀਸ਼ਨ ਦਾ ਵਰਚੁਅਲੀ ਉਦਘਾਟਨ ਕਰਦਿਆਂ ਕਿਹਾ ਕਿ ਇਹ ਇਤਿਹਾਸਕ ਸਮਝੌਤਾ ਭਾਰਤ ਦੇ 140 ਕਰੋੜ ਨਾਗਰਿਕਾਂ ਦੇ ਨਾਲ-ਨਾਲ ਯੂਰਪ ਭਰ ਦੇ ਲੱਖਾਂ ਲੋਕਾਂ ਲਈ ਵਿਸ਼ਾਲ ਮੌਕੇ ਖੋਲ੍ਹਣ ਦੀ ਉਮੀਦ ਹੈ। ਮੋਦੀ ਨੇ ਸਮਝੌਤੇ ਨੂੰ ਭਾਰਤ ਵੱਲੋਂ ਹੁਣ ਤੱਕ ਕੀਤੇ ਸਮਝੌਤਿਆਂ ਵਿੱਚੋਂ 'ਸਭ ਸੌਦਿਆਂ ਦੀ ਮਾਂ' ਕਰਾਰ ਦਿੱਤਾ ਹੈ।

## ਮੋਦੀ ਪਹਿਲੀ ਦੀ ਸ਼ਾਮ ਡੇਰਾ ਬੱਲਾਂ ਆਉਣਗੇ

**ਜਲੰਧਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲੀ ਫਰਵਰੀ ਨੂੰ ਲੋਕ ਸਭਾ ਵਿੱਚ ਆਮ ਬਜਟ ਪੇਸ਼ ਹੋਣ ਤੋਂ ਬਾਅਦ ਸ਼ਾਮੀਂ ਚਾਰ ਵਜੇ ਰਵਿਦਾਸ ਜੈਅੰਤੀ ਮੌਕੇ ਜਲੰਧਰ ਦੇ ਡੇਰਾ ਬੱਲਾਂ 'ਚ ਨਤਮਸਤਕ ਹੋਣਗੇ। ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਨੂੰ ਦੋ ਦਿਨ ਪਹਿਲਾਂ ਹੀ ਪਦਮਸ੍ਰੀ ਐਵਾਰਡ ਦੇਣ ਦਾ ਵੀ ਐਲਾਨ ਹੋਇਆ ਹੈ। ਮੋਦੀ ਦੇ ਦੌਰੇ ਦੀ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੁਸ਼ਟੀ ਕੀਤੀ ਹੈ।

ਡੇਰਾ ਬੱਲਾਂ ਦੇ ਵੱਡੀ ਗਿਣਤੀ ਵਿੱਚ ਪੈਰੋਕਾਰ ਹਨ ਅਤੇ ਦੁਆਬੇ ਵਿੱਚ ਵੱਡਾ ਆਧਾਰ ਵੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਫੇਰੀ ਦੇ ਸਿਆਸੀ ਮਾਅਨੇ ਵੀ ਹਨ, ਕਿਉਂਕਿ ਪੰਜਾਬ ਵਿਧਾਨ ਸਭਾ ਚੋਣਾਂ ਹੁਣ ਬਹੁਤਾ ਦੂਰ ਨਹੀਂ ਹਨ। ਪੰਜਾਬ 'ਚ 34 ਫੀਸਦੀ ਆਬਾਦੀ ਅਨੁਸੂਚਿਤ ਜਾਤੀਆਂ ਦੀ ਹੈ। ਭਾਜਪਾ ਪੰਜਾਬ 'ਚ ਐਤਕੀਂ ਇਕੱਲੇ ਤੌਰ 'ਤੇ ਚੋਣਾਂ ਲੜਨ ਦੇ ਰੌਂਅ ਵਿੱਚ ਹੈ। ਸਿਆਸੀ ਹਲਕੇ ਪ੍ਰਧਾਨ ਮੰਤਰੀ ਦੀ ਇਸ ਫੇਰੀ ਨੂੰ ਆਗਾਮੀ ਚੋਣਾਂ ਦੀ ਤਿਆਰੀ ਵਜੋਂ ਦੇਖ ਰਹੇ ਹਨ।

## ਕਾਰਨੀ ਭਾਰਤ ਦਾ ਦੌਰਾ ਕਰਨਗੇ

**ਓਟਵਾ** : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ, ਪਰ ਇਸ ਸੰਬੰਧੀ ਹਾਲੇ ਤਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ। ਕੈਨੇਡਾ ਦੀ ਭਾਰਤ ਨਾਲ ਇੱਕ ਵਿਆਪਕ ਆਰਥਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿੱਚ ਸ਼ੁਰੂ ਹੋਵੇਗੀ।

## ਸਮਝੌਤੇ ਤੋਂ ਬਾਅਦ ਭਾਰਤੀ ਕਾਰ ਕੰਪਨੀਆਂ ਦੇ ਸ਼ੇਅਰ ਡਿੱਗੇ

**ਨਵੀਂ ਦਿੱਲੀ** : ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ ਵਪਾਰ ਸਮਝੌਤੇ ਤੋਂ ਬਾਅਦ ਮਾਰੂਤੀ ਸੁਜ਼ੂਕੀ, ਮਹਿੰਦਰਾ ਐਂਡ ਮਹਿੰਦਰਾ ਅਤੇ ਹੁੰਡਈ ਮੋਟਰਜ਼ ਇੰਡੀਆ ਦੇ ਸ਼ੇਅਰ 5 ਫੀਸਦੀ ਤੱਕ ਡਿੱਗ ਗਏ। ਇਨ੍ਹਾਂ ਦੇ ਸ਼ੇਅਰਾਂ ਵਿੱਚ ਇਹ ਤੇਜ਼ ਗਿਰਾਵਟ ਇਸ ਲਈ ਆਈ ਹੈ, ਕਿਉਂਕਿ ਸਮਝੌਤੇ ਦੇ ਤਹਿਤ ਯੂਰਪ ਤੋਂ ਆਉਣ ਵਾਲੀਆਂ ਕਾਰਾਂ 'ਤੇ ਟੈਰਿਫ ਵਿੱਚ ਕਟੌਤੀ ਹੋਣ ਜਾ ਰਹੀ ਹੈ। ਵਿਦੇਸ਼ਾਂ ਤੋਂ ਆਉਣ ਵਾਲੀਆਂ ਮਹਿੰਗੀਆਂ ਕਾਰਾਂ ਦੀਆਂ ਕੀਮਤਾਂ ਘਟ ਜਾਣਗੀਆਂ, ਜੋ ਕਿ ਸਵਦੇਸ਼ੀ (ਭਾਰਤੀ) ਕਾਰ ਨਿਰਮਾਤਾ ਕੰਪਨੀਆਂ ਲਈ ਇੱਕ ਵੱਡਾ ਝਟਕਾ ਸਾਬਤ ਹੋ ਸਕਦੀਆਂ ਹਨ।

## ਗੋਲਡੀ ਬਰਾੜ ਦੇ ਮਾਪੇ ਗ੍ਰਿਫਤਾਰ

**ਮੁਕਤਸਰ** : ਗੈਂਗਸਟਰ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ ਦੇ ਮਾਪਿਆਂ ਨੂੰ ਪੁਲਸ ਨੇ ਜਬਰਨ ਵਸੂਲੀ ਦੇ 2024 ਦੇ ਮਾਮਲੇ ਵਿੱਚ ਸੋਮਵਾਰ ਗ੍ਰਿਫਤਾਰ ਕਰ ਲਿਆ। ਸਦਰ ਥਾਣੇ ਦੇ ਐੱਸ ਐੱਚ ਓ ਦਰਸ਼ਨ ਸਿੰਘ ਨੇ ਦੱਸਿਆ ਕਿ ਗੋਲਡੀ ਬਰਾੜ ਦੇ ਪਿਤਾ ਅਤੇ ਮਾਤਾ ਨੂੰ ਅੰਮ੍ਰਿਤਸਰ ਤੋਂ ਉਦੇਕਰਨ ਪਿੰਡ ਦੇ ਇੱਕ ਵਸਨੀਕ ਦੇ ਬਿਆਨ 'ਤੇ ਦਰਜ ਜਬਰਨ ਵਸੂਲੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਇੱਥੇ ਕੋਟਕਪੂਰਾ ਰੋਡ ਸਥਿਤ ਆਦੇਸ਼ ਨਗਰ ਦੇ ਰਹਿਣ ਵਾਲੇ ਹਨ ਅਤੇ ਇਹ ਪਰਵਾਰ ਅਸਲ ਵਿੱਚ ਫਰੀਦਕੋਟ ਜ਼ਿਲ੍ਹੇ ਨਾਲ ਸੰਬੰਧਤ ਹੈ। ਏ ਐੱਸ ਆਈ ਰਹੇ ਸ਼ਮਸ਼ੇਰ ਸਿੰਘ ਨੂੰ ਮੁਕਤਸਰ ਜ਼ਿਲ੍ਹੇ ਵਿੱਚ ਇੱਕ ਕਤਲ ਦੇ ਕੇਸ ਵਿੱਚ ਕਥਿਤ ਸ਼ਮੂਲੀਅਤ ਸਾਹਮਣੇ ਆਉਣ ਤੋਂ ਬਾਅਦ 2021 ਵਿੱਚ ਸੇਵਾਮੁਕਤ ਕਰ ਦਿੱਤਾ ਗਿਆ ਸੀ। ਇਸ਼ਤਿਹਾਰੀ ਭਗੌੜਾ ਗੋਲਡੀ 2022 ਵਿੱਚ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਮੁਲਜ਼ਮਾਂ ਵਿੱਚੋਂ ਇੱਕ ਹੈ। ਕੌਮੀ ਜਾਂਚ ਏਜੰਸੀ (ਐੱਨ ਆਈ ਏ) ਵੱਲੋਂ 2024 ਵਿੱਚ ਜਾਰੀ ਕੀਤੇ ਗਏ ਇੱਕ ਜਨਤਕ ਨੋਟਿਸ ਅਨੁਸਾਰ ਗੋਲਡੀ ਦੇ ਕੈਨੇਡਾ ਜਾਂ ਅਮਰੀਕਾ ਵਿੱਚ ਹੋਣ ਦਾ ਸ਼ੱਕ ਹੈ ਅਤੇ ਉਹ 2017 ਵਿੱਚ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਗਿਆ ਸੀ। ਗੋਲਡੀ ਪਹਿਲਾਂ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਸੀ, ਪਰ ਖਬਰਾਂ ਮੁਤਾਬਕ ਪਿਛਲੇ ਸਾਲ ਉਸ ਤੋਂ ਵੱਖ ਹੋ ਗਿਆ ਸੀ। ਸਾਲ 2024 ਵਿੱਚ, ਕੇਂਦਰੀ ਗ੍ਰਹਿ ਮੰਤਰਾਲੇ ਨੇ ਗੋਲਡੀ ਨੂੰ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ ਏ ਪੀ ਏ) ਦੇ ਤਹਿਤ 'ਵਿਅਕਤੀਗਤ ਦਹਿਸ਼ਤਗਰਦ' ਐਲਾਨਿਆ ਸੀ।

## ਹੜਤਾਲ ਕਾਰਨ ਬੈਂਕਾਂ ਦਾ ਕੰਮਕਾਜ ਪ੍ਰਭਾਵਤ

**ਚੰਡੀਗੜ੍ਹ** : ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨਜ਼ ਵੱਲੋਂ ਪੰਜ ਦਿਨਾਂ ਦੇ ਕੰਮਕਾਜੀ ਹਫਤੇ ਨੂੰ ਤੁਰੰਤ ਲਾਗੂ ਕਰਨ ਲਈ ਦਬਾਅ ਪਾਉਣ ਵਾਸਤੇ ਮੰਗਲਵਾਰ ਕੀਤੀ ਗਈ ਦੇਸ਼ਵਿਆਪੀ ਹੜਤਾਲ ਕਾਰਨ ਜਨਤਕ ਖੇਤਰ ਦੇ ਬੈਂਕਾਂ ਦਾ ਕੰਮਕਾਜ ਪ੍ਰਭਾਵਤ ਹੋਇਆ। ਆਲ ਇੰਡੀਆ ਬੈਂਕ ਆਫੀਸਰਜ਼ ਕਨਫੈਡਰੇਸ਼ਨ ਸਣੇ ਦੇਸ਼ ਦੀਆਂ ਨੌਂ ਬੈਂਕ ਮੁਲਾਜ਼ਮ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਕਨਫੈਡਰੇਸ਼ਨ ਦੇ ਸੀਨੀਅਰ ਆਗੂ ਰਾਜੀਵ ਸਰਹੰਦੀ ਨੇ ਕਿਹਾ ਕਿ 23 ਜਨਵਰੀ ਨੂੰ ਮੁੱਖ ਕਿਰਤ ਕਮਿਸ਼ਨਰ ਨਾਲ ਮੀਟਿੰਗ ਬੇਨਤੀਜਾ ਰਹਿਣ ਕਾਰਨ ਹੜਤਾਲ ਕੀਤੀ ਗਈ। ਬੈਂਕਿੰਗ ਖੇਤਰ ਨਾਲ ਸੰਬੰਧਤ 8 ਲੱਖ ਕਾਮੇ ਹੜਤਾਲ 'ਤੇ ਰਹੇ।

## ਗੜਿਆਂ ਨਾਲ ਸਬਜ਼ੀਆਂ ਦਾ ਭਾਰੀ ਨੁਕਸਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਪੰਜਾਬ ਦੇ ਕਈ ਹਿੱਸਿਆਂ ਵਿੱਚ ਹੋਈ ਭਾਰੀ ਬਾਰਿਸ਼ ਅਤੇ ਗੜੇਮਾਰੀ ਕਾਰਨ ਕਣਕ ਤੇ ਹੋਰ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪਟਿਆਲ਼ਾ ਜ਼ਿਲ੍ਹੇ ਵਿੱਚ ਕਣਕ ਅਤੇ ਹਰੀਆਂ ਸਬਜ਼ੀਆਂ ਟਮਾਟਰ, ਮਟਰ ਆਦਿ ਦਾ ਭਾਰੀ ਨੁਕਸਾਨ ਹੋਇਆ ਹੈ।

ਪਟਿਆਲ਼ਾ ਨੇੜਲੇ ਸਨੌਰ ਅਤੇ ਹੋਰ ਪਿੰਡਾਂ ਆਕੜੀ ਅਤੇ ਹੋਰ ਹਲਕੇ ਵਿਚ ਬਾਰਿਸ਼ ਅਤੇ ਗੜ੍ਹੇਮਾਰੀ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਇਸ ਗੜ੍ਹੇਮਾਰੀ ਨਾਲ ਹਾੜ੍ਹੀ ਦੀਆਂ ਫਸਲਾਂ ਦਾ ਕਾਫੀ ਵੱਡੇ ਪੱਧਰ 'ਤੇ ਨੁਕਸਾਨ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਕਿਸਾਨਾਂ ਦਾ ਕਹਿਣਾ ਹੈ ਕਿ ਕਈ ਥਾਵਾਂ 'ਤੇ ਕਣਕ ਦੀ ਫ਼ਸਲ ਦੀਆਂ ਬੱਲੀਆਂ ਟੁੱਟ ਗਈਆਂ ਹਨ ਅਤੇ ਸਰ੍ਹੋਂ ਜੋ ਲਗਭਗ ਤਿਆਰ ਹੈ, ਦਾ ਭਾਰੀ ਨੁਕਸਾਨ ਹੋਇਆ ਹੈ।

ਸੰਗਰੂਰ, ਬਰਨਾਲਾ, ਲੁਧਿਆਣਾ ਅਤੇ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਗੜੇਮਾਰੀ ਹੋਈ। ਕਈ ਸ਼ਹਿਰਾਂ ਵਿੱਚ ਸੜਕਾਂ 'ਤੇ ਸਫੈਦ ਚਾਦਰ ਵਿਛ ਗਈ। ਮੌਸਮ ਵਿਗਿਆਨੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ 28 ਤਰੀਕ ਸਵੇਰੇ ਵੀ ਮੌਸਮ ਖਰਾਬ ਰਹਿਣ ਦੀ ਸੰਭਾਵਨਾ ਹੈ।



ਸ੍ਰੀਨਗਰ ਦੇ ਲਾਲ ਚੌਕ 'ਚ ਬਰਫ਼ਬਾਰੀ ਦਾ ਆਨੰਦ ਲੈਂਦੇ ਸੈਲਾਨੀ।

## ਹੁਣ ਨਸ਼ਿਆਂ ਦੇ ਖ਼ਤਰੇ ਦੀ ਰੀੜ੍ਹ 'ਤੇ ਵੱਡਾ ਹਮਲਾ ਕਰਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਦੂਜਾ ਪੜਾਅ ਨਸ਼ਿਆਂ ਦੀ ਸਮੱਸਿਆ ਦੀ ਰੀੜ੍ਹ 'ਤੇ ਹਮਲਾ ਕਰਨ ਲਈ ਤਿਆਰ ਹੈ ਅਤੇ ਸੂਬਾ ਸਰਕਾਰ ਪਿੰਡ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕਰਕੇ ਤੇ ਪੰਜਾਬ ਭਰ ਵਿੱਚ ਜਨਤਕ ਭਾਗੀਦਾਰੀ ਵਧਾ ਕੇ ਨਸ਼ਿਆਂ ਵਿਰੁੱਧ ਆਪਣੀ ਹੁਣ ਤੱਕ ਦੀ ਸਭ ਤੋਂ ਜ਼ੋਰਦਾਰ ਜਨਤਕ ਮੁਹਿੰਮ ਨੂੰ ਤੇਜ਼ ਕਰਨ ਦੀ ਤਿਆਰੀ ਕਰ ਰਹੀ ਹੈ।

'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਦੀ ਤਰੱਕੀ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਦੇ ਐਲਾਨ ਕੀਤਾ ਕਿ ਅਗਲੇ ਮਹੀਨੇ ਵਿਲੇਜ ਡਿਫੈਂਸ ਕਮੇਟੀਆਂ (ਵੀ ਡੀ ਸੀਜ਼) ਦੀ ਵੱਡੀ ਸੂਬਾ ਪੱਧਰੀ ਮੀਟਿੰਗ ਕੀਤੀ ਜਾਵੇਗੀ ਤਾਂ ਕਿ ਮੁਹਿੰਮ ਨੂੰ ਨਵੀਂ ਗਤੀ ਤੇ ਦਿਸ਼ਾ ਦਿੱਤੀ ਜਾ ਸਕੇ, ਜੋ ਕਿ ਸਰਕਾਰ ਦੇ ਨਸ਼ਾ ਵਿਰੋਧੀ ਮੁਹਿੰਮ ਨੂੰ ਲੋਕ-ਅਗਵਾਈ ਵਾਲੀ ਲਹਿਰ ਵਿੱਚ ਬਦਲਣ ਦੇ ਇਰਾਦੇ ਦਾ ਸੰਕੇਤ ਹੈ।ਦੂਜੇ ਪੜਾਅ ਨੂੰ ਲਾਗੂ ਕਰਨ ਦੀ ਸਮੀਖਿਆ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮਾਨ ਨੇ ਕਿਹਾ, ਨਸ਼ੇ ਵਿਸ਼ਵਵਿਆਪੀ ਵਰਤਾਰਾ ਹੈ, ਪਰ ਦੁਨੀਆ ਭਰ ਵਿੱਚ ਕਿਤੇ ਵੀ ਇਸ ਬੁਰਾਈ ਵਿਰੁੱਧ ਜੰਗ ਇੰਨੇ ਜ਼ੋਰਦਾਰ ਢੰਗ ਨਾਲ ਸ਼ੁਰੂ ਨਹੀਂ ਕੀਤੀ ਗਈ ਹੈ। ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿਲੇਜ ਡਿਫੈਂਸ ਕਮੇਟੀਆਂ (ਵੀ ਡੀ ਸੀਜ਼) ਦੇ ਰੂਪ ਵਿੱਚ 'ਪਿੰਡਾਂ ਦੇ ਪਹਿਰੇਦਾਰ' ਦੀ 1.50 ਲੱਖ ਮੈਂਬਰਾਂ ਵਾਲੀ ਮਜ਼ਬੂਤ ਟੀਮ ਦਾ ਗਠਨ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਸ ਮੁਹਿੰਮ ਨੂੰ ਅੱਗੇ ਵਧਾਉਣ

• ਬਾਕੀ ਸਫਾ 2 'ਤੇ

## 11 ਕੈਡਿਟ ਦੀ ਰੱਖਿਆ ਸਿਖਲਾਈ ਅਕੈਡਮੀਆਂ ਲਈ ਚੋਣ

**ਚੰਡੀਗੜ੍ਹ (ਗੁਰਜੀਤ ਬਿੱਲਾ)**




ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐੱਸ ਏ ਐੱਸ ਨਗਰ ਦੇ 11 ਕੈਡਿਟਾਂ ਨੇ ਪਿਛਲੇ ਇੱਕ ਮਹੀਨੇ ਦੌਰਾਨ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐੱਨ ਡੀ ਏ) ਅਤੇ ਹੋਰ ਪ੍ਰਮੁੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਦਾਖਲਾ ਪ੍ਰਾਪਤ ਕੀਤਾ ਹੈ।

ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰਾਪਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾ ਕਿਹਾ ਕਿ ਇਸ ਸੰਸਥਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 289 ਕੈਡੇਟ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਸ਼ਾਮਲ ਹੋਏ ਹਨ।

ਅਰੋੜਾ ਨੇ ਕਿਹਾ ਕਿ ਅੱਠ ਕੈਡਿਟਾਂ ਨੇ ਐੱਨ ਡੀ ਏ ਦੇ 155ਵੇਂ ਕੋਰਸ ਲਈ ਚੋਣ ਹੋਈ ਹੈ, ਜਿਨ੍ਹਾਂ ਵਿੱਚ ਲੁਧਿਆਣਾ ਤੋਂ ਵਿਸ਼ਵਰੂਪ ਸਿੰਘ ਗਰੇਵਾਲ ਅਤੇ ਭਾਸਕਰ ਜੈਨ, ਪਟਿਆਲਾ ਤੋਂ ਅਪਾਰਦੀਪ ਸਿੰਘ ਸਾਹਨੀ, ਪਠਾਨਕੋਟ ਤੋਂ ਪਰਮਦੀਪ ਸਿੰਘ, ਬਠਿੰਡਾ ਤੋਂ ਰੇਹਾਨ ਯਾਦਵ, ਸੰਗਰੂਰ ਤੋਂ ਸੁਖਪ੍ਰੀਤ ਸਿੰਘ, ਜਲੰਧਰ ਤੋਂ ਪ੍ਰਿੰਸ ਕੁਮਾਰ ਦੂਬੇ ਅਤੇ ਸ਼ੌਰਿਆ ਵਰਧਨ ਸਿੰਘ ਸ਼ਾਮਲ ਹਨ। ਰੋਪੜ ਜ਼ਿਲ੍ਹੇ

• ਬਾਕੀ ਸਫਾ 2 'ਤੇ

## ਰੰਗਦਾਰ ਵਿਸ਼ੇਸ਼ ਸਪਲੀਮੈਂਟ



**ਬਲਾਚੌਰ** ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਮੌਕੇ ਵਿਸ਼ੇਸ਼ ਸਪਲੀਮੈਂਟ 2 ਫਰਵਰੀ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਜਸਵਿੰਦਰ ਬੈਂਸ** ਨਾਲ ਮੋਬਾਇਲ ਨੰਬਰ 94655-88955 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਅੱਜ-ਨਾਮਾ

ਗਣਤੰਤਰ ਦਿਵਸ 'ਤੇ ਲੜੇ ਸਨ ਦੋ ਨੇਤਾ,
ਰਿਸ਼ਵਤਖੋਰੀ ਦੇ ਦੋਸ਼ ਕਈ ਲਾਏ ਬੇਲੀ।
ਪੱਗੋ-ਹੱਥੀ ਫਿਰ ਦਿੱਸਿਆ ਹੋਣਗੇ ਇਹ,
ਮੁਸ਼ਕਲ ਨਾਲ ਸਨ ਲੋਕਾਂ ਛੁਡਾਏ ਬੇਲੀ।
ਸਭ ਦੇ ਹੱਥ ਵਿੱਚ ਜਦੋਂ ਮੋਬਾਈਲ ਹੋਵੇ,
ਵੀਡੀਓ ਲੋਕਾਂ ਫਿਰ ਕਈ ਬਣਾਏ ਬੇਲੀ।
ਚਰਚਾ ਇਹਦੀ ਚੁਫੇਰੇ ਫਿਰ ਸ਼ੁਰੂ ਹੋਈ,
ਦੋਵੇਂ ਨਜ਼ਰ ਨਹੀਂ ਫੇਰ ਸੀ ਆਏ ਬੇਲੀ।
ਅਗਲਾ ਕੰਮ ਪ੍ਰਸ਼ਾਸਨ ਦੇ ਕਰਨ ਵਾਲਾ,
ਜੋੜੀ ਸੁੱਕੀ ਨਹੀਂ ਛੱਡਣੀ ਚਾਹੀਦੀ ਜੀ।
ਆਵੇ ਅਕਲ ਫਿਰ ਹੋਰਨਾਂ ਆਗੂਆਂ ਨੂੰ,
ਸ਼ਰਮ ਬੰਦੇ ਨੂੰ ਕਿੰਨੀ ਆ ਚਾਹੀਦੀ ਜੀ।

-ਤੀਸ ਮਾਰ ਖਾਂ

## ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਤੋੜਨ ਦੇ ਦੋਸ਼ੀਆਂ 'ਤੇ ਤੁਰੰਤ ਕਾਰਵਾਈ ਕਰੋ : ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ** : ਮਹਾਨ ਪੰਜਾਬੀ ਸੂਫ਼ੀ, ਕਵੀ, ਸੰਤ ਦਰਵੇਸ਼, ਮਨੁੱਖੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਵਾਲੇ, ਹਨੇਰੀਆਂ ਤਾਕਤਾਂ ਦੇ ਖਿਲਾਫ਼ ਲਟ-ਲਟ ਬਲਦੀ ਮਸ਼ਾਲ, ਬਾਬਾ ਬੁੱਲੇ ਸ਼ਾਹ ਹੁਰਾਂ ਦੀ ਮੰਸੂਰੀ (ਉਤਰਾਖੰਡ) ਵਿੱਚ ਬਣੀ ਮਜ਼ਾਰ ਨੂੰ ਅਜੋਕੀ ਧਾਰਮਿਕ ਫਿਰਕਾਪ੍ਰਸਤ ਭਗਵੀਂ ਵਿਚਾਰਧਾਰਾ ਨੂੰ ਮੰਨਣ ਵਾਲੇ ਤੱਤਾਂ ਦੁਆਰਾ ਤੋੜ ਦਿੱਤੇ ਜਾਣ ਦੀ ਸਖ਼ਤ ਆਲੋਚਨਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਇਸ ਫਿਰਕੂ ਨਫ਼ਰਤੀ ਅਤੇ ਭਾਈਚਾਰਕ ਸਾਂਝ ਵਿੱਚ ਜ਼ਹਿਰ ਘੋਲ਼ ਕੇ ਸੌੜੇ ਰਾਜਨੀਤਕ ਮੰਤਵਾਂ ਦੀ ਫ਼ਸਲ ਤਿਆਰ ਕਰਨ ਵਾਲੀ ਹਰਕਤ ਕਰਨ ਵਾਲੇ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਨੇ ਆਪਣੇ ਬਿਆਨ ਵਿੱਚ ਸਰਕਾਰ, ਸਿਵਲ ਅਤੇ ਪੁਲਸ ਪ੍ਰਸ਼ਾਸਨ ਦੀ ਭੂਮਿਕਾ ਦੀ ਸਖ਼ਤ ਨਿੰਦਾ ਕੀਤੀ ਹੈ, ਕਿਉਂਕਿ ਹਿੰਦੂ ਰੱਖਿਆ ਦਲ ਉਤਰਾਖੰਡ ਦੇ ਸੂਬਾ ਮੁਖੀ ਲਲਿਤ ਸ਼ਰਮਾ ਨੇ ਪੂਰੀ ਬੇਹਯਾਈ ਨਾਲ਼ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਹੈ ਕਿ ਇਹ ਦੇਵ ਨਗਰੀ ਹੈ, ਬਾਬਾ ਬੁੱਲੇ ਸ਼ਾਹ ਦੀ ਕਬਰ ਪਾਕਿਸਤਾਨ ਵਿੱਚ ਹੈ, ਇਸ ਕਰਕੇ ਉਸ ਦੀ ਇੱਥੇ ਮਜ਼ਾਰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਏਗੀ। ਉਸ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਮਜ਼ਾਰ ਸਿਰਫ਼ ਸੌ ਸਾਲ ਪਹਿਲਾਂ ਬਣੀ ਸੀ, ਜਦ ਕਿ ਸਨਾਤਨ ਧਰਮ ਹਜ਼ਾਰ ਸਾਲ ਪੁਰਾਣਾ ਹੈ ਇਸ ਕਰਕੇ ਅਸੀਂ ਪਹਿਲਾਂ ਹੀ ਸ਼ਰੇਆਮ ਚਿਤਾਵਨੀ ਦੇ ਦਿੱਤੀ ਸੀ ਕਿ ਅਸੀਂ ਇਸ ਮਜ਼ਾਰ ਨੂੰ ਤੋੜਾਂਗੇ ਹੁਣ ਅਸੀਂ ਇਸ ਨੂੰ ਤੋੜਨ ਦੀ ਜ਼ਿੰਮੇਵਾਰੀ ਲੈਂਦੇ ਹੋਏ ਇਹ ਵੀ ਸਾਫ਼ ਕਰਨਾ ਚਾਹੁੰਦੇ ਹਾਂ ਕਿ ਕਿਸੇ ਨਿੱਜੀ ਜ਼ਮੀਨ ਤੇ ਵੀ ਕੋਈ ਅਜੇਹੇ ਗ਼ਲਤ ਕੰਮ ਨਹੀਂ ਕਰ ਸਕਦਾ।

ਕਮੇਟੀ ਦੇ ਆਗੂਆਂ ਸਾਂਝੇ ਬਿਆਨ ਵਿੱਚ ਕਿਹਾ ਕਿ ਮਹਾਨ ਬਾਬਾ ਬੁੱਲ੍ਹੇ ਸ਼ਾਹ ਦੀ ਵਿਚਾਰਧਾਰਾ ਉਸ ਵਕਤ ਵੀ ਅਤੇ ਹੁਣ ਵੀ ਧਾਰਮਿਕ ਕੱਟੜਪੁਣੇ, ਫਿਰਕਾਪ੍ਰਸਤੀ , ਅੰਧਵਿਸ਼ਵਾਸ਼ਾਂ ਨੂੰ ਚੁਣੌਤੀ ਦਿੰਦੀ ਰਹੀ ਸੀ, ਅਤੇ ਅੱਜ ਵੀ ਦੇ ਰਹੀ ਹੈ। ਧਾਰਮਿਕ ਕੱਟੜਪੰਥੀ ਕੁਝ ਲੋਕ ਉਸ ਸਮੇਂ ਵੀ ਬੁੱਲੇ ਸ਼ਾਹ ਦੇ ਵਿਚਾਰਾਂ ਦੀ ਸਮਾਜ ਅੰਦਰ ਨਵੀਂ ਚੇਤਨਾ ਦਾ ਚਾਨਣ ਵੰਡਣ ਵਾਲੀ ਵਿਚਾਰਧਾਰਾ ਤੋਂ ਭੈਅ ਭੀਤ ਸਨ ਅਤੇ ਅੱਜ ਵੀ ਉਸ ਸੌੜੀ ਸੋਚ ਦੇ ਰਾਜਨੀਤਿਕ ਮੰਤਵਾਂ ਨੂੰ ਪ੍ਰਨਾਏ ਤੱਤਾਂ ਨੇ ਵਿਚਾਰਾਂ ਦਾ ਸੰਵਾਦ ਰਚਣ ਦੀ ਬਜਾਏ ਫਿਰਕੂ ਫਾਸ਼ੀ ਹੱਲੇ ਦਾ ਰਾਹ ਚੁਣਿਆ ਹੋਇਆ ਹੈ ਕਿਉਂਕਿ ਉਹਨਾਂ ਨੂੰ ਨੰਗਾ ਚਿੱਟਾ ਥਾਪੜਾ ਹੈ। ਮੁਲਕ ਦੇ ਵੱਖ-ਵੱਖ ਖਿੱਤਿਆਂ ਵਿੱਚ ਫਿਰਕੂ ਫਾਸ਼ੀ ਝੱਖੜ ਝੁਲਾਉਣ ਲਈ ਹਰ ਪਲ ਹਰ ਕੋਝਾ ਕਾਰਾ ਕਰਨ ਤੇ ਲੱਗੀ ਰਹਿੰਦੀ ਭਾਜਪਾ ਹਕੂਮਤ ਤੋਂ। ਉਹਨਾਂ ਕਿਹਾ ਕਿ ਮਜ਼ਾਰ ਤੋੜਨ ਵਾਲੇ ਤੱਤ ਬਾਬਾ ਬੁੱਲ੍ਹੇ ਸ਼ਾਹ ਦੇ ਵਿਚਾਰਾਂ ਤੋਂ ਭੈਅ ਖਾਂਦੇ ਹਨ।

ਕਮੇਟੀ ਦਾ ਕਹਿਣਾ ਹੈ ਕਿ ਬਾਬਾ ਬੁੱਲ੍ਹੇ ਸ਼ਾਹ ਗ਼ਦਰ ਪਾਰਟੀ ਦੀ ਬਹੁਤ ਹੀ ਮਹਾਨ ਸਾਂਝੀ ਵਿਰਾਸਤ ਦੇ ਅਨਮੋਲ ਹੀਰੇ ਹਨ। ਉਹ ਸਾਡੇ ਲੋਕਾਂ ਦੀ ਹਰ ਧੜਕਨ ਵਿੱਚ 100 ਵਰ੍ਹੇ ਬਾਅਦ ਅੱਜ ਹੋਰ ਵੀ ਵਧੇਰੇ ਪ੍ਰਸੰਗਿਕ ਅਤੇ ਪ੍ਰੇਰਨਾਦਾਇਕ ਹਨ। ਕਮੇਟੀ ਨੇ ਸਾਫ਼ ਅਤੇ ਸਪੱਸ਼ਟ ਤੌਰ 'ਤੇ ਕਿਹਾ ਕਿ ਬਾਬਾ ਬੁੱਲ੍ਹੇ ਸ਼ਾਹ ਦੇ ਸਮੇਂ ਵੀ ਨਫ਼ਰਤੀ ਟੋਲਿਆਂ ਨੇ ਬਾਬੇ ਦੇ ਖ਼ਿਲਾਫ਼ ਫ਼ਤਵੇ ਦਿੱਤੇ, ਦਫ਼ਨ ਕਰਨ ਵੇਲੇ ਵੀ ਵਾ-ਵਾਵੇਲਾ ਮਚਾਇਆ, ਅੱਜ ਉਨ੍ਹਾਂ ਫਿਰਕਾਪ੍ਰਸਤ ਟੋਲਿਆਂ ਨੂੰ ਕੋਈ ਨਹੀਂ ਜਾਣਦਾ, ਇਤਿਹਾਸ ਨੇ ਇਨ੍ਹਾਂ ਨੂੰ ਵੀ ਇੱਕ ਦਿਨ ਕੂੜੇਦਾਨ ਵਿੱਚ ਵਗਾਹ ਮਾਰਨਾ ਹੈ।

ਕਮੇਟੀ ਨੇ ਕਿਹਾ ਕਿ ਸਾਂਝੇ ਪੰਜਾਬ ਦਾ ਬਾਬਾ ਸਾਂਝੀ ਧਰਤੀ 'ਤੇ ਅੱਜ ਵੀ ਨੱਚਦਾ, ਗਾਉਂਦਾ ਹੋਇਆ ਸੁਣਾਈ ਦਿੰਦਾ ਹੈ। ਦੇਸੀ-ਬਦੇਸ਼ੀ ਟੋਲਿਆਂ ਨੇ ਆਪਣੇ ਲੰਮੇ ਅਰਸੇ ਦੇ ਮੰਤਵਾਂ ਦੀ ਪੂਰਤੀ ਲਈ ਨਫ਼ਰਤੀ ਤੰਦੂਰ ਤਪਦਾ ਰੱਖਣ ਲਈ ਸਾਂਝੇ ਪੰਜਾਬ ਦੇ ਦਿਲ ਦੇ ਭਾਵੇਂ ਦੋ ਟੋਟੇ ਕਰਨ ਲਈ ਸਰਹੱਦੀ ਕੰਡਿਆਲੀ ਤਾਰ ਖਿੱਚ ਦਿੱਤੀ, ਪਰ ਲਹੂ-ਲੁਹਾਨ ਹੋਏ ਪੰਜਾਬ ਦੀ ਖੁਸ਼ਬੂਦਾਰ ਇਤਿਹਾਸਕ ਵਿਰਾਸਤ ਨੂੰ ਲੋਕਾਂ ਦੇ ਦਿਲਾਂ ਵਿਚੋਂ ਵੰਡਿਆ ਨਹੀਂ ਜਾ ਸਕਿਆ, ਸਗੋਂ ਦਿਨੋਂ ਦਿਨ ਆਪਣੀ ਸਾਂਝ ਨੂੰ ਚੇਤਿਆਂ ਦੇ ਝਰੋਖੇ ਵਿੱਚ ਤਾਜ਼ੀ ਹਵਾ ਦੇ ਬੁੱਲੇ ਦਿੰਦੇ ਰਹਿੰਦੇ ਹਨ।ਉਹਨਾ ਕਿਹਾ ਲੋਕ ਅੱਜ ਵੀ ਮੰਸੂਰੀ ਮਜ਼ਾਰ 'ਤੇ ਵਹੀਰਾਂ ਘੱਤ ਕੇ ਆਉਂਦੇ ਹਨ। ਸਾਡੇ ਮੁਲਕ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਬਾਬਾ ਬੁੱਲ੍ਹੇ ਸ਼ਾਹ ਤੇ ਭਰਵੀਂ ਅਤੇ ਅਮੁੱਲੀ ਖੋਜ ਹੋਈ ਹੈ।

ਜ਼ਿਕਰਯੋਗ ਹੈ ਕਿ ਬਾਬਾ ਬੁੱਲ੍ਹੇ ਸ਼ਾਹ ਦੀ ਜੀਵਨ ਗਾਥਾ ਨੂੰ ਅਜੋਕਾ ਥਿਏਟਰ ਲਾਹੌਰ ਵੱਲੋਂ ਮਦੀਹਾ ਗ਼ੌਹਰ ਦੀ ਨਿਰਦੇਸ਼ਨਾ ਵਿੱਚ ਖੇਡਿਆ ਨਾਟਕ 'ਬੁੱਲਾ' ਅੱਜ ਵੀ ਅਨੇਕਾਂ ਥਾਵਾਂ 'ਤੇ ਅਤੇ ਗ਼ਦਰੀ ਬਾਬਿਆਂ ਦੇ ਮੇਲੇ ਤੇ ਵੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵੀ ਸ਼ਹੀਦ ਭਗਤ ਸਿੰਘ ਖੁੱਲ੍ਹੇ ਆਡੀਟੋਰੀਅਮ ਵਿੱਚ ਖੇਡਿਆ ਗਿਆ।ਇਸ ਮੰਚਣ ਮੌਕੇ ਮਦੀਹਾ ਗੌਹਰ ਅਤੇ ਗੁਰਸ਼ਰਨ ਭਾਅ ਜੀ ਨੇ ਸਾਹਮਣੇ ਇਕੱਠਿਆਂ ਬੈਠ ਕੇ ਨਾਟਕ ਦਾ ਆਨੰਦ ਮਾਣਿਆ ਅਤੇ ਖਚਾਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜ ਵਿੱਚ ਅਜੋਕਾ ਥੀਏਟਰ ਦੀ ਪੂਰੀ ਟੀਮ ਦਾ ਹਾਰਦਿਕ ਧੰਨਵਾਦ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਦੀਆਂ ਸਮੂਹ ਸਾਹਿਤ ਅਤੇ ਕਲਾ ਜਗਤ ਨਾਲ਼ ਜੁੜੀਆਂ ਸੰਸਥਾਵਾਂ, ਯੂਨੀਵਰਸਿਟੀਆਂ, ਵਕੀਲਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ, ਵਿਦਿਅਕ ਅਦਾਰਿਆਂ ਅਤੇ ਵਿਦਿਆਰਥੀ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਕਮੇਟੀ ਦੇ ਸੱਦੇ ਤੇ ਪੰਜਾਬ ਭਰ ਵਿੱਚ ਹਰ ਸੰਭਵ ਢੰਗ ਨਾਲ ਇਸ ਫਿਰਕੂ ਫਾਸ਼ੀ ਹੱਲੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਨਹੀਂ ਤਾਂ ਇਹ ਫਾਸ਼ੀ ਬਿਰਤੀ 'ਚ ਗ੍ਰਸੇ ਟੋਲਿਆਂ ਵੱਲੋਂ ਪੰਜਾਬ ਦੀਆਂ ਵਿਰਾਸਤੀ ਯਾਦਗਾਰਾਂ ਅਤੇ ਸਮਾਗਮਾਂ ਵਿੱਚ ਵੀ ਖਲਲ ਪਾਉਣ ਦੇ ਹੱਲੇ ਕਰਨ ਲਈ ਹੌਸਲੇ ਵਧਣਗੇ, ਕਿਉਂਕਿ ਉਹਨਾਂ ਨੂੰ ਹਕੂਮਤੀ ਗਲਿਆਰਿਆਂ ਦੀ ਯੋਜਨਾਬੱਧ ਸਰਪ੍ਰਸਤੀ ਮਿਲੀ ਹੋਈ ਹੈ।

CMYK

# ਵੱਖ-ਵੱਖ ਥਾਈਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ













**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀ. ਸੈਕੰ. ਸਕੂਲ ਹਰੀ ਨੌ ਵਿਖੇ ਐੱਨ. ਐੱਸ. ਐੱਸ. ਯੂਨਿਟ ਵੱਲੋਂ ਗਣਤੰਤਰ ਦਿਵਸ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਐੱਨ. ਐੱਸ. ਐੱਸ.




ਪ੍ਰੋਗਰਾਮ ਅਫਸਰ ਸ੍ਰੀਮਤੀ ਸ਼ਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਡੇ ਦੇਸ਼ ਦਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ।ਡਾ. ਬੀ ਆਰ ਅੰਬੇਡਕਰ ਦੀ ਅਣਥਕ ਮਿਹਨਤ ਨਾਲ ਸਾਡੇ ਦੇਸ਼ ਦੇ ਆਪਣੇ ਕਾਇਦੇ ਕਾਨੂੰਨ ਬਣ ਕੇ ਤਿਆਰ ਹੋਏ ਸਨ।ਇਸ ਉਪਰੰਤ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰ. ਬਲਜੀਤ ਸਿੰਘ ਨੇ ਦੱਸਿਆ ਕਿ 26 ਜਨਵਰੀ ਦਾ ਬੜਾ ਇਤਿਹਾਸਕ ਮਹੱਤਵ ਹੈ।ਸਾਡੇ ਦੇਸ਼ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ 26 ਜਨਵਰੀ 1930 ਵਾਲੇ ਦਿਨ ਰਾਵੀ ਨਦੀ ਦੇ ਕੰਡੇ ਪੂਰਨ ਸਵਰਾਜ ਦਾ ਐਲਾਨ ਕੀਤਾ ਸੀ।ਬਸ ਉਸ ਦਿਨ ਤੋਂ ਹੀ ਅਜ਼ਾਦੀ ਦੇ ਘੁਲਾਟੀਆਂ ਨੇ ਪੂਰਨ ਸਵਰਾਜ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ।ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਤੇ ਲੈਕਚਰਾਰ ਸ੍ਰੀਮਤੀ ਸਤਵਿੰਦਰ ਕੌਰ ਹਾਜ਼ਰ ਆਦਿ ਸਨ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਮਾਣਯੋਗ ਵਿੱਤ, ਯੋਜਨਾਬੰਦੀ, ਪ੍ਰੋਗਰਾਮ ਲਾਗੂਕਰਨ, ਆਬਕਾਰੀ ਤੇ ਕਰ ਮੰਤਰੀ, ਪੰਜਾਬ ਹਰਪਾਲ




ਸਿੰਘ ਚੀਮਾ ਨੇ ਸਥਾਨਕ ਸ਼ਹੀਦ ਭਗਤ ਸਿੰਘ ਬਹੁ-ਮੰਤਵੀ ਖੇਡ ਸਟੇਡੀਅਮ ਵਿਖੇ 77ਵੇਂ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਇਆ।ਸਮਾਗਮ ਦੌਰਾਨ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਗਿੱਧਾ ਤੇ ਭੰਗੜੇ ਤੋਂ ਇਲਾਵਾ ਦੇਸ਼ ਭਗਤੀ ਨਾਲ ਸਬੰਧਤ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ।ਸਮਾਗਮ ਦੌਰਾਨ ਮੁੱਖ ਮਹਿਮਾਨ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਵੱਲੋਂ ਲੋੜਵੰਦਾਂ ਨੂੰ ਟਰਾਈ ਸਾਈਕਲ ਤੇ ਸਿਲਾਈ ਮਸ਼ੀਨਾਂ ਦੀ ਵੰਡ ਤੋਂ ਇਲਾਵਾ ਆਜ਼ਾਦੀ ਘੁਲਾਟੀਆ ਦੇ ਪਰਿਵਾਰਾਂ ਦਾ ਸਨਮਾਨ ਤੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਤੇ ਵਧੀਆਂ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਸਨਮਾਨਤ ਕੀਤਾ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਜ਼ਿਲ੍ਹਾ ਕਾਂਗਰਸ ਪਟਿਆਲਾ (ਦਿਹਾਤੀ) ਵੱਲੋਂ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦੀ ਅਗਵਾਈ ਹੇਠ 77ਵਾਂ ਗਣਤੰਤਰ ਦਿਵਸ ਜ਼ਿਲ੍ਹਾ ਕਾਂਗਰਸ ਦਫ਼ਤਰ, ਨਜ਼ਦੀਕ ਪੋਲੋ ਗਰਾਊਂਡ ਪਟਿਆਲਾ ਵਿਖੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਸਾਂਸਦ ਡ: ਧਰਮਵੀਰ ਗਾਂਧੀ ਵੱਲੋਂ ਕੀਤੀ ਗਈ।ਇਸ ਮੌਕੇ ਸਾਬਕਾ ਚੇਅਰਮੈਨ ਨਿਰਮਲ ਸਿੰਘ ਭੱਟੀਆਂ, ਨੱਛਤਰ ਸਿੰਘ ਅਰਾਈਮਾਜਰਾ, ਬਲਾਕ ਕਾਂਗਰਸ ਪ੍ਰਧਾਨ ਹਰਸ਼ਵੀਰ ਥਿੰਦ, ਮੰਗਤ ਮਵੀ, ਪਰਮਜੀਤ ਚੌਹਾਨ ਜ਼ਿਲਾ ਮੀਤ ਪ੍ਰਧਾਨ, ਦਫ਼ਤਰ ਇੰਚਾਰਜ ਰਾਕੇਸ਼ ਮੋਦੀ, ਕਿਸਾਨ ਕਾਂਗਰਸ ਪ੍ਰਧਾਨ ਬਿੱਟੂ ਧਾਨੌਰੀ, ਐਮਸੀ ਟਿੰਕਾ ਗਾਜੇਵਾਸ, ਨਵੀਂਨ




ਸਿੰਗਲਾ, ਲਵਲੀ ਸੰਡਰ, ਨਵਦੀਪ ਰਾਮਗੜ੍ਹ , ਪੰਚਾਇਤ ਯੂਨੀਅਨ ਪ੍ਰਧਾਨ ਯਾਦਵਿੰਦਰ ਧਨੌਰੀ, ਦੀਦਾਰ ਦੌਣਕਲਾਂ, ਪ੍ਰਧਾਨ ਭੁਪਿੰਦਰ ਕੌਰ, ਪ੍ਰਿੰਸੀਪਲ ਅਮਰਜੀਤ ਕੌਰ, ਗੋਲਡੀ ਧਬਲਾਨ, ਅਮਰੀਕ ਧਬਲਾਨ, ਮੇਜਰ ਖਾਣ, ਹਰਵਿੰਦਰ ਕੌਰਜਿਵਾਲਾ, ਪੂਜਾ ਗਰਗ, ਪ੍ਰਭ ਭਿੰਡਰ, ਪੀਏ ਗੁਰਪ੍ਰੀਤ, ਦੀਪੂ ਭੰਡਾਰੀ, ਅਨੁਜ ਮੋਦੀ, ਅਭਿਨਵ ਪ੍ਰਧਾਨ, ਜਗਤਾਰ ਬਿਜਲਪੁਰ, ਪ੍ਰਗਟ ਸਿੰਘ ਚੌਂਹਠ, ਬਘੇਲ ਨੰਬਰਦਾਰ ਬੰਮਨਾਂ, ਮੀਤਾ ਵਿਰਕ, ਵਿਨੋਦ ਭਟਨਾਗਰ, ਰਾਜਾ ਸਰਾਉ, ਲੱਕੀ ਗਰਗ, ਪੈਰੀ ਮਾਨ, ਅੰਮ੍ਰਿਤ ਨਿਰਮਾਣ, ਚਮਕੌਰ ਸਰਪੰਚ ਗੱਜੂਮਾਜਰਾ, ਗੁਰਪ੍ਰੀਤ ਤਰੌੜਾ, ਚਰਨਜੀਤ ਕੌਰ, ਗੁਰਸੇਵਕ ਸਿੰਘ, ਅਮਰਿੰਦਰ ਰਤਨਹੇੜੀ, ਬਚਨ ਸਿੰਘ ਚਹਿਲ, ਸੋਨੀ ਦਾਨੀਪੁਰ ਸੰਮਤੀ ਚੇਅਰਮੈਨ, ਜਸਵਿੰਦਰ ਰੰਧਾਵਾ, ਬਲਵਿੰਦਰ ਕੌਰ ਨੀਆਲ ਤੇ ਜ਼ਿਲ੍ਹਾ ਕਾਂਗਰਸ ਤੇ ਵੱਖ ਵੱਖ ਸੈੱਲਾਂ ਦੇ ਪ੍ਰਧਾਨ ਤੇ ਅਹੁਦੇਦਾਰ ਵੀ ਮੌਜੂਦ ਰਹੇ।ਮੀਟਿੰਗ ਦੇ ਅੰਤ ਵਿੱਚ ਸਮੂਹ ਆਗੂਆਂ ਨੇ ਲੱਡੂਆਂ, ਮਿਠਾਈਆਂ ਤੇ ਫਲਾਂ ਨਾਲ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ।

**ਜਲਾਲਾਬਾਦ (ਜੀਤ ਕੁਮਾਰ)** : ਲਾਲਾ ਜਗਤ ਨਰਾਇਣ ਐਜੂਕੇਸ਼ਨ




ਕਾਲਜ ਜਲਾਲਾਬਾਦ ਵਿਖੇ ਕਾਲਜ ਦੇ ਚੇਅਰਮੈਨ ਅਸ਼ੋਕ ਅਨੇਜਾ, ਪ੍ਰਧਾਨ ਪ੍ਰਦੀਪ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੂੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ ਤੇ ਪ੍ਰਿੰਸੀਪਲ ਡਾ. ਨੀਤਿਕਾ ਦੀ ਅਗਵਾਈ ਹੇਠ ਕਾਲਜ ਵਿੱਚ ਗਣਤੰਤਰ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਕਾਲਜ ਦੇ ਵਿਦਿਆਰਥੀਆਂ, ਸਟਾਫ ਨੇ ਰਾਸ਼ਟਰੀ ਝੰਡਾ ਲਹਿਰਾਇਆ ਤੇ ਇਸਦੇ ਬਾਅਦ ਰਾਸ਼ਟਰੀ ਗੀਤ ਗਾਇਆ ਤੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਏ ਗਏ। ਇਸ ਮੌਕੇ ਪ੍ਰਿੰਸੀਪਲ ਡਾ. ਨੀਤਿਕਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਇਸ ਦਿਨ ਦੇ ਮਹੱਤਵ ਬਾਰੇ ਦੱਸਿਆ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪੰਜਾਬ ਦੇ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਨੇ ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ ਪਟਿਆਲਾ ਵਿਖੇ ਕੌਮੀ ਝੰਡਾ ਤਿਰੰਗਾ ਲਹਿਰਾਇਆ ਤੇ ਸਮੂਹ ਪੰਜਾਬੀਆਂ ਤੇ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ।ਇੱਥੇ ਪੋਲੋ ਗਰਾਊਂਡ ਵਿਖੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗਾਂ ਦੇ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਨੇ ਸਮੂਹ ਪੰਜਾਬੀਆਂ ਨੂੰ ਰੰਗਲਾ ਪੰਜਾਬ ਬਣਾਉਣ ਲਈ ਰਲ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ।ਉਨ੍ਹਾਂ ਇਸ ਮੌਕੇ ਪਰੇਡ ਦਾ ਨਿਰੀਖਣ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਵੀ ਲਈ।ਸਮਾਗਮ ਮੌਕੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ, ਪਰੇਡ ਕਮਾਂਡਰ ਤੇ ਪਰੇਡ 'ਚ ਸ਼ਾਮਲ ਟੁਕੜੀਆਂ ਦੇ ਪਲਟੂਨ ਕਮਾਂਡਰਾਂ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਹਰਜੋਤ ਸਿੰਘ ਬੈਂਸ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਬਲਤੇਜ ਪੰਨੂ ਸਮੇਤ ਸਮੂਹ ਵਿਧਾਇਕਾਂ ਨੂੰ ਵੀ ਸਨਮਾਨਤ ਕੀਤਾ ਗਿਆ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਨੇ ਗਣਤੰਤਰ ਦਿਵਸ ਦੇ ਗੌਰਵਮਈ ਅਵਸਰ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਕੌਮੀ ਝੰਡਾ ਲਹਿਰਾਇਆ।ਇਸ ਉਪਰੰਤ ਉਨ੍ਹਾਂ ਨੇ ਪੰਜਾਬ ਪੁਲਸ, ਹੋਮ ਗਾਰਡਜ਼ ਤੇ ਹੋਰ ਦਸਤਿਆਂ ਵੱਲੋਂ ਪੇਸ਼ ਕੀਤੇ ਗਏ ਮਾਰਚ ਪਾਸਟ ਤੋਂ ਸਲਾਮੀ ਲਈ।ਇਸ ਮੌਕੇ ਦੇਸ਼ ਭਗਤੀ ਨਾਲ ਭਰਪੂਰ ਸੱਭਿਆਚਾਰਕ ਪੇਸ਼ਕਾਰੀਆਂ, ਸਰਕਾਰੀ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਤੇ ਸਕੂਲੀ ਬੱਚਿਆਂ ਦੀਆਂ ਪ੍ਰਸਤੁਤੀਆਂ ਨੇ ਸਮਾਰੋਹ ਨੂੰ ਰੰਗੀਨ ਬਣਾਇਆ।ਸਮਾਰੋਹ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਅਜ਼ਾਦੀ ਸੈਨਾਨੀਆਂ ਤੇ ਸੰਵਿਧਾਨ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਸੰਵਿਧਾਨਕ ਮੁੱਲਾਂ ਦੀ ਰੱਖਿਆ ਕਰਦਿਆਂ ਲੋਕ-ਕਲਿਆਣ, ਸਮਾਜਿਕ ਨਿਆਂ ਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੰਮ ਕਰ ਰਹੀ ਹੈ।ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ ਨਿਭਾਉਣ ਵਾਲੇ ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਾਜ ਕੁਮਾਰ, ਵਿਧਾਇਕ ਸ੍ਰੀ ਜਗਦੀਪ ਸਿੰਘ ਕਾਕਾ ਬਰਾੜ, ਡਿਪਟੀ ਕਮਿਸ਼ਨਰ ਸ੍ਰੀ ਅਭਿਜੀਤ ਕਪਲਿਸ਼, ਐੱਸ.ਐੱਸ.ਪੀ. ਸ੍ਰੀ ਅਭਿਮੰਨਿਊ ਰਾਣਾ, ਮੁੱਖ ਮੰਤਰੀ ਖੇਤਰੀ ਅਫ਼ਸਰ ਸ੍ਰੀ ਸ਼ਿਵਾਂਸ ਅਸਥਾਨਾ, ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਗੁਰਪ੍ਰੀਤ ਸਿੰਘ ਥਿੰਦ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਰਿੰਦਰ ਢਿੱਲੋਂ, ਉਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਬਲਜੀਤ ਕੌਰ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਸੁਖਜਿੰਦਰ ਸਿੰਘ ਕਾਉਣੀ, ਜ਼ਿਲ੍ਹਾ ਪ੍ਰਧਾਨ ਸ੍ਰੀ ਜਸ਼ਨਜੀਤ ਸਿੰਘ ਬਰਾੜ, ਚੇਅਰਮੈਨ ਸਹਿਕਾਰੀ ਬੈਂਕ ਸ੍ਰੀ ਜਗਦੇਵ ਸਿੰਘ ਬਾਂਮ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਅਧਿਕਾਰੀ, ਲੋਕ ਪ੍ਰਤੀਨਿਧੀ ਤੇ ਵੱਡੀ ਗਿਣਤੀ ਵਿੱਚ ਨਾਗਰਿਕ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** : ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਪ੍ਰਧਾਨ ਸੰਜੇ ਵਾਲੀਆ ਦੀ ਅਗਵਾਈ ਹੇਠ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸਥਿਤ ਸ਼ਹੀਦ ਭਗਤ ਸਿੰਘ ਚੌਕ ਵਿਖੇ ਗਣਤੰਤਰ




ਦਿਵਸ ਮਨਾਇਆ ਗਿਆ।ਇਸ ਮੌਕੇ ਜਿੱਥੇ ਕਲੱਬ ਦੇ ਅਹੁਦੇਦਾਰਾਂ ਤੇ ਵੱਖ-ਵੱਖ ਸਮਾਜਸੇਵੀ, ਧਾਰਮਿਕ, ਭਰਾਤਰੀ, ਮਜ਼ਦੂਰ-ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਪਹੁੰਚ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉੱਥੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।ਸਕੂਲੀ ਬੱਚਿਆਂ ਵੱਲੋਂ ਦੇਸ਼ਭਗਤੀ ਗੀਤਾਂ ਤੇ ਕਵਿਤਾਵਾਂ ਰਾਹੀਂ ਸ਼ਹੀਦਾਂ ਨੂੰ ਨਮਨ ਕੀਤਾ ਗਿਆ ਤੇ ਮਾਹੌਲ 'ਚ ਦੇਸ਼ਭਗਤੀ ਦਾ ਜਜ਼ਬਾ ਪੈਦਾ ਕਰ ਦਿੱਤਾ।ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਪ੍ਰਧਾਨ ਸੰਜੇ ਵਾਲੀਆ ਤੇ ਪਾਵਰਕਾਮ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਮਨਜਿੰਦਰ ਸਿੰਘ ਵੱਲੋਂ ਸਾਂਝੇ ਤੌਰ 'ਤੇ ਅਦਾ ਕੀਤੀ ਗਈ। ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਨੌਜਵਾਨਾਂ ਨੂੰ ਸ਼ਹੀਦਾਂ ਦੇ ਦਿਖਾਏ ਮਾਰਗ 'ਤੇ ਚੱਲਣ ਨੂੰ ਪ੍ਰੇਰਿਆ।ਮੰਚ ਸੰਚਾਲਨ ਵਾਈਸ ਪ੍ਰਧਾਨ ਲਖਵੰਤ ਸਿੰਘ ਨੇ ਕੀਤਾ।ਗੀਤ ਤੇ ਕਵਿਤਾਵਾਂ ਪੇਸ਼ ਕਰਨ ਵਾਲੀਆਂ ਬੱਚੀਆਂ ਨੂੰ ਕਲੱਬ ਦੇ ਮੈਂਬਰ ਸਤੀਸ਼ ਅਰੋੜਾ ਸਾਈਂ ਬੁੱਕ ਪਲਾਜ਼ਾ ਵੱਲੋਂ ਸਪੌਂਸਰ ਕੀਤੇ ਗਿਫਟ ਭੇਟ ਕੀਤੇ ਗਏ, ਜਦਕਿ ਲੱਡੂਆਂ ਦੀ ਰਿਫਰੈਸ਼ਮੈਂਟ ਖੂੰਗਰ ਸਵਿਟਸ ਵੱਲੋਂ ਕੀਤੀ ਗਈ।




**ਨਾਭਾ (ਵਰਿੰਦਰ ਵਰਮਾ)** : ਪੰਜਾਬ ਪਬਲਿਕ ਸਕੂਲ ਵਿਖੇ 77ਵਾਂ ਗਣਤੰਤਰ ਦਿਵਸ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ ਗਿਆ।ਇਸ ਸ਼ੁਭ ਅਵਸਰ 'ਤੇ ਰਾਸ਼ਟਰੀ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਸਕੂਲ ਦੇ ਹੈੱਡ ਮਾਸਟਰ ਡਾਕਟਰ ਡੀਸੀ ਸ਼ਰਮਾ ਜੀ ਮੁੱਖ ਮਹਿਮਾਨ ਵੱਲੋਂ ਅਦਾ ਕੀਤੀ ਗਈ ਤੇ ਗਾਰਡ ਆਫ਼ ਆਨਰ ਦਾ ਨਿਰੀਖਣ ਕੀਤਾ।ਇਸ ਮੌਕੇ ਐੱਨ.ਸੀ.ਸੀ. ਦੇ ਸਾਰੇ ਵਿੰਗ ਬਹੁਤ ਹੀ ਜੋਸ਼ੀਲੇ ਢੰਗ ਨਾਲ ਮੌਜੂਦ ਰਹੇ।ਵਿਦਿਆਰਥੀਆਂ ਨੇ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ ਇਸ ਦਿਨ ਦੀ ਮਹੱਤਤਾ ਨੂੰ ਬਿਆਨ ਕੀਤਾ ਅਤੇ ਇਸ ਦੀ ਸੰਵਿਧਾਨਕ ਭਾਵਨਾ ਨੂੰ ਉਜਾਗਰ ਕੀਤਾ।ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਮਾਹੌਲ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੱਤਾ।ਸਮਾਗਮ ਦਾ ਅੰਤ ਰਾਸ਼ਟਰੀ ਗੀਤ ਦੇ ਜੋਸ਼ੀਲੇ ਗਾਇਨ ਨਾਲ ਹੋਇਆ।

**ਧੂਰੀ (ਸੱਗੂ, ਗਰਗ, ਪੇਧਨੀ)** : ਦੇਸ਼ ਦਾ 77ਵਾਂ ਗਣਤੰਤਰ ਦਿਹਾੜਾ ਸਥਾਨਕ ਨਗਰ ਕੌਂਸਲ ਦਫਤਰ ਵਿਖੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਕੌਮੀ ਤਿਰੰਗਾ ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਪੁਸ਼ਪਾ ਤਾਇਲ ਨੇ ਲਹਿਰਾਇਆ।ਉਨ੍ਹਾਂ ਆਪਣੇ ਸੰਬੋਧਨ 'ਚ ਪੰਜਾਬ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦੀ ਬਦੌਲਤ ਸਾਨੂੰ ਆਪਣੇ ਹੱਕ ਮੰਗਣ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਮਿਲੀ ਤੇ ਸਾਨੂੰ ਵੀ ਆਪਣੇ ਫ਼ਰਜ਼ਾਂ ਨੂੰ ਪਛਾਣਦਿਆਂ ਦੇਸ਼ ਦੇ ਵਿਕਾਸ ਤੇ ਤਰੱਕੀ ਲਈ ਸੋਚਣਾ ਚਾਹੀਦਾ ਹੈ।ਹੋਰਨਾਂ 'ਚ ਕਾਰਜਸਾਧਕ ਅਫ਼ਸਰ ਗੁਰਿੰਦਰ ਸਿੰਘ, ਭਾਗ ਅਫ਼ਸਰ ਲਾਲ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਸਾਹਿਤ ਭਾਈ ਦੇ ਪ੍ਰਧਾਨ ਗੁਲਜ਼ਾਰ ਸਿੰਘ ਸ਼ੌਂਕੀ, ਆਪ ਆਗੂ ਨਰੇਸ਼ ਸਿੰਗਲਾ, ਬਲਵਿੰਦਰ ਸਿੰਘ ਬਿੱਲੂ ਤੇ ਅਨਿਲ ਮਿੱਤਲ, ਵਪਾਰੀ ਆਗੂ ਵਿਕਾਸ ਜੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਕੌਂਸਲਰਾਂ ਨੇ ਸ਼ਮੂਲੀਅਤ ਕੀਤੀ।

**ਮਾਨਸਾ (ਆਤਮਾ ਸਿੰਘ ਪਮਾਰ)** : ਸੰਸਦੀ ਕਾਜ ਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ, ਪੰਜਾਬ ਡਾ. ਰਵਜੋਤ ਸਿੰਘ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ 77ਵੇਂ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ, ਖੁਸ਼ਹਾਲ ਤੇ ਹੱਸਦਾ ਖੇਡਦਾ ਬਣਾਉਣ ਲਈ ਨਿਰੰਤਰ ਉਪਰਾਲੇ ਜਾਰੀ ਰੱਖਣ ਦਾ ਅਹਿਦ ਲਿਆ




ਗਿਆ।ਇਸ ਮੌਕੇ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ, ਡੀ.ਜੀ.ਪੀ. ਸ੍ਰੀ ਜਤਿੰਦਰ ਕੁਮਾਰ ਜੈਨ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਸੰਸਦੀ ਕਾਜ ਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ, ਪੰਜਾਬ ਡਾ. ਰਵਜੋਤ ਸਿੰਘ ਨੇ ਪਰੇਡ ਦਾ ਨਿਰੀਖਣ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਐੱਸ.ਐੱਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਤੇ ਪਰੇਡ ਕਮਾਂਡਰ ਸ੍ਰੀ ਪੁਸ਼ਪਿੰਦਰ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਵੱਖ ਵੱਖ ਵਿਭਾਗਾਂ ਵੱਲੋਂ ਸਰਕਾਰ ਦੀਆਂ ਸਕੀਮਾਂ ਤੇ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ।ਸਮਾਗਮ ਦੌਰਾਨ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਗਿੱਧਾ ਤੇ ਭੰਗੜੇ ਤੋਂ ਇਲਾਵਾ ਦੇਸ਼ ਭਗਤੀ ਨਾਲ ਸਬੰਧਤ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ। ਸਮਾਗਮ ਦੌਰਾਨ ਮੁੱਖ ਮਹਿਮਾਨ ਡਾ. ਰਵਜੋਤ ਸਿੰਘ ਵੱਲੋਂ ਲੋੜਵੰਦਾਂ ਨੂੰ ਟਰਾਈ ਸਾਈਕਲ ਤੇ ਸਿਲਾਈ ਮਸ਼ੀਨਾਂ ਦੀ ਵੰਡ ਕੀਤੀ ਗਈ ਅਤੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖਸੀਅਤਾਂ, ਪਰੇਡ ਕਮਾਂਡਰ, ਪਲਟੂਨ ਕਮਾਂਡਰਾਂ ਤੇ ਵਧੀਆਂ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਨਮਾਨਤ ਵੀ ਕੀਤਾ।

**ਰਾਜਪੁਰਾ (ਰਮੇਸ਼ ਕਟਾਰੀਆ)** : ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਨੇ ਭਾਰਤ ਦਾ 77ਵਾਂ ਗਣਤੰਤਰ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ।ਇਸ ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਤੇ ਰਾਸ਼ਟਰੀ ਗੀਤ ਨਾਲ ਹੋਈ, ਜਿਸ ਤੋਂ ਬਾਅਦ ਦੇਸ਼ ਭਗਤੀ ਦੇ ਗੀਤ, ਸੱਭਿਆਚਾਰਕ ਪ੍ਰਦਰਸ਼ਨ ਤੇ ਵਿਦਿਆਰਥੀਆਂ ਦੁਆਰਾ ਲੋਕਤੰਤਰ, ਏਕਤਾ ਤੇ ਆਜ਼ਾਦੀ ਘੁਲਾਟੀਆਂ ਦੇ ਬਲੀਦਾਨਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਭਾਸ਼ਣ ਦਿੱਤੇ ਗਏ।ਇਸ ਮੌਕੇ ਆਰੀਅਨਜ਼ ਗਰੁੱਪ ਮੈਨੇਜਮੈਂਟ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਦਾ ਸਤਿਕਾਰ ਕਰਨ, ਰਾਸ਼ਟਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਉਤਸ਼ਾਹਤ ਕੀਤਾ।ਸੰਸਥਾ ਨੇ ਜ਼ਿੰਮੇਵਾਰ ਨਾਗਰਿਕਾਂ ਨੂੰ ਬਣਾਉਣ ਤੇ ਨੌਜਵਾਨਾਂ ਨੂੰ ਰਾਸ਼ਟਰ ਦੀ ਤਰੱਕੀ ਤੇ ਵਿਕਾਸ ਲਈ ਕੰਮ ਕਰਨ ਲਈ ਪ੍ਰੇਰਿਤ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** : ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਵਿਖੇ ਗਣਤੰਤਰ ਦਿਵਸ ਮਨਾਇਆ ਗਿਆ।ਵਿਦਿਆਰਥੀ ਤਿਰੰਗੇ ਰੰਗਾਂ ਦੇ ਪਹਿਰਾਵੇ ਵਿੱਚ ਸਜ ਕੇ ਸਕੂਲ ਪਹੁੰਚੇ।ਸਭਾ ਦੀ ਸ਼ੁਰੂਆਤ ਇੱਕ ਭਾਸ਼ਣ ਰਾਹੀਂ ਸਾਰਿਆਂ ਦਾ ਸਵਾਗਤ ਕਰਦੇ ਹੋਏ ਕੀਤੀ ਗਈ।ਤਿਰੰਗੇ ਝੰਡੇ ਨੂੰ ਸਲੂਟ ਕਰਦੇ ਹੋਏ ਗਰਵ ਨਾਲ ਰਾਸ਼ਟਰੀ ਗਾਣ ਗਾ




ਕੇ ਸਭ ਨੇ ਮਾਣ ਮਹਿਸੂਸ ਕੀਤਾ। ਵਿਦਿਆਰਥੀਆਂ ਨੇ ਦੇਸ਼- ਭਗਤੀ ਦੇ ਗੀਤ ਤੇ ਡਾਂਸ ਪੇਸ਼ਕਸ਼ਾਂ ਨੇ ਵਿਦਿਆਰਥੀਆਂ ਅੰਦਰ ਦੇਸ਼-ਭਗਤੀ ਦੇ ਜਜ਼ਬੇ ਨੂੰ ਹੋਰ ਵੀ ਪੱਕਾ ਕਰ ਦਿੱਤਾ।ਕਿੰਡਰਗਾਰਟਨ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ 'ਹਿੰਦ ਕੇ ਸਿਤਾਰੇ' ਮੁਕਾਬਲੇ ਵਿੱਚ ਭਾਗ ਲਿਆ, ਜਿੱਥੇ ਉਨ੍ਹਾਂ ਨੇ ਸੰਵਿਧਾਨ ਦੀ ਮਹੱਤਤਾ ਨੂੰ ਦਰਸਾਉਂਦੀਆਂ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਇਸ ਦੇ ਨਾਲ ਹੀ ਜਮਾਤ ਚੌਥੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਲਈ 'ਸੋਸ਼ਿਓ ਸਫੀਅਰ ਕਵਿੱਜ਼' ਮੁਕਾਬਲੇ ਦਾ ਅੰਤਿਮ ਦੌਰ ਕਰਵਾਇਆ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਭਾਰਤ ਤੇ ਇਸ ਦੀ ਵਿਰਾਸਤ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਹੋਈ।ਇਹ ਸਮਾਰੋਹ ਮਾਣ ਅਤੇ ਖੁਸ਼ੀ ਭਰੇ ਮਾਹੌਲ ਵਿੱਚ ਸੰਪੰਨ ਹੋਇਆ, ਜਿਸ ਨੇ ਸਭ ਦੇ ਦਿਲਾਂ ਤੇ ਡੂੰਘੀ ਛਾਪ ਛੱਡੀ ਤੇ ਭਾਰਤ ਦੀ ਲੋਕਤੰਤਰਿਕ ਵਿਰਾਸਤ ਨੂੰ ਸੰਜੋ ਕੇ ਰੱਖਣ ਦੀ ਮਹੱਤਤਾ ਨੂੰ ਦੁਹਰਾਇਆ।

**ਫ਼ਰੀਦਕੋਟ (ਬੇਦੀ, ਡਿਸੂਜਾ)** : 77ਵੇਂ ਗਣਤੰਤਰ ਦਿਵਸ ਸੰਬਧੀ ਜ਼ਿਲ੍ਹਾ ਪੱਧਰੀ ਸਮਾਗਮ ਇੱਥੋਂ ਦੇ ਨਹਿਰੂ ਸਟੇਡੀਅਮ ਵਿੱਚ ਪੂਰੇ ਰਾਸ਼ਟਰੀ




ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਵਿੱਚ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਕੌਮੀ ਝੰਡਾ ਲਹਿਰਾਇਆ।ਇਸ ਮੌਕੇ ਵਿਧਾਇਕ ਜੈਤੋ ਸ. ਅਮੋਲਕ ਸਿੰਘ, ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸਮਾਗਮ ਦੌਰਾਨ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸ਼ੈਸ਼ਨ ਜੱਜ ਸ੍ਰੀ ਸੰਜੀਵ ਜੋਸ਼ੀ, ਵੀ ਸੀ ਡਾ. ਰਾਜੀਵ ਸੂਦ, ਸ੍ਰੀਮਤੀ ਨਿਲਾਂਬਰੀ ਜਗਦਲੇ ਆਈ ਜੀ, ਮੈਡਮ ਬੇਅੰਤ ਕੌਰ ਸੇਖੋਂ, ਸੂਚਨਾ ਕਮਿਸ਼ਨਰ ਸ੍ਰੀ ਸੰਦੀਪ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਹਰਜੋਤ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿ). ਸ੍ਰੀ ਸੰਜੀਵ ਮਲਹੋਤਰਾ, ਐੱਸ.ਡੀ.ਐੱਮ ਫ਼ਰੀਦਕੋਟ ਮੇਜਰ ਵਰੁਣ ਕੁਮਾਰ, ਸਹਾਇਕ ਕਮਿਸ਼ਨਰ (ਜ) ਸ. ਗੁਰਕਿਰਨਦੀਪ ਸਿੰਘ, ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ, ਡੀ.ਆਰ.ਓ ਮੈਡਮ ਲਵਪ੍ਰੀਤ ਕੌਰ, ਜਨਾਬ ਮੁਹੰਮਦ ਸਦੀਕ ਸਾਬਕਾ ਸਾਂਸਦ ਮੈਂਬਰ, ਸ੍ਰੀ ਓਪਿੰਦਰ ਸ਼ਰਮਾ ਸਾਬਕਾ ਮੰਤਰੀ, ਗੁਰਤੇਜ ਸਿੰਘ ਖੋਸਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਤੇ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਚੇਅਰਮੈਨ ਇੰਪਰੂਵਮੈਂਟ ਟਰੱਸਟ ਗਗਨਦੀਪ ਸਿੰਘ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ, ਰਮਨਦੀਪ ਮੁਮਾਰਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ, ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੈਡਮ ਨੀਲਮ ਰਾਣੀ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮੈਡਮ ਅੰਜਨਾ ਕੌਸ਼ਲ, ਜਸਬੀਰ ਜੱਸੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ, ਫੌਜ, ਬੀ.ਐੱਸ.ਐੱਫ ਦੇ ਅਧਿਕਾਰੀ ਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** : ਭਾਰਤ ਦਾ 77ਵਾਂ ਗਣਤੰਤਰ ਦਿਵਸ ਦੇਸ਼ ਭਗਤ ਯੂਨੀਵਰਸਿਟੀ ਵਿਖੇ ਬਹੁਤ ਹੀ ਉਤਸ਼ਾਹ ਤੇ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਦੇ ਬੁੱਤ ਅੱਗੇ ਫੁੱਲ ਚੜ੍ਹਾਉਣ ਨਾਲ ਹੋਈ। ਇਸ ਤੋਂ ਬਾਅਦ ਅਮਰ ਆਜ਼ਾਦੀ ਘੁਲਾਟੀਏ ਤੇ ਦੇਸ਼ ਭਗਤ ਯੂਨੀਵਰਸਿਟੀ ਦੀ ਪ੍ਰੇਰਨਾਦਾਇਕ ਹਸਤੀ, ਜੋ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਸਹਿਯੋਗੀ ਵੀ ਸਨ, ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ।ਪਿਛਲੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਪ੍ਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਰਾਸ਼ਟਰੀ ਝੰਡਾ ਲਹਿਰਾ ਕੇ ਸਮਾਰੋਹ ਦੀ ਅਗਵਾਈ ਕੀਤੀ।ਝੰਡਾ ਲਹਿਰਾਉਣ ਤੋਂ ਬਾਅਦ ਐੱਨ.ਸੀ.ਸੀ. ਕੈਡਿਟਾਂ ਨੇ ਤਿਰੰਗੇ ਨੂੰ ਅਨੁਸ਼ਾਸਤ ਸਲਾਮੀ ਦਿੱਤੀ।ਲੈਫਟੀਨੈਂਟ ਤਾਬਿਸ਼ ਅਲੀ ਖਾਨ ਤੇ ਸਬ-ਲੈਫਟੀਨੈਂਟ ਚਮਨਪ੍ਰੀਤ ਕੌਰ ਦੀ ਅਗਵਾਈ ਹੇਠ ਫੌਜ, ਜਲ ਸੈਨਾ ਤੇ ਹਵਾਈ ਸੈਨਾ ਦੇ ਵਿੰਗਾਂ ਦੁਆਰਾ ਇੱਕ ਸ਼ਾਨਦਾਰ ਪਰੇਡ ਕੀਤੀ ਗਈ।ਇਸ ਮੌਕੇ ਆਪਣੇ ਸੰਬੋਧਨ




ਵਿੱਚ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਨੌਜਵਾਨਾਂ ਨੂੰ ਜਾਤ ਤੇ ਧਾਰਮਿਕ ਵਖਰੇਵਿਆਂ ਤੋਂ ਉੱਪਰ ਉੱਠਣ ਤੇ ਮਿਆਰੀ ਸਿੱਖਿਆ ਰਾਹੀਂ ਆਪਣੇ ਆਪ ਨੂੰ ਰਾਸ਼ਟਰ ਪ੍ਰਤੀ ਸਮਰਪਿਤ ਕਰਨ ਦਾ ਸੱਦਾ ਦਿੱਤਾ।ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਆਪਣੇ ਭਾਸ਼ਣ ਵਿੱਚ ਰਾਸ਼ਟਰੀ ਮਾਣ, ਸੰਵਿਧਾਨਕ ਕਦਰਾਂ-ਕੀਮਤਾਂ ਤੇ ਨੌਜਵਾਨ ਪ੍ਰੇਰਨਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਨੂੰ 1947 ਵਿੱਚ ਆਜ਼ਾਦੀ ਮਿਲੀ ਸੀ, ਪਰ ਅਸਲ ਅਰਥਾਂ ਵਿੱਚ ਸੱਚੀ ਆਜ਼ਾਦੀ 26 ਜਨਵਰੀ, 1950 ਨੂੰ ਸੰਵਿਧਾਨ ਦੇ ਲਾਗੂ ਹੋਣ ਨਾਲ ਪ੍ਰਾਪਤ ਹੋਈ।ਸਟੇਜ ਦੀ ਕਾਰਵਾਈ ਪ੍ਰੋਫੈਸਰ ਡਾ. ਅਜੈਪਾਲ ਸਿੰਘ ਦੁਆਰਾ ਚਲਾਈ ਗਈ, ਜਿਨ੍ਹਾਂ ਨੇ ਦਰਸ਼ਕਾਂ ਨੂੰ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਪੂਰਾ ਕਰਨ ਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਦੇਸ਼ ਭਗਤੀ ਦੀਆਂ ਕਵਿਤਾਵਾਂ ਨਾਲ ਇਕੱਠ ਨੂੰ ਮੋਹਿਤ ਕੀਤਾ।ਇਸ ਮੌਕੇ ਯੂਨੀਵਰਸਿਟੀ ਦੇ ਅਧਿਕਾਰੀਆਂ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਨੇ ਭਾਸ਼ਣਾਂ ਤੇ ਸੱਭਿਆਚਾਰਕ ਪ੍ਰਦਰਸ਼ਨਾਂ ਰਾਹੀਂ ਭਾਰਤ ਦੀ ਲੋਕਤੰਤਰੀ ਯਾਤਰਾ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਪ੍ਰੋਗਰਾਮ ਵਿੱਚ ਡਿਪਟੀ ਰਜਿਸਟਰਾਰ ਡਾ. ਪਰਵੀਨ ਰਾਠੀ, ਡਾਇਰੈਕਟਰ ਡਾ. ਅਜੇ ਗੁਪਤਾ, ਡਾ. ਅਮਨ ਸ਼ਰਮਾ, ਰਵਿੰਦਰ ਮਾਨ, ਸੀਐਸਓ ਬਲਜੀਤ ਸਿੰਘ, ਨਰੇਸ਼ ਸ਼ਰਮਾ, ਕਿਰਨ ਰਾਜਪੂਤ, ਲੜਕਿਆਂ ਦੇ ਹੈੱਡ ਵਾਰਡਨ ਬਲਜਿੰਦਰ ਸਿੰਘ, ਲੜਕੀਆਂ ਦੇ ਹੈੱਡ ਵਾਰਡਨ ਨਰਿੰਦਰ ਕੌਰ, ਜਸਵਿੰਦਰ ਸਿੰਘ, ਅਮਨਦੀਪ ਸਿੰਘ ਤੇ ਸੈਂਕੜੇ ਸਟਾਫ਼ ਮੈਂਬਰਾਂ ਸਮੇਤ 500 ਤੋਂ ਵੱਧ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ।

**ਲੁਧਿਆਣਾ (ਰੈਕਟਰ ਕਥੂਰੀਆ)** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ 77ਵਾਂ ਗਣਤੰਤਰ ਦਿਵਸ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ। ਗਣਤੰਤਰ ਪਰੇਡ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ ਸਲਾਮੀ ਦੇਣ ਤੋਂ ਬਾਅਦ ਆਪਣੇ ਸੰਦੇਸ਼ ਵਿੱਚ ਗਣਤੰਤਰ ਦਿਵਸ ਦੀ ਮਹੱਤਤਾ ਤੇ ਸੰਵਿਧਾਨਕ ਮੁੱਲਾਂ ਦੀ ਸਥਾਪਤੀ ਬਾਰੇ ਬੋਲਦਿਆਂ ਉਨ੍ਹਾਂ ਸਭ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ।ਉਨ੍ਹਾਂ ਭਾਰਤ ਦੇ ਸੰਵਿਧਾਨ ਨੂੰ ਗਣਤੰਤਰ ਦੀ ਅਸਲੀ ਆਜ਼ਾਦੀ ਕਿਹਾ, ਜੋ ਸਾਨੂੰ ਬਰਾਬਰੀ, ਭਾਈਚਾਰੇ ਤੇ ਇਨਸਾਫ਼ ਦਾ ਹੱਕ ਪ੍ਰਦਾਨ ਕਰਦੀ ਹੈ।ਇਸ ਗਣਤੰਤਰ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਨੂੰ ਯਾਦ ਕਰਦਿਆਂ ਡਾ. ਗੋਸਲ ਨੇ ਕਿਹਾ ਕਿ ਅੱਜ ਦਾ ਦਿਨ ਉਨ੍ਹਾਂ ਸਾਰੇ ਮਹਾਨ




ਸ਼ਹੀਦਾਂ ਅਤੇ ਸੁਤੰਤਰਤਾ ਸੈਨਾਨੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਦਾ ਦਿਨ ਹੈ, ਜਿਨ੍ਹਾਂ ਸਾਡੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।ਉਨ੍ਹਾਂ ਅਣਗਿਣਤ ਨਾਇਕਾਂ ਦੀ ਬਹਾਦਰੀ ਤੇ ਬਲਿਦਾਨ ਨੂੰ ਅਸੀਂ ਕਦੇ ਨਹੀਂ ਭੁੱਲ ਸਕਦੇ।ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਬਣਾਉਣਾ ਹੁਣ ਸਾਡਾ ਫਰਜ਼ ਹੈ।ਉਨ੍ਹਾਂ ਕਿਹਾ ਕਿ ਪੀ ਏ ਯੂ ਆਜ਼ਾਦ ਭਾਰਤ ਦੀ ਖੇਤੀ ਖੋਜ, ਸਿੱਖਿਆ ਤੇ ਪਸਾਰ ਦੀ ਸਿਰਕੱਢ ਸੰਸਥਾ ਹੈ।ਯੂਨੀਵਰਸਿਟੀ ਆਪਣੀ ਸ਼ੁਰੂਆਤ ਤੋਂ ਹੀ ਖੇਤੀ ਖੇਤਰ ਵਿੱਚ ਬਿਹਤਰ ਕਾਰਗੁਜ਼ਾਰੀ ਲਈ ਜਾਣੀ ਜਾਂਦੀ ਹੈ।ਭਾਰਤ ਦੀ ਭੋਜਨ ਸੁਰੱਖਿਆ ਦੇ ਨਾਲ-ਨਾਲ ਨਵੀਆਂ ਕਿਸਮਾਂ ਤੇ ਤਕਨੀਕੀ ਹੱਲ ਲੱਭ ਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਯੂਨੀਵਰਸਿਟੀ ਨੇ ਆਪਣਾ ਅਹਿਮ ਯੋਗਦਾਨ ਦਿੱਤਾ ਹੈ। ਵਾਈਸ ਚਾਂਸਲਰ ਨੇ ਲਗਾਤਾਰ ਤੀਸਰੇ ਸਾਲ ਪੀ ਏ ਯੂ ਨੂੰ ਦੇਸ਼ ਦੀ ਸਰਵੋਤਮ ਖੇਤੀ ਯੂਨੀਵਰਸਿਟੀ ਦੀ ਰੈਂਕਿੰਗ ਮਿਲਣ ਉੱਪਰ ਖੁਸ਼ੀ ਦਾ ਪ੍ਰਗਟਾਵਾ ਕੀਤਾ। ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਪੀ.ਏ.ਯੂ. ਦੇ ਰਜਿਸਟਰਾਰ ਡਾ ਰਿਸ਼ੀਪਾਲ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਯੂਨੀਵਰਸਿਟੀ ਦੀਆਂ ਖੋਜ, ਪਸਾਰ ਅਤੇ ਅਕਾਦਮਿਕ ਪ੍ਰਾਪਤੀਆਂ ਉੱਪਰ ਖੁਸ਼ੀ ਦਾ ਪ੍ਰਗਟਾਵਾ ਕੀਤਾ।ਸਮਾਰੋਹ ਦਾ ਸੰਚਾਲਨ ਲੜਕਿਆਂ ਦੇ ਭਲਾਈ ਅਧਿਕਾਰੀ ਗੁਰਪ੍ਰੀਤ ਵਿਰਕ ਨੇ ਕੀਤਾ। ਵੱਖ ਵੱਖ ਕਾਲਜਾਂ ਦੇ ਡੀਨ, ਡਾਇਰੈਕਟਰ ਤੇ ਵਿਭਾਗਾਂ ਦੇ ਮੁਖੀ ਸਾਹਿਬਾਨ, ਅਧਿਆਪਕ, ਕਰਮਚਾਰੀ ਤੇ ਵਿਦਿਆਰਥੀ ਸਮਾਰੋਹ ਵਿੱਚ ਸ਼ਾਮਲ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਵਿੱਚ ਗਣਤੰਤਰ ਦਿਵਸ ਬੜੇ ਮਾਣ, ਦੇਸ਼ ਭਗਤੀ, ਜੋਸ਼ ਤੇ ਰਾਸ਼ਟਰੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਮਨਾਇਆ।ਪ੍ਰੋਗਰਾਮ ਦੀ ਸ਼ੁਰੂਆਤ ਇਸ ਦਿਵਸ ਦੀ ਜਾਣਕਾਰੀ ਤੇ ਮਹੱਤਤਾ ਦੱਸਦਿਆਂ ਇੱਕ ਉਦਘਾਟਨੀ ਭਾਸ਼ਣ ਨਾਲ ਹੋਈ।ਉਪਰੰਤ ਵਿਦਿਆਰਥੀਆਂ ਵੱਲੋਂ 'ਹੈਪੀ ਰਿਪਬਲਿਕ ਡੇ' ਦੀਆਂ ਸ਼ੁਭਕਾਮਨਾ ਦਿੰਦਿਆਂ ਇੱਕ ਸੁਰੀਲਾ ਗੀਤ ਪੇਸ਼ ਕੀਤਾ ਗਿਆ, ਜਿਸ ਨੂੰ ਸਭਨਾਂ ਵੱਲੋਂ ਖੂਬ ਸਰਾਹਿਆ।ਇੱਕ ਪ੍ਰਭਾਵਿਤ ਤੇ ਭਾਵਨਾਤਮਕ ਤੌਰ 'ਤੇ ਭਰੀ ਡਾਂਸ ਕੋਰੀਓਗ੍ਰਾਫੀ ਨੇ ਸਾਡੇ ਦੇਸ਼ ਦੇ ਰੱਖਿਆ ਬਲਾਂ ਦੀ ਹਿੰਮਤ, ਬਹਾਦਰੀ ਤੇ ਸਰਵਉੱਚ ਕੁਰਬਾਨੀਆਂ ਨੂੰ ਦਿਲੋਂ ਸ਼ਰਧਾਂਜਲੀ ਦਿੱਤੀ, ਜਿਸ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਕਿਹਾ ਕਿ ਸੱਚੀ ਦੇਸ਼ ਭਗਤੀ ਸਖ਼ਤ ਮਿਹਨਤ, ਇਮਾਨਦਾਰੀ, ਸਤਿਕਾਰ, ਹਮਦਰਦੀ ਤੇ ਵਾਤਾਵਰਣ ਪ੍ਰਤੀ ਸੰਵੇਦਨਸ਼ੀਲਤਾ ਵਿੱਚ ਝਲਕਦੀ ਹੈ ਤੇ ਵਿਦਿਆਰਥੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਦਾ ਪਾਲਣ ਕਰਨ ਦੀ ਅਪੀਲ ਕੀਤੀ।ਪ੍ਰੋਗਰਾਮ ਨੂੰ ਹੋਰ




ਗੌਰਵਸ਼ਾਲੀ ਬਣਾਉਂਦੇ ਹੋਏ ਐੱਨਸੀਸੀ ਕੈਡਿਟਾਂ ਵੱਲੋਂ ਸਕੂਲ ਦੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ।ਇਹ ਪ੍ਰੋਗਰਾਮ ਉਨ੍ਹਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਉਪਰੰਤ ਗੌਰਵਮਈ ਤੇ ਯਾਦਗਾਰ ਪਲਾਂ ਨਾਲ ਸੰਪੰਨ ਹੋਇਆ।

**ਮੱਖੂ (ਰਛਪਾਲ ਸਿੰਘ ਸੰਧੂ)** : ਗਣਤੰਤਰ ਦਿਵਸ ਦੇ 77ਵੀਂ ਵਰ੍ਹੇਗੰਢ ਮੌਕੇ ਨਗਰ ਪੰਚਾਇਤ ਮੱਖੂ ਵਿਖੇ ਕਰਵਾਏ ਗਏ ਸਮਾਗਮ ਮੌਕੇ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਵੱਲੋਂ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਿਭਾਈ ਗਈ।ਇਸ ਮੌਕੇ ਥਾਣਾ ਮੱਖੂ ਦੇ ਪੁਲਸ ਜਵਾਨਾਂ ਵੱਲੋਂ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਗਈ ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗੀਤ ਤੇ ਦੇਸ਼ ਭਗਤੀ ਦੇ ਗੀਤ ਗਾਏ ਗਏ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਨੇ ਗਣਤੰਤਰ ਦਿਵਸ ਦੀ ਮਹੱਤਤਾ ਨੂੰ ਯਾਦ ਕਰਦਿਆਂ ਕਿਹਾ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਹੋਣ ਨਾਲ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਤੇ ਸਾਨੂੰ ਦੁਨੀਆ ਵਿੱਚ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਮਾਣ ਮਿਲਿਆ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਤੁਹਾਡਾ ਆਪਣਾ ਹੈ, ਇਸ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਪੰਚਾਇਤ ਮੱਖੂ ਦਾ ਸਹਿਯੋਗ ਦੇਣ।ਇਸ ਮੌਕੇ ਨਗਰ ਪੰਚਾਇਤ ਮੱਖੂ ਵੱਲੋਂ ਪੁਲਸ ਪਾਰਟੀ ਦੇ ਜਵਾਨਾਂ, ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਗਣਤੰਤਰ ਦਿਵਸ ਮੌਕੇ ਨਗਰ ਪੰਚਾਇਤ ਮੱਖੂ ਦੇ ਦਫ਼ਤਰ ਵਿਖੇ ਪਹੁੰਚੇ ਹੋਏ ਸ਼ਹਿਰ ਵਾਸੀਆਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਕੌਂਸਲਰ ਵੀਨੂੰ ਸ਼ਾਹ, ਮਨਜਿੰਦਰ ਸਿੰਘ, ਤਿਲਕ ਰਾਜ, ਹੀਰਾ, ਹੀਰਾ ਸਿੰਘ, ਦਵਿੰਦਰ ਸਿੰਘ ਬੱਬੂ, ਆੜ੍ਹਤੀਆਂ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਮਨਮੋਹਨ ਗਰੋਵਰ, ਬਲਵਿੰਦਰ ਠੁਕਰਾਲ, ਕਰਿਆਨਾ ਯੂਨੀਅਨ ਮੱਖੂ ਦੇ ਪ੍ਰਧਾਨ ਹੀਰਾ ਖੁਰਾਣਾ, ਮੀਤ ਪ੍ਰਧਾਨ ਰਕੇਸ਼ ਬਜਾਜ, ਜਨਰਲ ਸਕੱਤਰ ਕੀਮਤੀ ਲਾਲ ਨਰੂਲਾ, ਅਸ਼ਵਨੀ ਅਹੂਜਾ, ਡਾ. ਕਿੱਟੂ ਸ਼ਰਮਾ, ਰੇਸ਼ਮ ਸਿੰਘ, ਯਸ਼ਵੀਰ ਮਨਚੰਦਾ, ਬਿੱਲਾ ਸੇਠੀ, ਜਤਿੰਦਰ ਜਿਗਰ, ਨਰਿੰਦਰ ਸਿੰਘ ਮੁਮਾਰੇਵਾਲਾ, ਨਰੇਸ਼ ਠੁਕਰਾਲ, ਸੋਨੂੰ ਸਚਦੇਵਾ, ਮਨਪ੍ਰੀਤ ਸਿੰਘ, ਕਿਰਨ ਪੇਂਟਰ ਆਦਿ ਹਾਜ਼ਰ ਸਨ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਨਗਰ ਕੌਂਸਲ ਵਿਖੇ 77ਵਾਂ ਗਣਤੰਤਰਤਾ ਦਿਵਸ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਗਣਤੰਤਰ ਦਿਵਸ ਮੌਕੇ ਸਥਾਨਕ ਦਫ਼ਤਰ 'ਚ ਝੰਡਾ ਲਹਿਰਾਉਣ ਦੀ ਰਸਮ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਅਦਾ ਕੀਤੀ ਤੇ ਪੁਲਸ ਦੀ ਟੁਕੜੀ ਵੱਲੋਂ ਸਲਾਮੀ ਵੀ ਦਿੱਤੀ ਗਈ। ਸਕੂਲੀ ਬੱਚਿਆਂ ਵੱਲੋਂ ਰਾਸ਼ਟਰੀ ਗਾਇਨ ਵੀ ਕੀਤਾ ਗਿਆ। ਪ੍ਰਧਾਨ ਮੋਹਿਤ




ਕੁੰਦਰਾ ਨੇ ਸਮਾਰੋਹ ਨੂੰ ਸੰਬੋਧਨ ਕਰਦਿਆਂ ਗਣਤੰਤਰਤਾ ਦਿਵਸ ਦੇ ਮਹੱਤਵ ਤੇ ਦੇਸ਼ ਦੇ ਸੰਵਿਧਾਨ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਬੀ.ਸੀ. ਵਿੰਗ ਦੇ ਜ਼ਿਲ੍ਹਾ ਇੰਚਾਰਜ ਭੁਪਿੰਦਰ ਸਿੰਘ ਰਾਠੌਰ, ਕਾਰਜ ਸਾਧਕ ਅਫਸਰ ਬਿਕਰਮਜੀਤ ਸਿੰਘ, ਜਗਮੀਤ ਸਿੰਘ ਮੱਕੜ, ਨਗਿੰਦਰਪਾਲ ਸਿੰਘ ਮੱਕੜ, ਸੁਰਿੰਦਰ ਕੁਮਾਰ ਛਿੰਦੀ, ਅਮਨਦੀਪ ਸਿੰਘ ਤਨੇਜਾ, ਨੀਰਜ ਕੁਮਾਰ, ਪ੍ਰਕਾਸ਼ ਕੌਰ, ਹਰਵਿੰਦਰ ਕੌਰ, ਰਵਿੰਦਰਜੀਤ ਕੌਰ, ਪਰਮਜੀਤ ਕੌਰ, ਰਸ਼ਮੀ ਜੈਨ (ਸਾਰੇ ਕੌਂਸਲਰ), ਆੜ੍ਹਤੀ ਬਲਵਿੰਦਰ ਸਿੰਘ, ਲੇਖਾਕਾਰ ਸੰਜੀਵ ਗਰੋਵਰ, ਭੁਪਿੰਦਰ ਸਿੰਘ, ਨਿਰਮਲ ਸਿੰਘ, ਜਸਵੀਰ ਸਿੰਘ ਗਿੱਲ, ਗੁਰਨਾਮ ਸਿੰਘ ਖਾਲਸਾ, ਭੁਪਿੰਦਰ ਸਿੰਘ ਆਦਿ ਮੌਜੂਦ ਸਨ। ਮੰਚ ਸੰਚਾਲਨ ਦੀ ਭੂਮਿਕਾ ਪ੍ਰਿੰਸੀਪਲ ਦਰਸ਼ਨ ਲਾਲ ਜੈਨ ਨੇ ਨਿਭਾਈ।

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)** : 77ਵੇਂ ਗਣਤੰਤਰ ਦਿਵਸ ਮੌਕੇ ਕਾਂਗਰਸ ਭਵਨ ਫਿਰੋਜ਼ਪੁਰ ਛਾਉਣੀ ਵਿਖੇ ਜ਼ਿਲ੍ਹਾ ਪ੍ਰਧਾਨ




ਕੁਲਬੀਰ ਸਿੰਘ ਜ਼ੀਰਾ ਦੀ ਰਹਿਨਮਾਈ ਹੇਠ ਜ਼ਿਲ੍ਹਾ ਸੀਨੀਅਰ ਵਾਈਸ ਪ੍ਰਧਾਨ ਬਲਜੀਤ ਕੌਰ ਬੰਗੜ ਵੱਲੋਂ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਬੀਬਾ ਬਲਜੀਤ ਕੌਰ ਬੰਗੜ ਨੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਸਾਬਕਾ ਐੱਮਐੱਲਏ ਗੁਰਨੈਬ ਸਿੰਘ ਬਰਾੜ, ਹਲਕਾ ਇੰਚਾਰਜ਼ ਅਮਰਦੀਪ ਸਿੰਘ ਆਸ਼ੂ ਬੰਗੜ, ਗੁਰਦੀਪ ਸਿੰਘ ਢਿੱਲੋਂ, ਜਗਸੀਰ ਸਿੰਘ ਖੋਸਾ, ਸਤਨਾਮ ਸਿੰਘ ਢਿੱਲੋਂ, ਸੁਖਜੀਤ ਸਿੰਘ ਗੋਗੀ, ਸੁਖਵਿੰਦਰ ਸਿੰਘ ਸ਼ੀਸ਼ਾ ਸੰਧੂ, ਰੂਪ ਲਾਲ ਵੱਤਾ, ਗੋਪੀ ਔਲਖ, ਮਨੀਸ਼ ਸੁਲਹਾਣੀ, ਕੰਵਲਪ੍ਰੀਤ ਸਿੰਘ ਗਿੱਲ, ਗੁਰਬਚਨ ਸਿੰਘ ਕਾਲਾ ਟਿੱਬਾ, ਦੇਸ ਰਾਜ ਅਹੂਜਾ, ਕਰਨ ਵੀਰ ਸਿੰਘ ਬਰਾੜ, ਸਮਰਦੀਪ ਸੱਪਾਂਵਾਲੀ, ਗੁਰਨਾਮ ਸਿੰਘ ਸ਼ੇਰਖਾਂ, ਕਸ਼ਮੀਰ ਸਿੰਘ ਢੇਰੂ, ਜੋਬਨ ਜੀਤ ਧਾਲੀਵਾਲ, ਲਵ ਵਲੂਰ, ਕੁਲਬੀਰ ਸਿੰਘ ਠੇਠਰ, ਮਲਕੀਤ ਸਿੰਘ ਝੋਕ, ਗੁਰਨਾਮ ਸਿੰਘ ਝੋਕ, ਬਲਜੀਤ ਸਿੰਘ ਸਿੱਧੂ, ਜਸਵੀਰ ਸਿੰਘ ਮਾਨ, ਜਗਜੀਤ ਸਿੰਘ ਭੋਲੂ ਵਾਲਾ, ਹੀਰਾ ਸਿੰਘ ਸਰਪੰਚ, ਨੰਬਰਦਾਰ ਕੁਲਦੀਪ ਸਿੰਘ, ਸੁਰਿੰਦਰ ਸਿੰਘ ਭੁੱਲਰ, ਰਾਜ ਕੁਮਾਰ, ਮਨਦੀਪ ਸਿੰਘ ਅਨਾਰਕਲੀ, ਰਿੰਪਾ ਭਾਲਾ, ਜੱਸ ਮੋਹਿਤ ਸਿੰਘ ਸਰਪੰਚ, ਕਸ਼ਮੀਰ ਸਿੰਘ ਲੋਹਗੜ੍ਹ, ਕਰਮਜੀਤ ਲਵਲੀ, ਦਲਜੀਤ ਸਿੰਘ ਬਿੱਟੂ, ਤਰਸੇਮ ਸਿੰਘ ਅਟਵਾਲ, ਤਰਸੇਮ ਸਿੰਘ ਸਰੋਆ, ਡਾਕਟਰ ਕੁਲਦੀਪ ਸਿੰਘ ਧੀਰਾ ਪੱਤਰਾਂ, ਪੀਏ ਤਰਨ ਬੁੱਟਰ ਤੋਂ ਇਲਾਵਾ ਨਿੱਜੀ ਸਕੱਤਰ ਕਮਲ ਗਿੱਲ ਸੋਨੂੰ ਹਾਜ਼ਰ ਸਨ।

## ਸਫਾ 1 ਦੇ ਬਾਕੀ...

### ਹੁਣ ਨਸ਼ਿਆਂ ਦੇ ਖ਼ਤਰੇ ...

ਲਈ ਆਉਣ ਵਾਲੇ ਮਹੀਨੇ ਇਨ੍ਹਾਂ ਵੀ ਡੀ ਸੀਜ਼ ਦੀ ਮਹੱਤਵਪੂਰਨ ਮੀਟਿੰਗ ਬੁਲਾਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ—ਇਸ ਮੀਟਿੰਗ ਵਿੱਚ ਵੀ.ਡੀ.ਸੀ. ਮੈਂਬਰ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਪ੍ਰਣ ਲੈਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੇਕ ਕਾਰਜ ਲਈ ਉਨ੍ਹਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਯਕੀਨੀ ਬਣਾਏਗੀ।

ਉਨ੍ਹਾਂ ਅਧਿਕਾਰੀਆਂ ਨੂੰ ਵੀ ਡੀ ਸੀ ਮੈਂਬਰਾਂ ਨੂੰ ਹਰ ਪੱਤਰ ਜਲਦੀ ਦੇਣ ਲਈ ਵੀ ਕਿਹਾ ਤਾਂ ਜੋ ਉਨ੍ਹਾਂ ਦੇ ਮਹੱਤਵਪੂਰਨ ਕੰਮ ਨੂੰ ਮਾਨਤਾ ਦਿੱਤੀ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ, ਹਰ ਮੁਹਿੰਮ ਲਈ ਜਨਤਕ ਭਾਗੀਦਾਰੀ ਜ਼ਰੂਰੀ ਹੈ। ਇਹ ਇਸ ਮੁਹਿੰਮ ਨੂੰ ਲੋਕ ਸਮੇਂ ਤੱਕ ਜਾਰੀ ਰੱਖਣ ਲਈ ਵੀ ਲਾਜ਼ਮੀ ਗੱਲ ਹੈ।

ਮੁੱਖ ਮੰਤਰੀ ਨੇ ਕਿਹਾ—ਯੁੱਧ ਨਸ਼ਿਆਂ ਵਿਰੁੱਧ ਲੋਕ ਲਹਿਰ ਬਣ ਚੁੱਕੀ ਹੈ ਕਿਉਂਕਿ ਇਹ ਖ਼ਤਰਾ ਇਕ ਸਮਾਜਿਕ ਸਮੱਸਿਆ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਰਗਰਮ ਸਮਰਥਨ ਨਾਲ 'ਯੁੱਧ ਨਸ਼ਿਆਂ ਵਿਰੁੱਧ' ਦਾ ਦੂਜਾ ਪੜਾਅ ਪਹਿਲੇ ਪੜਾਅ ਨਾਲੋਂ ਵੀ ਵੱਧ ਸਫ਼ਲ ਹੋਵੇਗਾ ਅਤੇ ਪੰਜਾਬ ਇਸ ਮੁਹਿੰਮ ਦੇ ਇਸ ਵਜੋਂ ਸਫਲਤਾ ਦੀ ਨਵੀਂ ਕਹਾਣੀ ਲਿਖਣ ਲਈ ਤਿਆਰ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਇਸ ਲੋਕ ਲਹਿਰ ਨੂੰ ਸਫਲਤਾਪੂਰਵਕ ਪੂਰਾ ਕਰ ਕੇ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਹੋਰ ਵੀ ਹਾਜ਼ਰ ਸਨ।


### 11 ਕੈਡਿਟ ਦੀ ਰੱਖਿਆ...


ਦੇ ਕੈਡਿਟ ਗੁਰਕੀਰਤ ਸਿੰਘ ਦੀ ਇੰਡੀਅਨ ਨੇਵਲ ਅਕੈਡਮੀ (ਆਈਐਨਏ) ਦੇ 117ਵੇਂ ਕੋਰਸ ਵਿੱਚ ਸਿਲੈਕਸ਼ਨ ਹੋਈ ਹੈ। ਇਸ ਤੋਂ ਇਲਾਵਾ, ਬਠਿੰਡਾ ਦੇ ਗੁਰਨੂਰ ਸਿੰਘ ਦੀ ਮਿਲਟਰੀ ਕਾਲਜ ਆਫ਼ ਇਲੈਕਟ੍ਰਾਨਿਕਸ ਐਂਡ ਮਕੈਨੀਕਲ ਇੰਜੀਨੀਅਰਿੰਗ (ਐੱਮ ਸੀ ਈ ਐੱਮ ਈ) ਸਿਕੰਦਰਾਬਾਦ ਵਿਖੇ ਕੈਡੇਟਸ ਟ੍ਰੇਨਿੰਗ ਵਿੰਗ (ਸੀ ਟੀ ਡਬਲਯੂ) ਵਿੱਚ ਚੋਣ ਹੋਈ ਹੈ, ਜਦੋਂ ਕਿ ਜਲੰਧਰ ਦਾ ਆਕਾਸ਼ ਸਿੰਘ ਕੁਲਵਾਹਾ ਤਕਨੀਕੀ ਐਂਟਰੀ ਸਕੀਮ (ਟੀ ਈ ਐੱਸ)–54 ਕੋਰਸ ਲਈ ਮਿਲਟਰੀ ਕਾਲਜ ਆਫ਼ ਟੈਲੀਕਮਿਊਨੀਕੇਸ਼ਨ ਇੰਜੀਨੀਅਰਿੰਗ (ਐੱਮ ਸੀ ਟੀ ਈ) ਮਹੂ ਵਿਖੇ ਸੀ ਟੀ ਡਬਲਯੂ ਵਿੱਚ ਸ਼ਾਮਲ ਹੋਏ। ਗੁਰਨੂਰ ਸਿੰਘ ਨੇ ਤਕਨੀਕੀ ਐਂਟਰੀ ਸਕੀਮ (ਟੀ ਈ ਐੱਸ)–54 ਕੋਰਸ ਲਈ ਦੇਸ਼ ਭਰ ਵਿੱਚੋਂ 15ਵਾਂ ਰੈਂਕ ਪ੍ਰਾਪਤ ਕੀਤਾ ਹੈ।

## ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ 'ਚ ਗਣਤੰਤਰਤਾ ਦਿਵਸ ਮਨਾਇਆ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ ਵਿੱਚ 26 ਜਨਵਰੀ ਨੂੰ 77ਵਾਂ ਗਣਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਦੇਸ਼ ਭਗਤੀ ਨਾਲ ਸੰਬੰਧਤ ਸੰਸਕ੍ਰਿਤਿਕ ਗਤੀਵਿਧੀਆਂ 'ਚ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਾਰਥਨਾ ਨਾਲ ਕੀਤੀ ਗਈ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਗਣਤੰਤਰਤਾ ਦਿਵਸ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ ਗਏ।ਕੇ.ਜੀ. ਜਮਾਤ ਦੇ ਨੰਨੇ-ਮੁੰਨੇ ਬੱਚਿਆਂ ਵੱਲੋਂ ਦੇਸ਼ ਭਗਤੀ ਕਵਿਤਾਵਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਵਿਦਿਆਰਥੀਆਂ ਵੱਲੋਂ ਕਸ਼ਮੀਰੀ ਡਾਂਸ ਵਿਸ਼ੇ 'ਤੇ ਸੁੰਦਰ ਐਕਟ ਪੇਸ਼ ਕੀਤਾ ਗਿਆ।ਇਸ ਤੋਂ



ਇਲਾਵਾ ਮੌਲਿਕ ਅਧਿਕਾਰਾਂ 'ਤੇ ਅਧਾਰਤ ਇੱਕ ਨੁੱਕੜ ਨਾਟਕ ਵੀ ਪੇਸ਼ ਕੀਤਾ ਗਿਆ, ਜਿਸ ਰਾਹੀਂ ਸੰਵਿਧਾਨਕ ਮੁੱਲਾਂ ਬਾਰੇ ਜਾਗਰੂਕਤਾ ਫੈਲਾਈ ਗਈ।ਸਕੂਲ ਦੇ ਅਕਾਦਮਿਕ ਡਾਇਰੈਕਟਰ ਸ਼੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥੀਆਂ ਨੂੰ ਗਣਤੰਤਰਤਾ ਦਿਵਸ ਤੇ ਭਾਰਤ ਦੇ ਸੰਵਿਧਾਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਸਮਾਪਨ ਰਾਸ਼ਟਰੀ ਗਾਣ ਨਾਲ ਕੀਤਾ ਗਿਆ।ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਮਮਤਾ ਮੱਕੜ ਨੇ ਸਾਰੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਗਣਤੰਤਰਤਾ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28 Jan Page 3.qxd 1/27/2026 10:46 PM Page 1



# 77ਵੇਂ ਗਣਤੰਤਰ ਦਿਵਸ 'ਤੇ ਬੜੇ ਜੋਸ਼ੋ-ਖਰੋਸ਼ ਨਾਲ ਲਹਿਰਾਇਆ ਵੱਖ-ਵੱਖ ਥਾਈਂ ਕੌਮੀ ਤਿਰੰਗਾ


ਕਾਦੀਆਂ


ਬਟਾਲਾ


ਬਟਾਲਾ/ਧਾਰੀਵਾਲ


ਡੇਰਾ ਬਾਬਾ ਨਾਨਕ


ਪਠਾਨਕੋਟ


ਬਟਾਲਾ


ਕਾਦੀਆਂ

**ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)-** .ਯੂਨਾਈਟਡ ਫਰੰਟ ਐਕਸ ਸਰਵਿਸਮੈਨ ਅਤੇ ਕਾਹਨੂੰਵਾਨ ਸਰਕਲ ਦੇ ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਵੱਲੋਂ 77ਵਾਂ ਗਣਤੰਤਰਤਾ ਦਿਵਸ ਬੜੀ ਧੂਮ ਧਾਮ ਦੇ ਨਾਲ ਸ਼ਹੀਦੀ ਸਮਾਰਕ ਕਾਹਨੂੰਵਾਨ ਵਿਖੇ ਮਨਾਇਆ ਗਿਆ, ਇਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਕਰਨਲ ਪਰਮਜੀਤ ਸਿੰਘ ਪਾਲੀਆਂ ਨੇ ਅਦਾ ਕੀਤੀ। ਇਸ ਤੋਂ ਪਹਿਲਾਂ ਯੂਨਾਈਟਡ ਫਰੰਟ ਐਕਸ ਸਰਵਿਸਮੈਨ ਵੱਲੋਂ ਰਾਜਪੂਤ ਸਰਾਂ ਤੋਂ ਸ਼ਹੀਦੀ ਸਮਾਰਕ ਤੱਕ ਫਲੈਕ ਮਾਰਚ ਕੀਤਾ ਗਿਆ ਅਤੇ ਦੇਸ਼ ਭਗਤੀ ਦੇ ਨਾਹਰੇ ਵੀ ਲਗਾਏ ਗਏ,ਇਸ ਮੌਕੇ ਕਰਨਲ ਗੁਰਮੁਖ ਸਿੰਘ ਬਡਵਾਲ ਕਰਨਲ ਅਜੇ ਕੁਮਾਰ ਉਪਲ ਸਮੇਤ ਇਲਾਕੇ ਦੇ ਵੱਡੀ ਗਿਣਤੀ ਵਿੱਚ ਸਾਬਕਾ ਫੌਜੀ ਅਫਸਰ ਅਤੇ ਜਵਾਨ ਹਾਜ਼ਰ ਸਨ।

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਪੂਰੇ ਭਾਰਤ ਵਿੱਚ 77ਵਾਂ ਗਣਤੰਤਰ ਦਿਵਸ ਦੇਸ਼ ਭਗਤੀ ਅਤੇ ਗੌਰਵ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸੇ ਤਰ੍ਹਾਂ ਕਾਦੀਆਂ ਸ਼ਹਿਰ ਵਿੱਚ ਵੀ ਗਣਤੰਤਰ ਦਿਵਸ ਵੱਖ-ਵੱਖ ਸਰਕਾਰੀ, ਸ਼ਿਖਿਆਤਮਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਧੂਮਧਾਮ ਨਾਲ ਮਨਾਇਆ ਗਿਆ। ਹਰ ਥਾਂ ਤਿਰੰਗਾ ਲਹਿਰਾਉਂਦਾ ਦਿਖਾਈ ਦਿੱਤਾ ਅਤੇ ਦੇਸ਼ ਭਗਤੀ ਦੇ ਨਾਅਰਿਆਂ ਨਾਲ ਮਾਹੌਲ ਗੂੰਜ ਉਠਿਆ।ਜਾਮਿਆ ਅਹਿਮਦੀਆ ਕਾਦੀਆਂ ਵਿਖੇ ਵੀ ਗਣਤੰਤਰ ਦਿਵਸ ਪੂਰੇ ਆਦਰ ਸਤਿਕਾਰ ਨਾਲ ਮਨਾਇਆ ਗਿਆ, ਜਿੱਥੇ ਮਨਸੂਰ ਅਹਿਮਦ ਵੱਲੋਂ ਰਾਸ਼ਟਰੀ ਝੰਡਾ ਲਹਿਰਾਇਆ ਗਿਆ।ਉਥੇ ਮੌਜੂਦ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਦਾ ਸੰਕਲਪ ਲਿਆ।ਇਸ ਤੋਂ ਇਲਾਵਾ ਅਹਿਮਦੀਆ ਯੂਥ ਵਿੰਗ ਕਾਦੀਆਂ ਵੱਲੋਂ ਵੀ ਗਣਤੰਤਰ ਦਿਵਸ ਮਨਾਇਆ ਗਿਆ। ਯੂਥ ਵਿੰਗ ਦੇ ਪ੍ਰਧਾਨ ਨਿਆਜ਼ ਨਾਇਕ ਵੱਲੋਂ ਤਿਰੰਗਾ ਲਹਿਰਾਇਆ ਗਿਆ।ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਨੌਜਵਾਨਾਂ ਨੂੰ ਸੰਵਿਧਾਨ ਦੀ ਪਾਲਣਾ ਕਰਨ, ਦੇਸ਼ ਦੀ ਤਰੱਕੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਅਹਵਾਨ ਕੀਤਾ।

**ਬਟਾਲਾ, (ਤਰਲੋਕ ਬੱਗਾ)-** 77ਵਾਂ ਗਣਤੰਤਰ ਦਿਵਸ ਸਮਾਗਮ ਅੱਜ ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਸਰਕਾਰੀ ਬਹੁ-ਤਕਨੀਕੀ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਸਟੇਡੀਅਮ ਵਿਖੇ ਗਣਤੰਤਰ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਸ੍ਰੀ ਗੁਰਮੰਦਰ ਸਿੰਘ ਐੱਸਡੀਐੱਮ ਬਟਾਲਾ ਨੇ ਅਦਾ ਕੀਤੀ ਉਨ੍ਹਾਂ ਦੇ ਨਾਲ ਡੀਐੱਸਪੀ ਸਿਟੀ ਸੰਜੀਵ ਕੁਮਾਰ ਵੀ ਮੌਜੂਦ ਸਨ। ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਸ੍ਰੀ ਗੁਰਮੰਦਰ ਸਿੰਘ ਨੇ ਪਰੇਡ ਦਾ ਮੁਆਇਨਾ ਕੀਤਾ ਉਪਰੰਤ ਐੱਸ.ਆਈ. ਸਕੱਤਰ ਸਿੰਘ ਦੀ ਅਗਵਾਈ ਹੇਠ ਪੰਜਾਬ ਪੁਲਿਸ ਦੇ ਜਵਾਨਾਂ, ਮਹਿਲਾ ਪੁਲਸ, ਪੰਜਾਬ ਹੋਮਗਾਰਡ ਦੇ ਜਵਾਨਾਂ ਅਤੇ ਐੱਨ.ਸੀ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ।ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਐੱਸ.ਡੀ.ਐੱਮ. ਬਟਾਲਾ ਗੁਰਮੰਦਰ ਸਿੰਘ ਨੇ ਆਪਣੇ ਸੰਦੇਸ਼ 'ਚ 77ਵੇਂ ਗਣਤੰਤਰ ਦਿਵਸ ਦੀ ਸਮੂਹ ਇਲਾਕਾ ਨਿਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੱਤੀ।

**ਗੁਰਦਾਸਪੁਰ, (ਜਨਕ ਮਹਾਜਨ)-** ਜ਼ਿਲ੍ਹਾ ਪੱਧਰੀ 77ਵਾਂ ਗਣਤੰਤਰ ਦਿਹਾੜਾ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ)


ਗੁਰਦਾਸਪੁਰ

ਸਟੇਡੀਅਮ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿੱਤਿਆ ਉਪਲ ਵਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਰਮ ਪਤਨੀ ਡਾ. ਆਦਿਤੀ ਉਪਲ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਿਆ ਅਤੇ ਉਨ੍ਹਾਂ ਦੀ ਧਰਮ ਪਤਨੀ ਡਾ. ਮਹਿਮਾ ਸਿੰਘ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਦੇਸ਼-ਵਿਦੇਸ਼ ਵਿਚ ਵੱਸਦੇ ਸਾਰੇ ਪੰਜਾਬੀਆਂ ਖਾਸ ਕਰ ਜ਼ਿਲ੍ਹਾਂ ਵਾਸੀਆਂ ਨੂੰ ਗਣਤੰਤਰ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਦੇਸ ਦੇ ਆਜ਼ਾਦੀ ਸੰਗਰਾਮ ਦੌਰਾਨ ਸਭ ਤੋਂ ਜ਼ਿਆਦਾ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ। ਪੰਜਾਬ ਦੀ ਧਰਤੀ ਤੋਂ ਆਜ਼ਾਦੀ ਲਈ ਚੱਲੀਆਂ ਗਦਰ ਲਹਿਰ, ਬੱਬਰ ਅਕਾਲੀ ਲਹਿਰ, ਕੂਕਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਕਾਮਾਗਾਟਾਮਾਰੂ, ਪਗੜੀ ਸੰਭਾਲ ਜੱਟਾ ਆਦਿ ਸੰਘਰਸ਼ੀ ਲਹਿਰਾਂ ਨੇ ਭਾਰਤ ਦੇ ਆਜ਼ਾਦੀ ਸੰਘਰਸ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦਿੱਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਇਸ ਪਵਿੱਤਰ ਦਿਹਾੜੇ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਵਡਮੁੱਲੇ ਯੋਗਦਾਨ ਨੂੰ ਵੀ ਸਿੱਜਦਾ ਕਰਦੇ ਹਨ, ਜਿਨ੍ਹਾਂ ਦੇ ਯੋਗਦਾਨ ਸਦਕਾ 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਨਾਲ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਅਤੇ ਸਾਨੂੰ ਦੁਨੀਆ ਵਿੱਚ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਮਾਣ ਹਾਸਲ ਹੋਇਆ।

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-** ਅਕੈਡਮਿਕ ਹਾਈਟਸ ਪਬਲਿਕ ਸਕੂਲ ਅਤੇ ਬਚਪਨ ਪਲੇਅ ਸਕੂਲ ਅਜਨਾਲਾ ਵਿੱਚ 26 ਜਨਵਰੀ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ, ਜੋਸ਼ ਅਤੇ ਦੇਸ਼ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਸਕੂਲ ਦੀ ਡਾਇਰੈਕਟਰ ਮੈਡਮ ਸੰਤੋਸ਼ ਬਜਾਜ, ਅਕੈਡਮਿਕ ਹਾਈਟਸ ਦੇ ਪ੍ਰਿੰਸੀਪਲ ਅੰਸ਼ ਬਜਾਜ ਅਤੇ ਬਚਪਨ ਪਲੇਅ ਸਕੂਲ ਦੀ ਪ੍ਰਿੰਸੀਪਲ ਮੋਨਿਕਾ ਵੱਲੋਂ ਸਭ ਨੂੰ 26 ਜਨਵਰੀ ਦੀਆਂ ਦਿਲੋਂ ਬਹੁਤ-ਬਹੁਤ ਵਧਾਈਆਂ ਦਿੱਤੀਆਂ ਗਈਆਂ।ਨੰਨੇ-ਮੁੰਨੇ ਬੱਚਿਆਂ ਵੱਲੋਂ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਬੱਚਿਆਂ ਨੇ ਦੇਸ਼ਭਗਤੀ ਡਾਂਸ ਪਰਫਾਰਮੈਂਸ, ਗੀਤਾਂ ਅਤੇ ਹੋਰ ਕਲਚਰਲ ਐਕਟੀਵਿਟੀਜ਼ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ।ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਸਭ ਨੇ ਖੂਬ ਸਰਾਹਿਆ।ਸਕੂਲ ਪ੍ਰਬੰਧਨ ਵੱਲੋਂ ਬੱਚਿਆਂ ਵਿੱਚ ਦੇਸ਼ਭਗਤੀ, ਅਨੁਸ਼ਾਸਨ ਅਤੇ ਨੈਤਿਕ ਮੁੱਲਾਂ ਦੀ ਭਾਵਨਾ ਵਿਕਸਿਤ ਕਰਨ ਦਾ ਸੰਦੇਸ਼ ਦਿੱਤਾ ਗਿਆ।ਸਮਾਗਮ ਦੇ ਅੰਤ ਵਿੱਚ ਸਭ ਨੇ ਮਿਲ ਕੇ ਦੇਸ਼ ਦੀ ਤਰੱਕੀ ਅਤੇ ਏਕਤਾ ਲਈ ਕਾਮਨਾ ਕੀਤੀ।

**ਧਾਰੀਵਾਲ/ਬਟਾਲਾ, (ਮਨਦੀਪ ਵਿੱਕੀ, ਤਰਲੋਕ ਬੱਗਾ)-** 77ਵਾਂ ਗਣਤੰਤਰ ਦਿਵਸ ਸਮਾਗਮ ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਸਰਕਾਰੀ ਬਹੁ-ਤਕਨੀਕੀ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਸਟੇਡੀਅਮ ਵਿਖੇ ਗਣਤੰਤਰ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਗੁਰਮੰਦਰ ਸਿੰਘ ਐੱਸਡੀਐੱਮ ਬਟਾਲਾ ਨੇ ਅਦਾ ਕੀਤੀ ਉਨ੍ਹਾਂ ਦੇ ਨਾਲ ਡੀਐੱਸਪੀ ਸਿਟੀ ਸੰਜੀਵ ਕੁਮਾਰ ਵੀ ਮੌਜੂਦ ਸਨ। ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਸ੍ਰੀ ਗੁਰਮੰਦਰ ਸਿੰਘ ਨੇ ਪਰੇਡ ਦਾ ਮੁਆਇਨਾ ਕੀਤਾ। ਇਸ ਉਪਰੰਤ ਐੱਸਆਈ ਸਕੱਤਰ ਸਿੰਘ ਦੀ ਅਗਵਾਈ ਹੇਠ ਪੰਜਾਬ ਪੁਲਿਸ ਦੇ ਜਵਾਨਾਂ, ਮਹਿਲਾ ਪੁਲਿਸ, ਪੰਜਾਬ ਹੋਮਗਾਰਡ ਦੇ ਜਵਾਨਾਂ ਅਤੇ ਐੱਨਸੀਸੀ ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਐੱਸਡੀਐੱਮ ਬਟਾਲਾ ਗੁਰਮੰਦਰ ਸਿੰਘ ਨੇ ਆਪਣੇ ਸੰਦੇਸ਼ 'ਚ 77ਵੇਂ ਗਣਤੰਤਰ ਦਿਵਸ ਦੀ ਸਮੂਹ ਇਲਾਕਾ ਨਿਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ, ਗੁਰੂਆਂ-ਪੀਰਾਂ ਪੈਗੰਬਰਾਂ ਦੀ ਧਰਤੀ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਜਿੱਥੇ ਇਸ ਧਰਤੀ 'ਤੇ ਜਬਰ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਦਿਆਂ ਲੋਕਾਂ ਨੂੰ ਵਿਦੇਸ਼ੀ ਜਰਵਾਨਿਆਂ ਵਿਰੁੱਧ ਸੁਚੇਤ ਕੀਤਾ ਸੀ, ਉੱਥੇ ਉਨਾਂ ਨੇ ਸਰਬੱਤ ਦੇ ਭਲੇ ਦਾ ਸੰਦੇਸ਼ ਦੇ ਕੇ ਸਮੁੱਚੀ ਮਨੁੱਖਤਾ ਵਿੱਚ ਅਮਨ, ਸ਼ਾਂਤੀ, ਸਦਭਾਵਨਾ ਅਤੇ ਬਰਾਬਰੀ ਦਾ ਸੰਦੇਸ਼ ਵੀ ਦਿੱਤਾ ਸੀ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਪ੍ਰਾਪਤੀ ਲਈ ਚੱਲੇ ਲੰਬੇ ਸੰਘਰਸ਼ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਧ 80 ਫੀਸਦੀ ਯੋਗਦਾਨ ਰਿਹਾ। ਪੰਜਾਬ ਦੀ ਧਰਤੀ ਤੋਂ ਗ਼ਦਰ ਲਹਿਰ, ਕੂਕਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਪੱਗੜੀ ਸੰਭਾਲ ਲਹਿਰ, ਪਰਜਾ ਤੰਤਰ, ਨੌਜਵਾਨ ਸਭਾ ਸ਼ੁਰੂ ਹੋਈ। ਸਮੇਂ-ਸਮੇਂ 'ਤੇ ਲੱਗੇ ਮੋਰਚਿਆਂ ਨੇ ਵਿਦੇਸ਼ੀ ਹਾਕਮਾਂ ਨੂੰ ਦੇਸ਼ ਛੱਡਣ ਲਈ ਮਜ਼ਬੂਰ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਆਜ਼ਾਦੀ ਲਈ ਸੰਘਰਸ਼ ਵਿੱਚ ਪੰਜਾਬ ਦੇ ਸੂਰਬੀਰਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ, ਜਿਨਾਂ ਵਿੱਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ ਦੇ ਨਾਂ ਮੋਹਰਲੀਆਂ ਸਫ਼ਾਂ ਵਿੱਚ ਆਉਂਦੇ ਹਨ।

**ਪਠਾਨਕੋਟ (ਦਵਿੰਦਰ ਸਿੰਘ)-** ਮੌਂਟੇਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਵੱਲੋਂ ਆਪਣੇ ਸਕੂਲ ਵਿੱਚ 77ਵਾਂ ਗਣਤੰਤਰ ਦਿਵਸ ਬਹੁਤ ਉਤਸ਼ਾਹ ਅਤੇ ਰਾਸ਼ਟਰੀ ਗੌਰਵ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਧਵਜਾਰੋਹਣ ਸਮਾਰੋਹ ਨਾਲ ਹੋਈ, ਜਿਸ ਦੀ ਅਗਵਾਈ ਡਾਇਰੈਕਟਰ ਅਤੇ ਪ੍ਰਿੰਸੀਪਲ ਰਸ਼ਮੀ ਅਹਲੂਵਾਲੀਆ ਨੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਪ੍ਰਬੰਧਕ ਮੈਂਬਰਾਂ ਦੀ ਹਾਜ਼ਰੀ ਵਿੱਚ ਕੀਤੀ।ਇਸ ਮੌਕੇ ਚੇਅਰਮੈਨ ਵਿਨੋਦ ਮਹਾਜਨ ਅਤੇ ਉਪ-ਚੇਅਰਮੈਨ ਆਕਾਸ਼ ਮਹਾਜਨ ਵੀ ਮੌਜੂਦ ਸਨ। ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਅਤੇ ਵਿਦਿਆਰਥੀਆਂ ਨੂੰ ਏਕਤਾ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਵਰਗੀਆਂ ਮੁੱਲਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਸਕੂਲ ਦੇਸ਼ਭਗਤੀ ਦੇ ਜਜ਼ਬੇ ਨਾਲ ਸਰਾਬੋਰ ਸੀ, ਜਦੋਂ ਵਿਦਿਆਰਥੀਆਂ ਨੇ ਰਾਸ਼ਟਰ ਪ੍ਰੇਮ ਨੂੰ ਦਰਸਾਉਂਦੀਆਂ ਵੱਖ-ਵੱਖ ਗਤਿਵਿਧੀਆਂ ਵਿੱਚ ਭਾਗ ਲਿਆ।


ਅੰਮ੍ਰਿਤਸਰ

**ਅੰਮ੍ਰਿਤਸਰ (ਅਰੋੜਾ):** ਮਹਾਨਗਰ ਵਿਖੇ ਪਤਵੰਤਿਆਂ ਅਤੇ ਬੁੱਧੀਜੀਵੀਆਂ ਦੇ ਸੰਗਠਨ ਦੇ ਰੂਪ ਵਜੋਂ ਜਾਣੇ ਜਾਂਦੇ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਦੇਸ਼ ਦਾ 77ਵਾਂ ਗਣਤੰਤਰ ਦਿਵਸ ਬੜੇ ਵਿਧੀ ਵਿਧਾਨ ਅਤੇ ਉਤਸਾਹ ਦੇ ਨਾਲ ਮਨਾਇਆ ਗਿਆ।ਕਲੱਬ ਦੇ ਮੈਦਾਨ ਵਿਖੇ ਰਾਸ਼ਟੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਸਮਾਜ ਸੇਵਕ ਕਲੱਬ ਦੇ ਪ੍ਰਧਾਨ ਲਲਿਤ ਮੋਹਨ ਚੰਡੋਕ ਵੱਲੋਂ ਨਿਭਾਈ ਗਈ ਉਸ ਤੋਂ ਬਾਅਦ ਸਾਰੇ ਮੈਂਬਰਾਂ ਨੇ ਮਿਲਕੇ ਰਾਸ਼ਟਰੀ ਗਾਣ ਅਤੇ ਵੰਦੇ ਮਾਤਰਮ ਦੀ ਪ੍ਰਥਾ ਨਿਭਾਈ।ਪ੍ਰਧਾਨ ਲਲਿਤ ਮੋਹਨ ਚੰਡੋਕ ਨੇ ਕਲੱਬ ਦੇ ਸਾਰੇ ਮੈਂਬਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਦੇਸ਼ ਵਿੱਚ ਆਪਣਾ ਸੰਵਿਧਾਨ ਲਾਗੂ ਕਰਵਾਉਣ ਤੋਂ ਪਹਿਲਾਂ ਬਹੁਤ ਸਾਰੇ ਦੇਸ਼ ਭਗਤਾਂ ਦੁਆਰਾ ਆਪਣੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਸਨ ਉਸ ਤੋਂ ਬਾਅਦ ਸਾਨੂੰ ਆਜ਼ਾਦੀ ਮਿਲੀ ਸੀ।1947 ਵਿੱਚ ਆਜ਼ਾਦੀ ਤੋਂ ਬਾਅਦ ਵੀ ਸਾਡਾ ਦੇਸ਼ ਅੰਗਰੇਜ਼ਾਂ ਦੇ ਸੰਵਿਧਾਨ ਦੇ ਅਨੁਸਾਰ ਕੰਮ ਕਰਦਾ ਰਿਹਾ ਮਗਰ ਸੰਵਿਧਾਨ ਦੇ ਨਿਰਮਾਤਾ ਬਾਬਾ ਅੰਬੇਦਕਰ ਨੇ ਭਾਰਤ ਨੂੰ ਆਪਣਾ ਸੰਵਿਧਾਨ ਭੇਟ ਕੀਤਾ। ਡਾ. ਅੰਬੇਦਕਰ ਨੂੰ ਪੂਰਾ ਭਾਰਤ ਬੜੇ ਹੀ ਆਦਰ ਨਾਲ ਯਾਦ ਕਰਦਾ ਹੈ। ਇਸ ਮੌਕੇ ਰਜੇਸ਼ ਮੇਹਰਾ, ਅਨੂਪ ਕਪੂਰ, ਰਾਜ ਅਰੋੜਾ, ਲਾਲੀ ਢਾਬੀਆ, ਅਜੇ ਅਰੋੜਾ, ਅਸ਼ੋਕ ਪ੍ਰਧਾਨ, ਵਿਜੇ ਨਈਅਰ, ਸੁਰਿੰਦਰ ਆਬਰਾਏ, ਓਮ ਪ੍ਰਕਾਸ਼ ਲਾਟੀ ਸ਼ਾਹ, ਕਾਲਾ ਸੋਢੀ, ਰੰਜਨ ਅਗਰਵਾਲ, ਕਲੱਬ ਦੇ ਸੀਨੀਅਰ ਮੈਨੇਜਰ ਮਨੀਸ਼ ਅਰੋੜਾ, ਸਹਾਇਕ ਵਿਨੋਦ ਕੁਮਾਰ, ਰਵੀ ਅਰੋੜਾ ਸਹਿਤ ਕਲੱਬ ਦੇ ਸਮੂਹ ਮੈਂਬਰ ਮੌਜੂਦ ਸਨ।

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-** ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ 77ਵਾ ਗਣਤੰਤਰ ਦਿਵਸ ਕਸਬੇ ਦੀ ਦਾਣਾ ਮੰਡੀ ਵਿਖੇ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਗਣਤੰਤਰ ਦਿਵਸ ਸਮਾਰੋਹ ਮੌਕੇ ਡਾਕਟਰ ਆਦਿੱਤਿਆ ਸ਼ਰਮਾ ਆਈਏਐੱਸ ਉਪ ਮੰਡਲ ਮੈਜਿਸਟ੍ਰੇਟ ਡੇਰਾ ਬਾਬਾ ਨਾਨਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ।ਮੁੱਖ ਮਹਿਮਾਨ ਵੱਲੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨਾਲ ਪਰੇਡ ਦਾ ਮੁਆਇਨਾ ਕਰਨ ਉਪਰੰਤ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ।ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਅਤੇ ਪੁਲਸ ਪਾਰਟੀ ਵੱਲੋਂ ਮਾਰਚ ਪਾਸਟ ਕਰਦੇ ਹੋਏ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਗਈ ।ਇਸ ਮੌਕੇ ਐੱਸਡੀਐੱਮ ਆਦਿੱਤਿਆ ਸ਼ਰਮਾ ਨੇ ਪਰੇਡ ਦਾ ਮੁਆਇਨਾ ਕਰਨ ਉਪਰੰਤ ਦੇਸ਼ ਵਾਸੀਆਂ ਦੇ ਨਾਮ ਸੰਦੇਸ਼ ਪੜ੍ਹ ਕੇ ਸੁਣਾਇਆ ਅਤੇ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ ।ਇਸ ਮੌਕੇ ਪ੍ਰਸ਼ਾਸਨ ਵੱਲੋਂ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ ,ਜਿਸ ਦੀ ਸ਼ੁਰੂਆਤ ਸਕੂਲੀ ਬੱਚਿਆਂ ਵੱਲੋਂ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਗਈ।ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਗਿੱਧਾ, ਭੰਗੜਾ, ਕੋਰੀਓਗ੍ਰਾਫੀ ਤੇ ਰੰਗਾਰੰਗ ਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।ਇਸ ਸਮਾਗਮ ਮੌਕੇ ਐੱਸਡੀਐੱਮ ਆਦਿੱਤਿਆ ਸ਼ਰਮਾ, ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਤਹਿਸੀਲਦਾਰ ਲਛਮਣ ਸਿੰਘ, ਡੀਐੱਸਪੀ ਜੋਗਾ ਸਿੰਘ ਵੱਲੋਂ ਆਈਆਂ ਹੋਈਆਂ ਵਿਸ਼ੇਸ਼ ਸ਼ਖ਼ਸੀਅਤਾਂ, ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਅਕਤੀਆਂ, ਪੱਤਰਕਾਰੋ ਭਾਈਚਾਰੇ ਤੋਂ ਇਲਾਵਾ ਸਮਾਗਮ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਕੂਲੀ ਬੱਚਿਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

## ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਨੇ ਧਾਲੀਵਾਲ ਨੂੰ ਸੌਂਪਿਆ ਰੋਸ ਪੱਤਰ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-** ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਗਣਤੰਤਰ ਦਿਵਸ 'ਤੇ ਝੰਡਾ ਚੜ੍ਹਾਉਣ ਆਏ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੂੰ ਰੋਸ ਪੱਤਰ ਦੇਣ ਸਬੰਧੀ ਅਲਟੀਮੇਟਮ ਦਿੱਤਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 22 ਬੀ ਦੇ ਪ੍ਰਧਾਨ ਅਜੈ ਸਨੋਤਰਾ ਤੇ ਰਾਕੇਸ਼ ਧਵਨ ਨੇ ਦੱਸਿਆ ਇਸ ਅਲਟੀਮੇਟਮ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਟ ਹਾਊਸ ਅੰਮ੍ਰਿਤਸਰ ਵਿਚ ਮੰਤਰੀ ਤੇ ਮੁਲਾਜ਼ਮ ਮਾਮਲਿਆਂ ਸਬੰਧੀ ਸਬ ਕਮੇਟੀ ਦੇ ਮੈਂਬਰ ਕੁਲਦੀਪ ਧਾਲੀਵਾਲ ਨਾਲ ਮੀਟਿੰਗ ਦਾ ਸਮਾਂ ਦਿੱਤਾ ਗਿਆ। ਮੀਟਿੰਗ ਵਿਚ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਲਾਗੂ ਕਰਨ ਤੇ ਡੀ.ਏ. ਦੀਆਂ ਬਕਾਇਆ ਕਿਸ਼ਤਾਂ ਦੇਣ ਸਬੰਧੀ ਗੱਲ ਹੋਈ। ਸਨੋਤਰਾ ਤੇ ਧਵਨ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਬਾਰੇ ਧਾਲੀਵਾਲ ਨੇ ਕੁਝ ਤਕਨੀਕੀ ਅੜਚਨਾਂ ਤੇ ਸੈਂਟਰ ਦੀ ਦਖ਼ਲਅੰਦਾਜ਼ੀ ਦਾ ਹਵਾਲਾ ਦਿੱਤਾ। ਆਗੂਆਂ ਨੇ ਗੱਲਬਾਤ ਦੌਰਾਨ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਤੇ ਮੁਲਾਜ਼ਮਾਂ ਦੇ ਜੀ. ਪੀ. ਫੰਡ ਖਾਤੇ ਖੋਲ੍ਹਣ ਦੀ ਚਿੱਠੀ ਜਲਦ ਕੱਢਣ ਬਾਰੇ



ਕਿਹਾ। ਉਨ੍ਹਾਂ ਦੱਸਿਆ ਕਿ ਡੀ. ਏ. ਦੀ ਕਿਸ਼ਤ ਸਬੰਧੀ ਜਲਦ ਹੀ ਨੋਟੀਫਿਕੇਸ਼ਨ ਜਾਰੀ ਕਰਨ ਦਾ ਵੀ ਭਰੋਸਾ ਮਿਲਿਆ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਇਸ ਸਮੇਂ ਪੁਰਾਣੀ ਪੈਨਸ਼ਨ ਲਾਗੂ ਨਾ ਕਰਨ ਲਈ ਮੰਤਰੀ ਨੂੰ ਰੋਸ ਪੱਤਰ ਵੀ ਦਿੱਤਾ ਗਿਆ। ਸਨੋਤਰਾ ਤੇ ਧਵਨ ਨੇ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਦੋਵਾਂ ਤੋਂ ਇਲਾਵਾ ਦਿਨੇਸ਼ ਹੁਸ਼ਿਆਰਨਗਰ, ਕੇਸ਼ਵ ਕੋਹਲੀ, ਹਿਮਾਂਸ਼ੂ ਸ਼ਰਮਾ ਆਦਿ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ 'ਤੇ ਕਾਲੇ ਕਾਨੂੰਨਾਂ ਖਿਲਾਫ ਰੋਸ ਪ੍ਰਦਰਸ਼ਨ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-** ਮੋਦੀ ਸਰਕਾਰ ਨੇ ਦੁਬਾਰਾ ਕਾਲੇ ਬਿੱਲਾਂ ਤੋਂ ਵੀ ਘਾਤਕ ਬਿਜਲੀ ਸੋਧ ਬਿੱਲ, ਬੀਜ ਬਿੱਲ; ਮਜ਼ਦੂਰ ਵਿਰੋਧੀ ਚਾਰ ਕੋਡ ਲਾਗੂ ਕਰਕੇ ਤੇ ਮਨਰੇਗਾ ਦਾ ਸਵਰੂਪ ਬਦਲ ਕੇ ਕਿਸਾਨਾਂ, ਮਜ਼ਦੂਰਾਂ ਤੇ ਗਰੀਬ ਲੋਕਾਂ 'ਤੇ ਵੱਡਾ ਹੱਲਾ ਬੋਲ ਦਿੱਤਾ ਹੈ! ਐੱਸਕੇਐੱਮ ਦੇ ਦੇਸ਼ ਵਿਆਪੀ ਸੱਦੇ 'ਤੇ ਇਨ੍ਹਾਂ ਕਾਲੇ ਬਿੱਲਾਂ ਨੂੰ ਰੱਦ ਕਰਵਾਉਣ ਲਈ ਸੈਂਕੜੇ ਪਿੰਡਾਂ ਤੋਂ ਟਰੈਕਟਰਾਂ ਦੇ ਕਾਫਲੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਸੰਗਤਪੁਰੇ ਤੋਂ ਮਾਸਟਰ ਅਮਰੀਕ ਸਿੰਘ; ਝੰਡੇਰ ਤੋਂ ਸਤਨਾਮ ਸਿੰਘ; ਤਿੰਨਾਂ ਛੀਨਿਆਂ ਤੋਂ ਹਰਪਾਲ ਸਿੰਘ ਛੀਨਾ ਤੇ ਕਾਬਲ ਸਿੰਘ ਛੀਨਾ; ਪਿੰਡ ਸੈਂਸਰਾ ਸੁਖਦੇਵ ਸਿੰਘ; ਚੇਤਨਪੁਰੇ ਤੋਂ ਟਹਿਲ ਸਿੰਘ ; ਪਿੰਡ ਦੁਧਰਾਏ ਤੋਂ ਹਰਜਿੰਦਰ ਸਿੰਘ; ਪਿੰਡ ਜੱਸੜ ਤੋਂ ਅਵਤਾਰ ਸਿੰਘ; ਬੱਗੇ ਕਲਾਂ ਤੋਂ ਤੇਜਬੀਰ ਸਿੰਘ ਭੋਲਾ ਸਰਪੰਚ; ਕਾਮਲਪੁਰੇ ਤੋਂ ਤਰਸੇਮ ਸਿੰਘ; ਪਿੰਡ ਤੋਲੇ ਨੰਗਲ ਤੋਂ ਕੁਲਵੰਤ ਸਿੰਘ; ਬਲਤੇਜ ਸਿੰਘ ਦਿਆਲਪੁਰਾ;ਪਿੰਡ ਕੜਿਆਲ ਤੋਂ ਮੇਜਰ ਸਿੰਘ; ਅਮਰਜੀਤ ਸਿੰਘ ਹਰੜ ਖੁਰਦ; ਪਿੰਡ ਮਲਕਪੁਰ ਤੋਂ ਲਵਜੀਤ ਸਿੰਘ; ਪਿੰਡ



ਡਿਆਲ ਭੱਟੀ ਤੋਂ ਬਲਵਿੰਦਰ ਸਿੰਘ; ਸਤਵਿੰਦਰ ਸਿੰਘ ਉਠੀਆਂ; ਦੇਸਾ ਸਿੰਘ ਭਿੰਡੀ ਔਲਖ; ਸਰਪੰਚ ਬਲਕਾਰ ਸਿੰਘ ਜੋਸ਼ ਮੁਹਾਰ; ਸਰਪੰਚ ਅਵਤਾਰ ਸਿੰਘ ਤੇ ਹਰਨੇਕ ਸਿੰਘ ਨੇਪਾਲ; ਬਲਕਾਰ ਸਿੰਘ ਗੁਲਗੜ੍ਹ; ਜੱਗਾ ਸਿੰਘ ਡੱਲਾ; ਪਿੰਡ ਤੇੜਾਂ ਰਾਜਪੂਤਾਂ ਤੋਂ ਸਾਬਕਾ ਸਰਪੰਚ ਲਖਬੀਰ ਸਿੰਘ ਤੇ ਸਾਬਕਾ ਥਾਣੇਦਾਰ ਲਖਬੀਰ ਸਿੰਘ ਦੀ ਅਗਵਾਈ 'ਚ ਸੈਂਕੜੇ ਲੋਕਾਂ ਵੱਲੋਂ ਮੋਦੀ ਸਰਕਾਰ ਵਿਰੁੱਧ ਪਿੱਟ ਸਿਆਪਾ ਕੀਤਾ ਗਿਆ। ਇੱਥੇ ਜੁੜੇ ਕਿਸਾਨਾਂ ਮਜ਼ਦੂਰਾਂ ਦੇ ਵਿਸ਼ਾਲ ਇਕੱਠ ਨੂੰ ਐੱਸ ਕੇ ਐੱਮ ਦੀਆਂ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਜਮਹੂਰੀ ਕਿਸਾਨ ਪੰਜਾਬ ਦੇ ਸੂਬਾ ਪ੍ਰਧਾਨ ਤੇ ਐੱਸਕੇਐੱਮ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ; ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ; ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਸੂਬਾਈ ਆਗੂ ਧਨਵੰਤ ਸਿੰਘ ਖਤਰਾਏ ਕਲਾਂ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਆਗੂ ਸੁੱਚਾ ਸਿੰਘ ਅਜਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਜਿਹੜਾ ਵੀ ਕੰਮ ਕਰਦੀ ਹੈ ਉਹ ਦੇਸ਼ ਵਿਰੋਧੀ ਅਤੇ ਕਾਰਪੋਰੇਟ ਪੱਖੀ ਤੇ ਕਿਸਾਨ ਮਜ਼ਦੂਰ ਵਿਰੋਧੀ ਹੁੰਦਾ ਹੈ! ਕਿਸਾਨ ਆਗੂਆਂ ਪ੍ਰਣ ਲਿਆ ਕਿ ਉਹ ਜਿੰਨਾ ਚਿਰ ਇਹ ਚਾਰ ਦੇਸ਼ ਵਿਰੋਧੀ ਬਿੱਲਾਂ ਨੂੰ ਦਫ਼ਨਾ ਨਹੀਂ ਦਿੰਦੇ, ਸਾਡਾ ਸੰਘਰਸ਼ ਜਾਰੀ ਰਹੇਗਾ!

## ਟਰੈਫਿਕ ਪੁਲਸ ਨੇ ਕੱਸਿਆ ਸ਼ਿਕੰਜਾ; ਚੈਕਿੰਗ ਦੌਰਾਨ 15 ਦੇ ਕਰੀਬ ਕੱਟੇ ਚਲਾਨ

**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ ਟਰੈਫਿਕ ਪੁਲਸ ਵੱਲੋਂ ਸੁਰੱਖਿਆ ਦੇ ਮੱਦੇਨਜ਼ਰ ਵਾਹਨਾਂ ਦੀ ਜਿੱਥੇ ਥਾਂ-ਥਾਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਉਥੇ ਹੀ ਨਾਕੇ ਲਗਾ ਕੇ ਬਿਨਾਂ ਕਾਗਜ਼ਾਤ ਅਤੇ ਮੋਡੀਫਾਈ ਵਾਹਨਾਂ ਦੇ ਧੜਾ ਧੜ ਚਲਾਨ ਕੱਟੇ ਜਾ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਟਰੈਫਿਕ ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਸੁਰੱਖਿਆ ਨੂੰ ਲੈ ਕੇ ਸ਼ਹਿਰ ਦੇ ਵੱਖ-ਵੱਖ ਚੌਕਾਂ ਵਿੱਚ ਪੁਲਸ ਕਰਮਚਾਰੀ ਤੈਨਾਤ ਕੀਤੇ ਗਏ ਹਨ ਜਿਨ੍ਹਾਂ ਵੱਲੋਂ ਵਾਹਨਾਂ ਦੀ ਖਾਸ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਅੰਦਰ ਟਰੈਫਿਕ ਨੂੰ ਕੰਟਰੋਲ ਕਰਨ ਲਈ ਚੌਕਾਂ ਵਿੱਚ ਤੈਨਾਤ ਮੁਲਾਜ਼ਮਾਂ ਵੱਲੋਂ ਪੂਰੀ ਤਨਦੇਹੀ ਨਾਲ ਡਿਊਟੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਅੱਜ 15 ਦੇ ਕਰੀਬ ਜਿੱਥੇ ਵਾਹਨਾਂ ਦੇ ਚਲਾਨ ਕੀਤੇ ਗਏ, ਉਥੇ ਹੀ ਵਾਹਨ ਚਾਲਕਾਂ ਨੂੰ



ਆਪਣੇ ਵਾਹਨ ਪੂਰੇ ਰੱਖਣ ਲਈ ਆਦੇਸ਼ ਵੀ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰੈਸ਼ਰ ਹਾਰਨ, ਮੋਡੀਫਾਈ ਵਾਹਨਾਂ, ਬਿਨਾਂ ਕਾਗਜ਼ਾਤ, ਟਰਿਪਲਿੰਗ ਅਤੇ ਹੋਰ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਟਰੈਫਿਕ ਕਰਮਚਾਰੀ ਸੰਗੀਤਾ ਦੇਵੀ ਤੇ ਹੋਰ ਕਰਮਚਾਰੀ ਮੌਜੂਦ ਸਨ।

## ਸੰਤ ਨਿਰੰਜਣ ਦਾਸ ਨੂੰ ਪਦਮਸ਼੍ਰੀ ਮਿਲਣਾ ਮਾਣ ਦੀ ਗੱਲ : ਚੁੱਘ

**ਛੇਹਰਟਾ, (ਮਨੋਜ ਕੁਮਾਰ)-** ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਨੂੰ ਪਦਮਸ਼੍ਰੀ ਪੁਰਸਕਾਰ ਮਿਲਣ 'ਤੇ ਪ੍ਰਸੰਨਤਾ ਪ੍ਰਗਟ ਕੀਤੀ ਹੈ। ਤਰੁਣ ਚੁੱਘ ਨੇ ਕਿਹਾ ਕਿ ਸੰਤ ਨਿਰੰਜਣ



ਦਾਸ ਨੂੰ ਦੇਸ਼ ਦਾ ਵੱਕਾਰੀ ਪਦਮਸ਼੍ਰੀ ਪੁਰਸਕਾਰ ਮਿਲਣਾ ਬਹੁਤ ਮਾਣ ਤੇ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਸਮਾਜ ਸੇਵਾ, ਅਧਿਆਤਮਕ ਮਾਰਗਦਰਸ਼ਨ, ਮਨੁੱਖਤਾ ਤੇ ਸਮਾਜਿਕ ਸਦਭਾਵਨਾ ਵਿਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਦਾ ਪ੍ਰਤੀਕ ਹੈ। ਸੰਤ ਨਿਰੰਜਣ ਦਾਸ ਦਾ ਜੀਵਨ ਤਿਆਗ, ਸੇਵਾ ਤੇ ਪ੍ਰੇਰਨਾ ਦੀ ਸਜੀਵ ਉਦਾਹਰਣ ਹੈ, ਜੋ ਸਮਾਜ ਦੇ ਹਰ ਵਰਗ ਨੂੰ ਸਕਾਰਾਤਮਕ ਦਿਸ਼ਾ ਪ੍ਰਦਾਨ ਕਰਦੀ ਹੈ। ਉਨ੍ਹਾਂ ਨੇ ਇਸ ਇਤਿਹਾਸਕ ਪ੍ਰਾਪਤੀ ਲਈ ਉਨ੍ਹਾਂ ਨੂੰ ਹਾਰਦਿਕ ਵਧਾਈ ਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਸੰਤ ਨਿਰੰਜਣ ਦਾਸ ਨੂੰ ਇਹ ਸਨਮਾਨ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਦਾ ਵੀ ਧੰਨਵਾਦ ਕੀਤਾ।

## ਰੁਕਣ ਦਾ ਨਾਂਅ ਨਹੀਂ ਲੈ ਰਿਹਾ ਚਾਈਨਾ ਡੋਰ ਦਾ ਕਹਿਰ; ਪੁਲਸ ਪ੍ਰਸ਼ਾਸਨ ਹੋਰ ਸਖਤੀ ਵਰਤੇ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-** ਲੋਹੜੀ ਤੇ ਬਸੰਤ ਦੇ ਤਿਉਹਾਰਾਂ ਦੌਰਾਨ ਵੱਡੇ ਪੱਧਰ 'ਤੇ ਵਿਕਣ ਵਾਲੀ ਚਾਈਨਾ ਡੋਰ ਲੋਕਾਂ ਲਈ ਵੱਡਾ ਖਤਰਾ ਬਣੀ ਹੋਈ ਹੈ।ਇਸ ਸਭ ਨੂੰ ਰੋਕਣ ਲਈ ਦਾ ਨਾਂਅ ਸੁਣ ਕੇ ਹੀ ਡਰ ਲੱਗਣ ਲੱਗ ਪਿਆ ਹੈ।ਰੋਜ਼ ਹੀ ਕੋਈ ਨਾ ਕੋਈ ਬੱਚਾ ਬਜ਼ੁਰਗ ਨੌਜਵਾਨ ਇਸਦਾ ਸ਼ਿਕਾਰ ਹੋ ਰਿਹਾ ਹੈ।ਗੁਰੂ ਨਾਨਕ ਸਰਕਾਰੀ ਕਾਲਜ ਕਾਲਾ ਅਫ਼ਗਾਨਾ ਦੇ ਦਰਵੇਸ਼ ਲੋਕਾਂ ਨੇ ਇਸ



ਪੁਲਸ ਪ੍ਰਸ਼ਾਸਨ ਵੱਲੋਂ ਡਰੋਨ ਕੈਮਰਿਆਂ ਰਾਹੀਂ ਦੋਸ਼ੀਆਂ ਨੂੰ ਲੱਭ ਕੇ ਉਨ੍ਹਾਂ ਤੇ ਬਣਦੀ ਕਾਰਵਾਈ ਕਰਨ ਦੇ ਬਾਵਜੂਦ ਵੀ ਇਸਦੀ ਵਰਤੋਂ ਬੰਦ ਨਹੀਂ ਹੋ ਰਹੀ ਤੇ ਨਾ ਹੀ ਚਾਈਨਾ ਡੋਰ ਦਾ ਕਹਿਰ ਰੁਕਣ ਦਾ ਨਾਂਅ ਲੈ ਰਿਹਾ ਹੈ।ਇਸ ਸੰਬੰਧੀ ਕਿਲ੍ਹਾ ਦੇਸਾ ਸਿੰਘ ਦੇ ਸਾਬਕਾ ਸਰਪੰਚ ਨਿਰਮਲ ਸਿੰਘ ਗੁਰਾਇਆ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕੇ ਹੁਣ ਤਾਂ ਚਾਈਨਾ ਡੋਰ ਸੰਬੰਧੀ ਗੱਲ ਕਰਦਿਆਂ ਕਿਹਾ ਕਿ ਚਾਈਨਾ ਡੋਰ ਸ਼ਰੇਆਮ ਮੌਤ ਵੰਡ ਰਹੀ ਏ, ਲੋਕ ਦਹਿਸ਼ਤ ਭਰੀਆਂ ਨਜ਼ਰਾਂ ਨਾਲ ਅਸਮਾਨ ਵਿੱਚ ਉਡਦੀਆਂ ਪਤੰਗਾਂ ਵੱਲ ਵੇਖਦੇ ਹਨ।ਉਨ੍ਹਾਂ ਕਿਹਾ ਕਿ ਸਾਨੂੰ ਬੜੀ ਗੰਭੀਰਤਾ ਨਾਲ ਇਕ ਸੁਰ ਹੋ ਕੇ ਇਸ ਸੰਬੰਧੀ ਸੋਚਣਾ ਪੈਣਾ ਤੇ ਸਖਤ ਫੈਸਲੇ ਲੈਣੇ ਪੈਣੇ ਹਨ।ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਸੰਬੰਧ ਵਿਚ ਹੋਰ ਸਖਤੀ ਵਰਤੀ ਜਾਵੇ।ਪਿੰਡ ਛਿਛਰੇਵਾਲ ਦੇ ਸਰਪੰਚ ਸਚਿਨ ਬਾਠ ਨੇ ਕਿਹਾ ਕੇ ਪਿਆਰ ਮੁਹੱਬਤ ਤੇ ਮੰਨੋਰੰਜਨ ਵਾਲੀ ਖੇਡ ਪਤੰਗਬਾਜ਼ੀ ਨੂੰ ਅਸੀਂ ਇਕ ਖੂਨੀ ਖੇਡ ਬਣਾ ਕੇ ਰੱਖ ਦਿੱਤਾ ਹੈ। ਕੀ ਅਸੀਂ ਐਨੇ ਹੀ ਗੈਰ-ਜ਼ਿੰਮੇਵਾਰ ਤੇ ਮਤਲਬੀ ਹੋ ਗਏ ਹਾਂ ਕਿ ਸਭ ਜਾਣਦੇ ਸਮਝਦੇ ਹੋਏ ਵੀ ਲੋਕਾਂ ਦੀਆਂ ਗਰਦਨਾਂ, ਨੱਕ ਮੂੰਹ ਕੱਟਣ ਵਾਲੀ ਇਸ ਡੋਰ ਨਾਲ ਪਤੰਗਾਂ ਉਡਾ ਕੇ ਖੁਸ਼ ਹੁੰਦੇ ਹਾਂ ? ਉਥੇ ਹੀ ਇਸ ਬਾਰੇ ਗੱਲ ਕਰਦਿਆਂ ਪਿੰਡ ਖੋਖਰ ਦੇ ਜਤਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਬੇਸ਼ੱਕ ਬੱਚੇ ਨਾਦਾਨ ਤੇ ਨਾਸਮਝ ਹੁੰਦੇ ਹਨ ਤੇ ਉਹ ਚਾਈਨਾ ਡੋਰ ਤੋਂ ਹੋਣ ਵਾਲੇ ਨੁਕਸਾਨ ਤੋਂ ਜਾਣੂ ਨਹੀਂ ਹਨ ਪਰ ਅਸੀਂ ਤਾਂ ਉਨ੍ਹਾਂ ਨੂੰ ਪਿਆਰ ਨਾਲ ਸਮਝਾ ਸਕਦੇ ਹਾਂ ਕਿ ਪਤੰਗ ਉਡਾਉਣ ਲਈ ਇਸ ਖਤਰਨਾਕ ਡੋਰ ਦੀ ਵਰਤੋਂ ਨਹੀਂ ਕਰਨੀ ਹੈ।ਇਨ੍ਹਾਂ ਸ਼ਖਸੀਅਤਾਂ ਨੇ ਸਾਂਝੇ ਤੌਰ 'ਤੇ ਪੁਲਿਸ ਪ੍ਰਸ਼ਾਸਨ ਨੂੰ ਬੇਨਤੀ ਕਰਦਿਆਂ ਕਿਹਾ ਕਿ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ।

## ਮਜ਼ਦੂਰ ਤੇ ਕਿਸਾਨ ਵਿਰੋਧੀ ਕਾਨੂੰਨ ਮੋਦੀ ਸਰਕਾਰ ਨੂੰ ਵਾਪਸ ਲੈਣੇ ਹੀ ਪੈਣਗੇ : ਐੱਸਕੇਐੱਮ/ਟ੍ਰੇਡ ਯੂਨੀਅਨਾਂ

**ਪਠਾਨਕੋਟ (ਦਵਿੰਦਰ ਸਿੰਘ)-** ਸੂਬਾ ਸੰਯੁਕਤ ਕਿਸਾਨ ਮੋਰਚੇ ਅਤੇ ਟ੍ਰੇਡ ਯੂਨੀਅਨਾਂ ਦੇ ਸੱਦੇ 'ਤੇ ਪਠਾਨਕੋਟ ਵਿਖੇ ਟਰੈਕਟਰ ਮਾਰਚ ਕੀਤਾ ਗਿਆ ਜਿਹੜਾ ਮਾਰਚ ਬਾਠ ਸਾਹਿਬ ਤੋਂ ਸ਼ੁਰੂ ਹੋ ਕੇ ਟੈਂਕ ਚੌਕ ਪੁੱਜਾ। ਇਥੋਂ ਸ਼ੁਰੂ ਹੋ ਕੇ ਮਾਰਚ ਬਾਜ਼ਾਰ ਵਿੱਚ ਹੁੰਦਾ ਹੋਇਆ ਸਿੰਬਲ ਚੌਕ ਤੋਂ ਬਾਈਪਾਸ ਤੋਂ ਹੁੰਦਾ ਹੋਇਆ ਭਗਤ ਸਿੰਘ ਚੌਕ ਪੁੱਜ ਕੇ ਸਮਾਪਤ ਹੋਇਆ।ਇਸ ਮਾਰਚ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ



ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ, ਜੋਗਾ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ ਕਾਲੀਆ ਤੇ ਪਰਸ਼ੋਤਮ ਲਾਲ, ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਤੇ ਬਲਦੇਵ ਰਾਜ, ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਖਤਿਆਰ ਸਿੰਘ ਸ਼ਾਦੀ ਪੁਰ ਵੱਲੋਂ ਆਈ. ਐੱਸ. ਗੁਲਾਟੀ, ਉਗਰਾਹਾਂ ਵੱਲੋਂ ਰਾਜਿੰਦਰ ਸਿੰਘ, ਅਜੇ ਭਵਨ ਵੱਲੋਂ ਇਕਬਾਲ ਸਿੰਘ ਨੇ ਕੀਤੀ।ਇਸ ਵੇਲੇ ਉਨ੍ਹਾਂ ਨਾਲ ਗੁਰਦੀਪ ਸਿੰਘ, ਦਿਲਬਾਗ ਸਿੰਘ, ਚਮਨ ਲਾਲ ਸਤਪ੍ਰਕਾਸ਼ ਪ੍ਰਵੀਨ ਕੁਮਾਰ ਬਲਕਾਰ ਸਿੰਘ ਨੇ ਵੀ ਸੰਬੋਧਨ ਕੀਤਾ।ਟ੍ਰੇਡ ਯੂਨੀਅਨਾਂ ਵੱਲੋਂ ਸ਼ਿਵ ਕੁਮਾਰ, ਸੁਰਿੰਦਰ ਸਹਿਗਲ, ਬਿਕਰਮ ਜਿੱਤ, ਬਹੁਜਨ ਸਮਾਜ ਮਜ਼ਦੂਰ ਮੋਰਚੇ ਵੱਲੋਂ ਜੇ. ਪੀ. ਭਗਤ. ਮੋਹਨ ਲਾਲ, ਰਮੇਸ਼ ਕੁਮਾਰ ਹਾਜ਼ਰ ਸਨ।ਮਾਰਚ ਦੌਰਾਨ ਆਗੂਆਂ ਨੇ ਬਿਜਲੀ ਸੋਧ ਬਿੱਲ 2025, ਬੀਜ ਬਿੱਲ, ਮਨਰੇਗਾ ਵਿੱਚ ਤਬਦੀਲੀ, ਮਜ਼ਦੂਰ ਵਿਰੋਧੀ ਕੋਡ ਬਿੱਲ ਵਾਪਸ ਲੈਣ ਦੀ ਮੰਗ ਕੀਤੀ ਕਿਉਂਕਿ ਇਹ ਕਾਨੂੰਨ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਅਤੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਪੈਨਸ਼ਨਰਾਂ ਦੇ ਹੱਕ ਖੋਹਣ ਵਾਲੇ ਹਨ ।ਉਨ੍ਹਾਂ ਕਿਹਾ ਕਿ ਜਿਸ ਦਿਨ ਬਿਜਲੀ ਬਿੱਲ ਤੇ ਬੀਜ ਬਿੱਲ ਸੰਸਦ ਵਿੱਚ ਪੇਸ਼ ਕੀਤੇ ਜਾਣਗੇ ਉਸ ਤੋਂ ਅਗਲੇ ਦਿਨ ਵਿਰੋਧ ਵਜੋਂ ਟੋਲ ਪਲਾਜ਼ੇ ਬੰਦ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਬਿਜਲੀ ਬਿੱਲ ਲੋਕਾਂ ਦੀਆਂ ਸਬਸਿਡੀਆਂ ਅਤੇ ਸਹੂਲਤਾਂ ਖੋਹ ਲਵੇਗਾ ਕਿਉਂਕਿ ਨਿੱਜੀਕਰਨ ਮੁਨਾਫ਼ੇ ਲਈ ਹੁੰਦਾ ਹੈ। ਮਨਰੇਗਾ ਦਾ ਨਾਂਅ ਬਦਲ ਕੇ ਮਜ਼ਦੂਰਾਂ ਦੀ ਰੁਜ਼ਗਾਰ ਗਰੰਟੀ ਖਤਮ ਹੋਵੇਗੀ। ਸਾਰੇ ਭਾਰਤ ਵਿੱਚ ਰੁਜ਼ਗਾਰ ਦੇਣ ਦੀ ਥਾਂ ਸਿਰਫ਼ ਕੇਂਦਰ ਸਰਕਾਰ ਦੁਆਰਾ ਐਲਾਨੇ ਪਿੰਡਾਂ ਵਿਚ ਹੀ ਮਿਲੇਗਾ।ਆਗੂਆਂ ਨੇ ਮੰਗ ਕੀਤੀ ਕਿ ਇਹ ਲੋਕ ਵਿਰੋਧੀ, ਕਿਸਾਨ ਅਤੇ ਮਜ਼ਦੂਰ ਵਿਰੋਧੀ ਕਾਨੂੰਨ ਵਾਪਸ ਲਏ ਜਾਣ।

28-Jan-PAGE-4.qxd 1/27/2026 10:48 PM Page 1

ਨਵਾਂ ਜ਼ਮਾਨਾ

ਬੁੱਧਵਾਰ, 28 ਜਨਵਰੀ 2026

# ਵਧਦਾ ਜਲਵਾਯੂ ਜੋਖਮ

*ਦਿੱਲੀ ਅਧਾਰਤ ਖੋਜ ਜਥੇਬੰਦੀ ਕਲਾਈਮੇਟ ਟ੍ਰੈਂਡਜ਼ (ਜਲਵਾਯੂ ਰੁਝਾਨ) ਨੇ ਖਬਰਦਾਰ ਕੀਤਾ ਹੈ ਕਿ ਭਾਰਤ ਦੇ 2 ਲੱਖ 95 ਹਜ਼ਾਰ ਕਰੋੜ ਰੁਪਏ ਦੇ ਬੁਨਿਆਦੀ ਪ੍ਰੋਜੈਕਟ ਗੰਭੀਰ ਜਲਵਾਯੂ ਜੋਖਮਾਂ ਦਾ ਸਾਹਮਣਾ ਕਰ ਰਹੇ ਹਨ। 'ਭਾਰਤ ਦੇ ਬੁਨਿਆਦੀ ਢਾਂਚੇ ਲਈ ਜਲਵਾਯੂ ਜੋਖਮ ਤੇ ਬੀਮਾ' ਨਾਂਅ ਦੀ ਇਹ ਰਿਪੋਰਟ ਉਦੋਂ ਆਈ ਹੈ ਜਦੋਂ ਭਾਰਤੀ ਮੰਤਰੀਆਂ ਨੇ ਪਿਛਲੇ ਦਿਨੀਂ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਆਯੋਜਤ ਵਿਸ਼ਵ ਆਰਥਿਕ ਮੰਚ ਦੀਆਂ ਮੀਟਿੰਗਾਂ 'ਚ ਭਾਰਤ ਨੂੰ ਸੰਭਾਵਤ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਵਜੋਂ ਪੇਸ਼ ਕਰਦਿਆਂ ਵੱਡੇ ਪੂੰਜੀ ਨਿਵੇਸ਼ ਲਈ ਆਕਰਸ਼ਕ ਮੰਜ਼ਲ ਹੋਣ ਦਾ ਦਾਅਵਾ ਕੀਤਾ। ਰਿਪੋਰਟ ਕਹਿੰਦੀ ਹੈ ਕਿ ਵਧ ਰਹੇ ਜਲਵਾਯੂ ਜੋਖਮ ਹਾਈਡਰੋ-ਪਾਵਰ ਪ੍ਰੋਜੈਕਟਾਂ, ਪਹਾੜੀ ਸ਼ਾਹਰਾਹਾਂ ਤੇ ਸ਼ਹਿਰੀ ਬੁਨਿਆਦੀ ਢਾਂਚੇ ਲਈ ਵੱਡੇ ਖਤਰੇ ਪੈਦਾ ਕਰ ਰਹੇ ਹਨ ਅਤੇ ਇਹ ਰੁਝਾਨ ਸਰਕਾਰਾਂ ਤੇ ਨਿਵੇਸ਼ਕਾਂ ਨੂੰ ਵੱਡੇ ਮਾਲੀ ਦਬਾਅ ਵਿੱਚ ਲਿਆ ਸਕਦੇ ਹਨ। ਇਨ੍ਹਾਂ ਪ੍ਰੋਜੈਕਟਾਂ ਦਾ ਬੀਮਾ ਕਰਨ ਵਾਲਿਆਂ ਦੀ ਚਿੰਤਾ ਵਧਦੀ ਜਾ ਰਹੀ ਹੈ। ਕਲਾਈਮੇਟ ਟ੍ਰੈਂਡਜ਼ ਦੀ ਡਾਇਰੈਕਟਰ ਆਰਤੀ ਖੋਸਲਾ ਦਾ ਕਹਿਣਾ ਹੈ ਕਿ ਹਾਲਾਂਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਵਿਕਾਸ ਦਰ ਦਹਾਈ ਦੇ ਅੰਕੜੇ 'ਚ ਲਿਆਉਣ ਲਈ ਯਤਨਸ਼ੀਲ ਹੈ, ਜਲਵਾਯੂ ਦੇ ਅਸਰਾਂ ਅਤੇ ਮੌਸਮ ਵਿੱਚ ਆ ਰਹੇ ਵੱਡੇ ਵਿਗਾੜਾਂ ਨੂੰ ਨਜ਼ਰਅੰਦਾਜ਼ ਕਰਨਾ ਖਤਰਾ-ਭਰਪੂਰ ਹੋਵੇਗਾ। ਹੜ੍ਹ, ਭਾਰੀ ਮੀਂਹ, ਸਮੁੰਦਰੀ ਤੂਫਾਨ ਤੇ ਪਹਾੜ ਖਿਸਕਣ ਦੇ ਜੋਖਮ ਕਾਫੀ ਵਧ ਚੁੱਕੇ ਹਨ।*

*ਕਲਾਈਮੇਟ ਟ੍ਰੈਂਡਜ਼ ਨੇ ਆਪਣੀ ਰਿਪੋਰਟ ਤਿਆਰ ਕਰਦਿਆਂ ਐੱਸ ਬੀ ਆਈ ਜਨਰਲ ਇੰਸ਼ੋਰੈਂਸ, ਮਿਊਨਿਖ ਰੀ ਇੰਡੀਆ, ਸਵਿਸ ਰੀ ਇੰਡੀਆ ਤੇ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ ਨਾਲ ਗੱਲਬਾਤ ਕੀਤੀ। 1863 ਵਿੱਚ ਸਥਾਪਤ ਸਵਿਸ ਰੀ ਦੁਨੀਆ ਦੀ ਸਭ ਤੋਂ ਵੱਡੀ ਪੁਨਰ-ਬੀਮਾ (ਰੀਇੰਸ਼ੋਰੈਂਸ) ਕੰਪਨੀਆਂ ਵਿੱਚੋਂ ਇੱਕ ਹੈ। ਇਹ 2001 ਤੋਂ ਭਾਰਤ ਵਿੱਚ ਕੰਮ ਕਰ ਰਹੀ ਹੈ ਤੇ ਇਸ ਦਾ ਕੰਮ ਬੀਮਾ ਕੰਪਨੀਆਂ ਨੂੰ ਵੱਡੇ ਜੋਖਮਾਂ ਤੋਂ ਬਚਣ ਦੀਆਂ ਸਲਾਹਾਂ ਦੇਣ ਦਾ ਹੁੰਦਾ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਦੇ ਜੀਵਨ ਤੇ ਗੈਰ-ਜੀਵਨ ਬੀਮਾ ਪ੍ਰੀਮੀਅਮ 2028 ਤੱਕ ਕ੍ਰਮਵਾਰ 6.7 ਫੀਸਦੀ ਤੇ 8.3 ਫੀਸਦੀ ਦੀ ਤੇਜ਼ ਰਫਤਾਰ ਨਾਲ ਵਧਣਗੇ, ਕਿਉਂਕਿ ਭਾਰਤ ਜਲਵਾਯੂ ਅਸਰਾਂ ਦੇ ਹਿਸਾਬ ਨਾਲ ਸੱਤਵਾਂ ਸਭ ਤੋਂ ਖਤਰਾ-ਭਰਪੂਰ ਦੇਸ਼ ਬਣ ਚੁੱਕਾ ਹੈ। ਜਿਹੜੇ ਪ੍ਰੋਜੈਕਟ ਜਲਵਾਯੂ ਪਰਿਵਰਤਨ ਦੀ ਮਾਰ ਹੇਠ ਆ ਸਕਦੇ ਹਨ, ਉਹ ਬਹੁਤੇ ਆਸਾਮ, ਆਂਧਰਾ, ਓਡੀਸ਼ਾ, ਉੱਤਰਾਖੰਡ ਤੇ ਹਿਮਾਚਲ ਵਿੱਚ ਹਨ ਤੇ ਇਨ੍ਹਾਂ ਦੀ ਲਾਗਤ 2 ਲੱਖ 95 ਹਜ਼ਾਰ ਕਰੋੜ ਤੱਕ ਹੈ। ਇਨ੍ਹਾਂ ਵਿੱਚ ਓਡੀਸ਼ਾ ਪ੍ਰਾਇਦੀਪ ਬੰਦਰਗਾਹ ਦੇ ਨਵੀਨੀਕਰਨ ਦੇ ਪ੍ਰੋਜੈਕਟ ਤੋਂ ਪੰਜ ਹਜ਼ਾਰ ਕਰੋੜ ਰੁਪਏ ਦਾ ਆਂਧਰਾ ਦਾ ਬੰਦਰਗਾਹ ਪ੍ਰੋਜੈਕਟ ਸ਼ਾਮਲ ਹਨ। ਰਿਪੋਰਟ ਦੱਸਦੀ ਹੈ ਕਿ ਹਿਮਾਚਲ ਵਿੱਚ 38 ਹਜ਼ਾਰ ਕਰੋੜ ਰੁਪਏ ਦੀਆਂ ਸੁਰੰਗਾਂ ਤੇ ਸ਼ਾਹਰਾਹ, ਸਿੱਕਮ ਵਿੱਚ ਤੀਸਤਾ ਹਾਈਡਰੋ-ਪ੍ਰੋਜੈਕਟ, ਲੱਦਾਖ ਵਿੱਚ ਜ਼ੋਜੀ-ਲਾ ਸੁਰੰਗ ਤੇ ਬੀ ਆਰ ਓ ਦੇ ਸੜਕੀ ਪ੍ਰੋਜੈਕਟ ਤੋਂ ਅਰੁਣਾਚਲ ਦੇ ਏਟਾਲਿਨ, ਦਿਬਾਂਗ ਤੇ ਕਈ ਹੋਰ ਡੈਮ, ਸ਼ਾਹਰਾਹ ਤੇ ਹਾਈਡਰੋ-ਪ੍ਰੋਜੈਕਟ ਖਤਰੇ ਵਿੱਚ ਹਨ।*

*ਰਿਪੋਰਟ ਜਿਨ੍ਹਾਂ ਖਤਰਿਆਂ ਵੱਲ ਇਸ਼ਾਰਾ ਕਰਦੀ ਹੈ, ਉਨ੍ਹਾਂ ਦਾ 2025 ਵਿੱਚ ਦੇਸ਼ ਨੂੰ ਤਜਰਬਾ ਹੋ ਵੀ ਹੋ ਚੁੱਕਾ ਹੈ, ਜਦੋਂ ਜਨਵਰੀ ਤੋਂ ਨਵੰਬਰ ਤੱਕ 99 ਫੀਸਦੀ ਤੋਂ ਵੱਧ ਦਿਨ ਜਲਵਾਯੂ ਵਿੱਚ ਖਤਰਨਾਕ ਪਰਿਵਰਤਨ ਦੇਖੇ ਗਏ ਅਤੇ ਹਜ਼ਾਰਾਂ ਕਰੋੜਾਂ ਰੁਪਈਆਂ ਦਾ ਨੁਕਸਾਨ ਹੋਣ ਦੇ ਨਾਲ-ਨਾਲ ਕਾਫੀ ਜਾਨੀ ਨੁਕਸਾਨ ਵੀ ਹੋਇਆ। ਇਸ ਰਿਪੋਰਟ ਦੇ ਮੱਦੇਨਜ਼ਰ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਵਿਕਾਸ ਦੇ ਨਾਂਅ 'ਤੇ ਉਹ ਕੁਦਰਤ ਨਾਲ ਜੋ ਖਿਲਵਾੜ ਕਰ ਰਹੀਆਂ ਹਨ, ਉਹ ਜਾਨੀ ਤੇ ਮਾਲੀ ਨੁਕਸਾਨ ਤਾਂ ਕਰ ਹੀ ਰਿਹਾ ਹੈ, ਪ੍ਰੋਜੈਕਟਾਂ ਦਾ ਬੀਮਾ ਕਰਨ ਵਾਲੀਆਂ ਕੰਪਨੀਆਂ ਨੂੰ ਵੀ ਡਰਾ ਰਿਹਾ ਹੈ।*

## ਇੱਕੋ ਛੱਤ ਥੱਲੇ !

*ਗਊ-ਗਧੇ ਦਾ ਫਰਕ ਰਿਹਾ ਨਾ,*
*ਮੂਰਖ ਅਤੇ ਸਿਆਣੇ ਇੱਕੋ ਛੱਤ ਥੱਲੇ।*
*ਵੱਖੋ-ਵੱਖ ਕਨੂੰਨ ਹੈ ਭਾਵੇਂ,*
*ਬੁੱਢੇ ਬਾਲ ਨਿਆਣੇ ਇੱਕੋ ਛੱਤ ਥੱਲੇ।*
*ਭੁੱਖਿਆਂ ਨੂੰ ਹਨ ਫਰਸ਼ 'ਤੇ ਪਾਉਂਦੇ,*
*ਕੋਠੀ ਜਿਨ੍ਹਾਂ ਦੀ ਦਾਣੇ ਇੱਕੋ ਛੱਤ ਥੱਲੇ।*
*ਬੁਰਕੀ-ਬੁਰਕੀ ਸਭ ਨੂੰ ਵੰਡ ਕੇ,*
*ਖਾਂਦੇ ਵਧੀਆ ਖਾਣੇ ਇੱਕੋ ਛੱਤ ਥੱਲੇ।*
*ਕਿਰਤੀ ਥੱਕ ਕੇ ਸੌਂ ਜਾਂਦੇ ਹਨ,*
*ਸ਼ਾਤਰ ਬੁਣਦੇ ਤਾਣੇ ਇੱਕੋ ਛੱਤ ਥੱਲੇ।*

**-ਗੁਲਪੁਰ**

# ਕੀ ਟਰੰਪ ਨੂੰ ਲਾਲਚ ਛੱਡ ਕੇ ਅੰਤਰਰਾਸ਼ਟਰੀ ਟਕਰਾਅ ਨੂੰ ਟਾਲਣਾ ਚਾਹੀਦੈ



ਸੁਰਜੀਤ ਸਿੰਘ ਫਲੋਰਾ

ਇਤਿਹਾਸ 2025 ਵਰ੍ਹੇ ਨੂੰ ਅਸਾਧਾਰਨ ਮੰਨੇਗਾ। ਜਨਵਰੀ ਵਿੱਚ ਇੱਕ ਸਾਬਕਾ ਰਾਸ਼ਟਰਪਤੀ ਦੀ ਵ੍ਹਾਈਟ ਹਾਊਸ ਵਿੱਚ ਅਚਾਨਕ ਅਤੇ ਸੰਭਾਵੀ ਤੌਰ 'ਤੇ ਭਾਵੁਕ ਵਾਪਸੀ ਨੇ ਵਿਸ਼ਵ ਰਾਜਨੀਤੀ ਦੇ ਦ੍ਰਿਸ਼ ਨੂੰ ਬਦਲ ਦਿੱਤਾ, ਜਿਸ ਨਾਲ ਪਿਛਲੇ ਵਿਸ਼ਵ ਯੁੱਧ ਤੋਂ ਬਾਅਦ, ਵਿਸ਼ਵੀਕਰਨ, ਸ਼ਾਂਤੀਪੂਰਨ ਸਹਿਹੋਂਦ ਅਤੇ ਕਾਨੂੰਨ ਤੇ ਪਾਲਸੀਆਂ ਵਿਚ ਇੱਕ ਤਬਦੀਲੀ ਆਈ ਹੈ । ਆਵੇਗਸ਼ੀਲ ਕਾਰਵਾਈਆਂ, ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਾਨਾਸ਼ਾਹੀ ਚੋਣਾਂ ਅਤੇ ਗੁਆਂਢੀ ਅਤੇ ਘੱਟ ਸ਼ਕਤੀਸ਼ਾਲੀ ਦੇਸ਼ਾਂ ਦੇ ਵਿਰੁੱਧ ਫੌਜੀਦਾਰੀ ਦਾ ਪ੍ਰਦਰਸ਼ਨ ਸਰੇਆਮ ਧੱਕੇਸ਼ਾਹੀ, ਵਿੱਤੀ ਅਤੇ ਤਕਨੀਕੀ ਸ਼ਕਤੀ 'ਤੇ ਨਿਰੰਤਰ ਨਿਰਭਰਤਾ ਇਸ ਤਬਦੀਲੀ ਦਾ ਹਿੱਸਾ ਹਨ।

ਵੈਨੇਜ਼ੁਏਲਾ ਵਿੱਚ ਅਮਰੀਕੀ ਵਿਸ਼ੇਸ਼ ਬਲਾਂ ਦੁਆਰਾ ਹਾਲ ਹੀ ਵਿੱਚ ਅੱਧੀ ਰਾਤ ਦੀ ਕਾਰਵਾਈ ਵਿਸ਼ਵ ਭੂ-ਰਾਜਨੀਤੀ ਨੂੰ ਆਕਾਰ ਦੇਣ ਲਈ ਸੰਯੁਕਤ ਰਾਜ ਅਮਰੀਕਾ ਦੇ ਯਤਨਾਂ ਨੂੰ ਉਜਾਗਰ ਕਰਦੀ ਹੈ। ਰੂਸ ਦੂਜੇ ਵਿਸ਼ਵ ਯੁੱਧ ਤੋਂ ਆਪਣੀ ਸਥਿਤੀ ਨੂੰ ਮੁੜ ਪ੍ਰਾਪਤ ਕਰਨ ਲਈ ਯੂਕਰੇਨ 'ਤੇ ਚਾਰ ਸਾਲਾਂ ਤੋਂ ਹਮਲਾ ਵੀ ਜਾਰੀ ਰੱਖ ਰਿਹਾ ਹੈ। ਘੇਰੇ ਹੋਏ ਦੇਸ਼ ਵਿੱਚ ਨਾਗਰਿਕ ਖੇਤਰਾਂ 'ਤੇ ਨਿਰੰਤਰ ਹਵਾਈ ਅਤੇ ਜ਼ਮੀਨੀ ਬੰਬਾਰੀ ਇੱਕ ਹੱਲ ਦੀ ਸੰਭਾਵਨਾ ਨੂੰ ਪ੍ਰਭਾਵਤ ਕਰ ਰਹੀ ਹੈ। ਚੀਨ ਆਪਣੇ ਹਮਲਾਵਰ ਰੁਖ ਵਿੱਚ ਕਾਇਮ ਹੈ, ਆਪਣੇ ਖੇਤਰੀ ਦਾਅਵਿਆਂ ਨੂੰ ਮਜ਼ਬੂਤ ਕਰਨ ਲਈ ਆਪਣੀ ਫੌਜੀ ਤਾਕਤ ਦਾ ਪ੍ਰਦਰਸ਼ਨ ਕਰਦਾ ਹੈ। ਦਲੇਰ ਤਾਈਵਾਨ ਅਜਿਹੀਆਂ ਚੁਣੌਤੀਆਂ ਦੇ ਸਾਹਮਣੇ ਆਪਣੀ ਚਿੱਪ ਨਿਰਮਾਣ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਿੱਚ ਕਾਇਮ ਹੈ।

ਭਾਵੇਂ ਅਜੇ ਵੀ ਹਮਲੇ ਅਤੇ ਬਦਲਾਅ ਹੋ ਰਹੇ ਹਨ, ਜੰਗਲ ਦਾ ਕਾਨੂੰਨ , ਜਿੱਥੇ ਹਰ ਦੇਸ਼ ਆਪਣੀ ਹੋਂਦ ਦੀ ਭਾਲ ਕਰ ਰਿਹਾ ਹੈ, ਹਾਲ ਹੀ ਵਿੱਚ ਆਮ ਹੋ ਗਿਆ ਹੈ। ਅਮਰੀਕਾ ਪਹਿਲਾਂ ਦੁਨੀਆ ਦਾ ਆਗੂ ਹੁੰਦਾ ਸੀ, ਪਰ ਅੱਜ ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਣਾਏ ਗਏ ਸਿਸਟਮ ਨੂੰ ਤਬਾਹ ਕਰ ਰਿਹਾ ਹੈ। ਨਵੀਂ ਰਾਸ਼ਟਰੀ ਰੱਖਿਆ ਰਣਨੀਤੀ, ਜਿਸ ਦਾ ਹੁਣੇ ਐਲਾਨ ਕੀਤਾ ਗਿਆ ਹੈ, ਦੇਸ਼ ਦੀ ਨਵੀਂ ਵਿਦੇਸ਼ ਨੀਤੀ ਨੂੰ ਦਰਸਾਉਂਦੀ ਹੈ। ਇਹ ਕਹਿੰਦੀ ਹੈ ਕਿ ਵੱਡੇ ਦੇਸ਼ਾਂ ਨੂੰ ਛੋਟੇ ਖੇਤਰਾਂ 'ਤੇ ਰਾਜ ਕਰਨਾ ਚਾਹੀਦਾ ਹੈ। ਧਰਤੀ ਦੀਆਂ ਪਲੇਟਾਂ ਵਿੱਚ ਇੱਕ ਵੱਡਾ ਬਦਲਾਅ ਦੁਨੀਆ ਦੀ ਸਥਿਰਤਾ ਨੂੰ ਪ੍ਰਭਾਵਤ ਕਰ ਰਿਹਾ ਹੈ। ਇਹ ਪ੍ਰਭਾਵ-ਗੋਲਾ ਪ੍ਰਣਾਲੀ 1800 ਦੇ ਦਹਾਕੇ ਤੋਂ ਯੂਰਪ ਦੇ ਸੰਗੀਤ ਸਮਾਰੋਹ ਵਾਂਗ ਹੈ। ਇਹ ਸਰਹੱਦਾਂ ਨੂੰ ਸਪੱਸ਼ਟ ਕਰਕੇ ਅਤੇ ਖੇਤਰੀ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਵੱਡੀਆਂ ਸ਼ਕਤੀਆਂ ਵਿਚਕਾਰ ਟਕਰਾਅ ਨੂੰ ਘਟਾ ਸਕਦਾ ਹੈ, ਪਰ ਇਹ ਸਪੱਸ਼ਟ ਤੌਰ 'ਤੇ ਦੂਜਿਆਂ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਦਾ ਹੈ। ਇਤਿਹਾਸ ਦਰਸਾਉਂਦਾ ਹੈ ਕਿ ਪ੍ਰਭਾਵ ਦੇ ਖੇਤਰ ਹਮੇਸ਼ਾ ਲਈ ਨਹੀਂ ਰਹਿੰਦੇ, ਖਾਸ ਕਰਕੇ ਜਦੋਂ ਸ਼ਕਤੀ ਤਬਦੀਲੀ ਅਤੇ ਰਾਸ਼ਟਰਵਾਦੀ ਲਹਿਰਾਂ ਵਿਦੇਸ਼ੀ ਦਬਦਬੇ ਵਿਰੁੱਧ ਲੜਦੀਆਂ ਹਨ।

ਛੋਟੇ ਦੇਸ਼ ਅਮੀਰ ਅਤੇ ਸ਼ਕਤੀਸ਼ਾਲੀ ਲੋਕਾਂ ਨਾਲ ਮੁਕਾਬਲਾ ਕਰਨ ਵਿੱਚ ਅਸਮਰੱਥਾ ਦੇ ਕਾਰਨ ਖਤਰੇ ਵਿੱਚ ਹਨ। ਅਮਰੀਕਾ, ਚੀਨ, ਰੂਸ ਅਤੇ ਇਜ਼ਰਾਈਲ ਆਪਣੇ ਪ੍ਰਭਾਵ ਅਤੇ ਖੇਤਰੀ ਸੀਮਾਵਾਂ ਨੂੰ ਵਧਾਉਣ ਲਈ ਇਹਨਾਂ ਕਮੀਆਂ ਦਾ ਫਾਇਦਾ ਉਠਾ ਰਹੇ ਹਨ। ਉਹ ਅਕਸਰ ਗੁਪਤ ਰੂਪ ਵਿੱਚ ਸਹਿਯੋਗ ਕਰਦੇ ਜਾਪਦੇ ਹਨ, ਲਗਭਗ ਸਾਜ਼ਿਸ਼ਾਂ ਘੜ ਰਹੇ ਹਨ ਕਿ ਉਹ ਕਿਸੇ ਵੀ ਇਕ ਰਾਸਟਰ ਵੱਲੋਂ ਛੋਟੀ ਜਿਹੀ ਗਲਤੀ ਤੋਂ ਫਾਇਦਾ ਉਠਾ ਸਕਣ ।ਇਸ ਵਿੱਚ ਸੰਯੁਕਤ ਰਾਸ਼ਟਰ, ਵਿਸ਼ਵ ਬੈਂਕ, ਆਈ ਐਮ ਐਫ ਅਤੇ ਖੇਤਰੀ ਵਿਕਾਸ ਬੈਂਕਾਂ ਵਰਗੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਭੂਮਿਕਾ ਨੂੰ ਘੱਟ ਤੋਂ ਘੱਟ ਕਰਨ ਲਈ ਜਾਣਬੁੱਝ ਕੇ ਕੀਤੀਆਂ ਗਈਆਂ ਕਾਰਵਾਈਆਂ ਸ਼ਾਮਲ ਹਨ । ਇਹਨਾਂ ਸੰਸਥਾਵਾਂ ਵਿੱਚ ਵਿਚਾਰ-ਵਟਾਂਦਰੇ, ਸਹਿਮਤੀ ਦੇ ਅਧਾਰ 'ਤੇ ਅਤੇ ਹਰੇਕ ਮੈਂਬਰ ਦੇਸ਼ ਨੂੰ ਆਕਾਰ ਜਾਂ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਇੱਕ ਵੋਟ ਦੇਣ ਨਾਲ, ਸਰਦਾਰੀ ਦੀ ਮੰਗ ਕਰਨ ਵਾਲੇ ਵੱਡੇ ਦੇਸ਼ਾਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕਰਦੇ ਜਾਪਦੇ ਹਨ ।ਇਸ ਤੋਂ ਇਲਾਵਾ ਸੁਵਿਧਾਜਨਕਤਾ, ਨਿਰਪੱਖਤਾ ਅਤੇ ਬਰਾਬਰੀ ਦੀ ਜਗ੍ਹਾ ਲੈ ਰਹੀ ਹੈ। ਭਵਿੱਖ ਵਿੱਚ ਬੇਦਖਲੀ ਹੋ ਸਕਦੀ ਹੈ।

ਕੱਚਾ ਤੇਲ ਉਦਯੋਗ, ਵੈਨੇਜ਼ੁਏਲਾ ਦਾ ਮੁੱਖ ਮਾਲੀਆ ਸਰੋਤ, ਹੁਣ ਅਮਰੀਕੀ ਅਧਿਕਾਰੀਆਂ ਦੁਆਰਾ ਨਿਯੰਤਰਿਤ ਹੈ। ਅਮਰੀਕੀ ਜਹਾਜ਼ਾਂ ਨੇ ਹਫ਼ਤਿਆਂ ਤੱਕ ਸਮੁੰਦਰ ਵਿੱਚ ਕਈ ਨਿਹੱਥੇ ਵੈਨੇਜ਼ੁਏਲਾ ਦੇ ਜਹਾਜ਼ਾਂ 'ਤੇ ਲਗਾਤਾਰ ਹਮਲਾ ਕੀਤਾ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਕਰ ਰਹੇ ਸਨ। ਸਰਕਾਰ ਵਿੱਚ ਤਬਦੀਲੀ ਤੋਂ ਬਾਅਦ ਅਮਰੀਕੀ ਫੌਜਾਂ ਬਿਨਾਂ ਕਿਸੇ ਨਤੀਜੇ ਦੇ ਅਮਰੀਕਾ ਦੁਆਰਾ ਮਨਜ਼ੂਰ ਤੇਲ ਵਾਲੇ ਵਿਦੇਸ਼ੀ ਤੇਲ ਟੈਂਕਰਾਂ 'ਤੇ ਚੜ੍ਹ ਗਈਆਂ । ਚੀਨ, ਇਸ ਦਾ ਸਭ ਤੋਂ ਵੱਡਾ ਖਪਤਕਾਰ ਅਤੇ ਕਿਊਬਾ, ਜੋ ਇਸ 'ਤੇ ਨਿਰਭਰ ਕਰਦਾ ਹੈ, ਹੁਣ ਕੀਮਤੀ ਕੱਚੇ ਤੇਲ ਤੱਕ ਪਹੁੰਚ ਨਹੀਂ ਕਰ ਸਕਦੇ। ਉਹ ਟੈਕਸਾਸ ਅਤੇ ਲੁਈਸਿਆਨਾ ਵਿੱਚ ਰਿਫਾਇਨਰੀਆਂ ਵੱਲ ਜਾਂਦੇ ਹਨ।

ਚੀਨ ਅਤੇ ਰੂਸ, ਦੂਜੀਆਂ ਦੋ ਵੱਡੀਆਂ ਸ਼ਕਤੀਆਂ ਨੇ ਵੈਨੇਜ਼ੁਏਲਾ ਵਿਰੁੱਧ ਅਮਰੀਕਾ ਦੀਆਂ ਸ਼ੱਕੀ ਕਾਰਵਾਈਆਂ ਦੀ ਸਖ਼ਤ ਆਲੋਚਨਾ ਨਹੀਂ ਕੀਤੀ । ਉਨ੍ਹਾਂ ਅਮਰੀਕਾ ਨੂੰ ਲਾਤੀਨੀ ਅਮਰੀਕਾ ਜਾਂ ਹੋਰ ਖੇਤਰਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਤੋਂ ਰੋਕਣ ਲਈ ਕਾਰਵਾਈ ਨਹੀਂ ਕੀਤੀ ।ਇਸ ਨਾਲ ਟਰੰਪ ਨੂੰ ਮਜ਼ਬੂਤੀ ਮਿਲੀ ਹੈ, ਉਸ ਦੇ ਹੌਂਸਲੇ ਹੋਰ ਬੁਲੰਦ ਹੋਏ ਹਨ । ਉਹ ਹੁਣ ਕਿਊਬਾ, ਸੀਰੀਆ ਅਤੇ ਈਰਾਨ ਵਿਰੁੱਧ ਫੌਜੀ ਕਾਰਵਾਈ ਦੀ ਧਮਕੀ ਦਿੰਦਾ ਹੈ, ਜੋ ਕਿ ਰੂਸ ਜਾਂ ਚੀਨ ਦੇ ਸਹਿਯੋਗੀ ਹਨ । ਉਸ ਦਾ ਉਦੇਸ਼ ਹੁਣ ਗ੍ਰੀਨਲੈਂਡ, ਕੋਲੰਬੀਆ, ਮੈਕਸੀਕੋ ਅਤੇ ਪਨਾਮਾ ਨੂੰ ਜਿੱਤਣਾ ਹੈ, ਜੋ ਉਸ ਦੀ ਹਾਂ ਵਿੱਚ ਹਾਂ ਨਹੀਂ ਮਿਲਾਉਂਦਾ, ਉਸ ਦੇਸ਼ 'ਤੇ ਟੈਰਿਫ਼ ਦਰਾਂ ਨੂੰ ਹੋਰ ਵਧਾ ਰਿਹਾ ਹੈ, ਤਾਂ ਜੋ ਉਹ ਮਜਬੂਰ ਹੋ ਕੇ ਉਸ ਦਾ ਗਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਲਈ ਹਾਮੀ ਭਰਨ।

ਜਿਸ ਕਰਕੇ ਰਾਸ਼ਟਰਪਤੀ ਟਰੰਪ ਗ੍ਰੀਨਲੈਂਡ ਵਿੱਚ ਫੌਜੀ ਕਾਰਵਾਈ ਦੀ ਧਮਕੀ ਦੇ ਰਹੇ ਹਨ, ਜੋ ਕਿ ਡੈਨਮਾਰਕ ਦੁਆਰਾ ਨਿਯੰਤਰਿਤ ਹੈ। ਉਹ ਅਕਸਰ ਸੁਝਾਅ ਦਿੰਦੇ ਹਨ ਕਿ ਦੁਨੀਆ ਦੇ ਸਭ ਤੋਂ ਵੱਡੇ ਟਾਪੂ ਨੂੰ ਅਮਰੀਕਾ ਦਾ ਇਲਾਕਾ ਬਣ ਜਾਣਾ ਚਾਹੀਦਾ ਹੈ, ਇਹ ਦਲੀਲ ਦਿੰਦੇ ਹੋਏ ਕਿ ਸੁਰੱਖਿਆ ਮੁੱਦਿਆਂ ਕਾਰਨ ਚੀਨ ਜਾਂ ਰੂਸ ਕੰਟਰੋਲ ਕਰ ਸਕਦੇ ਹਨ। ਚੀਨ ਆਰਕਟਿਕ ਕੌਂਸਲ ਵਿੱਚ ਸ਼ਾਮਲ ਹੋਇਆ ਅਤੇ ਡੈਨਮਾਰਕ, ਨਾਰਵੇ, ਫਿਨਲੈਂਡ ਅਤੇ ਸਵੀਡਨ ਨਾਲ ਸੰਬੰਧ ਬਣਾ ਰਿਹਾ ਹੈ। ਇਹ ਤਿਆਰੀ ਉੱਤਰੀ ਖੇਤਰ, ਜਿੱਥੇ ਤੇਜ਼ੀ ਨਾਲ ਪਿਘਲ ਰਹੀ ਬਰਫ਼ ਪੱਛਮ ਵੱਲ ਨਵੇਂ ਸ਼ਿਪਿੰਗ ਰੂਟ ਖੋਲ੍ਹ ਰਹੀ ਹੈ। ਰੂਸ, ਇੱਕ ਨੇੜਲਾ ਦੇਸ਼, ਚੌਕਸ ਹੋ ਰਿਹਾ ਹੈ। 2022 ਵਿੱਚ ਰਾਸ਼ਟਰਪਤੀ ਪੁਤਿਨ ਨੇ ਕਥਿਤ ਤੌਰ 'ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਯੂਕਰੇਨ ਵਿਰੁੱਧ ਸਮਰਥਨ ਦੇ ਬਦਲੇ ਵਿੱਚ ਉੱਤਰੀ ਸਮੁੰਦਰੀ ਰੂਟ, ਯੂਰਪ ਤੋਂ ਏਸ਼ੀਆ ਤੱਕ ਆਰਕਟਿਕ ਰਸਤੇ ਤੱਕ ਪਹੁੰਚ ਵਧਾਉਣ ਦੀ ਪੇਸ਼ਕਸ਼ ਕੀਤੀ ਸੀ। ਚੀਨ ਮਲੱਕਾ ਸਟ੍ਰੇਟ ਅਤੇ ਸੁਏਜ਼ ਨਹਿਰ ਨੂੰ ਬਾਈਪਾਸ ਕਰ ਸਕਦਾ ਹੈ, ਜਿਸ ਨਾਲ ਆਵਾਜਾਈ 'ਤੇ ਤੇਜ਼ੀ ਆਵੇਗੀ ।

ਟਰੰਪ ਅਧਿਕਾਰੀਆਂ ਨੇ ਕਿਹਾ ਕਿ ਨਿਊ ਯਾਰਕ ਕੋਪਨਹੇਗਨ ਨਾਲੋਂ ਗ੍ਰੀਨਲੈਂਡ ਦੀ ਰਾਜਧਾਨੀ ਨੂਕ ਦੇ ਨੇੜੇ ਹੈ । ਉਹ ਡੈਨਮਾਰਕ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਖਾਰਜ ਕਰਦੇ ਹਨ ਕਿ 500 ਸਾਲ ਪਹਿਲਾਂ ਡੈਨਮਾਰਕ ਨੇ ਉੱਥੇ ਇੱਕ ਕਿਸ਼ਤੀ ਉਤਾਰੀ ਸੀ । ਉਹ ਇਸ ਗੱਲ ਨੂੰ ਨਜ਼ਰਅੰਦਾਜ਼ ਕਰਦੇ ਹਨ ਕਿ ਡੈਨਮਾਰਕ 1916 ਤੋਂ ਗ੍ਰੀਨਲੈਂਡ 'ਤੇ ਸ਼ਾਸਨ ਕਰਦਾ ਆ ਰਿਹਾ ਹੈ ਅਤੇ 1953 ਵਿੱਚ ਇਹ ਅੰਦਰੂਨੀ ਸਵੈ-ਸ਼ਾਸਨ ਵਾਲਾ ਇੱਕ ਅਰਧ-ਖੁਦਮੁਖਤਿਆਰ ਖੇਤਰ ਬਣ ਗਿਆ, ਜਦੋਂ ਕਿ ਅਜੇ ਵੀ ਵਿਦੇਸ਼ੀ ਅਤੇ ਰੱਖਿਆ ਨਿਗਰਾਨੀ ਹੇਠ ਹੈ। 1916 ਵਿੱਚ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਕੈਰੇਬੀਅਨ ਵਰਜਿਨ ਟਾਪੂਆਂ ਦੇ ਬਦਲੇ ਗ੍ਰੀਨਲੈਂਡ ਉੱਤੇ ਡੈਨਿਸ਼ ਪ੍ਰਭੂਸੱਤਾ ਨੂੰ ਸਵੀਕਾਰ ਕੀਤਾ । ਵਿਲਸਨ ਨੇ ਜਰਮਨ ਜਾਂ ਸਪੈਨਿਸ਼ ਨਿਯੰਤਰਣ ਨੂੰ ਰੋਕਣ ਲਈ ਹੈਤੀ 'ਤੇ ਹਮਲਾ ਕੀਤਾ, ਜਿਸ ਨਾਲ ਇਹ ਨਤੀਜਾ ਨਿਕਲਿਆ।

ਰਾਸ਼ਟਰਪਤੀ ਟਰੰਪ 19ਵੀਂ ਅਤੇ 20ਵੀਂ ਸਦੀ ਦੀਆਂ ਮਹਾਨ ਸ਼ਕਤੀਆਂ ਵਾਂਗ ਗ੍ਰੀਨਲੈਂਡ ਚਾਹੁੰਦੇ ਹਨ। ਡੈਨਿਸ਼ ਜ਼ਮੀਨ ਨੂੰ ਜੋੜਨ ਨਾਲ ਯੂ ਐਸ ਐਸ ਆਰ ਦੇ ਵਿਰੁੱਧ ਬਚਾਅ ਲਈ ਨਾਟੋ ਦੇ 1949 ਦੇ ਸਮਝੌਤੇ ਨੂੰ ਕਮਜ਼ੋਰ ਕਰ ਰਿਹਾ ਹੈ। 77 ਸਾਲ ਪਹਿਲਾਂ ਸਥਾਪਤ ਸੰਧੀ ਐਲਾਨ ਕਰਦੀ ਹੈ ਕਿ ਇੱਕ ਮੈਂਬਰ 'ਤੇ ਹਮਲਾ ਸਾਰਿਆਂ 'ਤੇ ਹਮਲਾ ਹੈ। ਅਮਰੀਕਾ ਨੂੰ ਡੈਨਮਾਰਕ ਅਤੇ ਅਮਰੀਕਾ ਨੂੰ ਸੰਸਥਾਪਕ ਮੈਂਬਰਾਂ ਵਜੋਂ ਸ਼ਾਮਲ ਕਰਨ ਲਈ ਨਾਟੋ ਦੀ ਰੱਖਿਆ ਲਈ ਫੌਜੀ ਕਬਜ਼ੇ ਦੀ ਗੱਲਬਾਤ ਤੋਂ ਬਚਣਾ ਚਾਹੀਦਾ ਹੈ ਅਤੇ ਗ੍ਰੀਨਲੈਂਡ ਨੂੰ ਚੀਨੀ ਜਾਂ ਰੂਸੀ ਖਤਰਿਆਂ ਤੋਂ ਬਚਾਉਣਾ ਚਾਹੀਦਾ ਹੈ।

ਲੰਡਨ ਦੇ ਲੋਇਡਜ਼ ਨੇ ਅਗਲੇ ਪੰਜ ਸਾਲਾਂ ਵਿੱਚ ਇੱਕ ਮਹੱਤਵਪੂਰਨ ਭੂ-ਰਾਜਨੀਤਕ ਟਕਰਾਅ ਤੋਂ 1415 ਟ੍ਰਿਲੀਅਨ ਅਮਰੀਕੀ ਡਾਲਰ ਦੇ ਵਿਸ਼ਵ ਆਰਥਿਕ ਨੁਕਸਾਨ ਦੀ ਭਵਿੱਖਬਾਣੀ ਕੀਤੀ ਹੈ। ਕੈਂਬਰਿਜ ਸੈਂਟਰ ਫਾਰ ਰਿਸਕ ਸਟੱਡੀਜ਼ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਭੂ-ਰਾਜਨੀਤਕ ਟਕਰਾਅ ਮੁੱਖ ਵਪਾਰਕ ਮਾਰਗਾਂ ਨੂੰ ਵਿਗਾੜ ਰਹੇ ਹਨ, ਜੋ ਕਿ 80 ਫੀਸਦੀ ਤੋਂ ਵੱਧ ਵਿਸ਼ਵ ਵਪਾਰ (11 ਬਿਲੀਅਨ ਟਨ) ਸਮੁੰਦਰ ਰਾਹੀਂ ਲੈ ਜਾਂਦੇ ਹਨ, ਆਰਥਿਕ ਲਚਕੀਲੇਪਣ ਲਈ ਇੱਕ ਮਹੱਤਵਪੂਰਨ ਖ਼ਤਰਾ ਪੈਦਾ ਕਰਦੇ ਹਨ।

ਅਮਰੀਕਾ, ਚੀਨ ਅਤੇ ਰੂਸ ਦੇ ਨੇਤਾਵਾਂ ਵਿੱਚ ਗਿਆਨ ਦਾ ਪੱਧਰ ਕੀ ਹੈ? ਉਨ੍ਹਾਂ ਨੂੰ ਆਪਣੀ ਸ਼ਕਤੀ ਦੇ ਲੰਮੇ ਸਮੇਂ ਦੇ ਪ੍ਰਭਾਵ ਅਤੇ ਚੰਗੇ ਅਤੇ ਬੁਰੇ ਨੁਕਸਾਨ ਦੋਵਾਂ ਲਈ ਇਸ ਦੀ ਸੰਭਾਵਨਾ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇੱਕ ਸੱਭਿਅਤਾਵਾਦੀ ਦ੍ਰਿਸ਼ਟੀਕੋਣ ਕੁਦਰਤੀ ਅਤੇ ਮਨੁੱਖੀ-ਨਿਰਮਿਤ ਆਫ਼ਤਾਂ ਦੋਵਾਂ ਤੋਂ ਦੁਨੀਆ ਨੂੰ ਬਚਾਉਣ 'ਤੇ ਕੇਂਦ੍ਰਤ ਕਰਦਾ ਹੈ। ਸਾਨੂੰ ਲਾਲਚ ਅਤੇ ਮਹੱਤਵਾਕਾਂਖਾ ਦੁਆਰਾ ਚਲਾਏ ਗਏ ਛੋਟੇ ਟਕਰਾਵਾਂ ਵਿੱਚ ਫਸਣ ਦੀ ਬਜਾਏ ਆਪਣੇ ਸਰੋਤਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ।

# ਸੰਗਠਨ ਅਤੇ ਸੰਘਰਸ਼

ਨਵਪ੍ਰੀਤ ਸਿੰਘ ਬੱਲੀ

ਭਾਰਤ ਦੀ ਸਟੇਟ ਸਰਮਾਏਦਾਰ ਅਤੇ ਜਗੀਰਦਾਰ ਜਮਾਤਾਂ ਦੀ ਰਾਜ ਸੱਤਾ ਹੈ, ਜਿਸ ਦੀ ਅਗਵਾਈ ਵੱਡੀ ਸਰਮਾਏਦਾਰੀ ਕਰਦੀ ਹੈ, ਇਹ ਸਾਮਰਾਜਵਾਦ ਨਾਲ ਤੇਜ਼ੀ ਨਾਲ ਭਿਆਲੀ ਪਾਉਂਦੀ ਹੈ ਅਤੇ ਇਸ ਭਿਆਲੀ ਨੂੰ ਵਧਾਉਂਦੀ ਹੋਈ ਆਪਣੇ ਜਮਾਤੀ ਹਿੱਤਾਂ ਦੀ ਰਾਖੀ ਕਰਦੀ ਹੈ। ਸਾਡਾ ਭਾਰਤੀ ਸਮਾਜ ਵਰਗਾਂ ਵਿੱਚ ਵੰਡਿਆ ਹੋਇਆ ਸਮਾਜ ਹੈ । ਇੱਕ ਪਾਸੇ ਜਗੀਰਦਾਰ ਅਤੇ ਵੱਡੇ ਪੂੰਜੀਪਤੀਆਂ ਦਾ ਗੱਠਜੋੜ ਹੈ, ਜੋ ਕਿ ਸੱਤਾ ਉੱਤੇ ਕਾਬਜ਼ ਹਨ ਅਤੇ ਦੂਸਰੇ ਪਾਸੇ ਦੇਸ਼ ਦੀ ਮਿਹਨਤ-ਕਸ਼ ਆਮ ਜਨਤਾ ਹੈ। ਇਸ ਆਮ ਜਨਤਾ ਵਿੱਚ ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਛੋਟੇ ਵਪਾਰੀਆਂ ਦੀ ਬਹੁ-ਗਿਣਤੀ ਹੈ।

ਸ਼ਾਸਕ ਵਰਗ ਦੀਆਂ ਨੀਤੀਆਂ ਨਾਲ ਪੂੰਜੀ ਦਾ ਕੇਂਦਰੀਕਰਨ ਹੋ ਰਿਹਾ ਹੈ । ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਦੇ ਮੁਨਾਫੇ ਨੂੰ ਵਧਾਉਣ ਲਈ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦੇ ਤਹਿਤ ਸਿੱਖਿਆ ਅਤੇ ਸਿਹਤ ਦੀਆਂ ਸਾਰੀਆਂ ਮੁੱਢਲੀਆਂ ਸਹੂਲਤਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਨਿੱਜੀਕਰਨ ਦਾ ਅਰਥ ਹੈ, ਇਹਨਾਂ ਮੁੱਢਲੀਆਂ ਸਾਰੀਆਂ ਸਹੂਲਤਾਂ ਦਾ ਵਪਾਰੀਕਰਨ ਕਰਨਾ । ਸਿੱਖਿਆ ਦੇ ਖੇਤਰ ਵਿੱਚ ਨਵੀਂ ਸਿੱਖਿਆ ਨੀਤੀ ਸਿੱਖਿਆ 2020 ਪੂਰੀ ਤਰ੍ਹਾਂ ਕਾਰਪੋਰੇਟ ਪੱਖੀ, ਨਿੱਜੀਕਰਨ ਅਤੇ ਸਿੱਖਿਆ ਦੇ ਕੇਂਦਰੀਕਰਨ ਅਤੇ ਵਪਾਰੀਕਰਨ ਦੀ ਨੀਤੀ ਹੈ। ਇਹ ਨੀਤੀ ਸਿੱਖਿਆ ਨੂੰ ਵਿਕਾਸ ਦੀ ਬਜਾਏ ਵਿਨਾਸ਼ ਵੱਲ ਵੱਧ ਤੇਜ਼ੀ ਨਾਲ ਲੈ ਕੇ ਜਾ ਰਹੀ ਹੈ। ਉਦਾਹਰਨ ਵਜੋਂ ਪਹਿਲਾਂ ਦੀਆਂ ਸਿੱਖਿਆ ਨੀਤੀਆਂ ਵਿੱਚ ਕਾਮਨ ਸਕੂਲ ਸਿਸਟਮ ਉਸਾਰਨ ਦੀ ਗੱਲ ਸੀ, ਪਰ ਨਵੀਂ ਸਿੱਖਿਆ ਨੀਤੀ 2020 ਵਿੱਚ ਮਾਡਲ ਸਕੂਲਾਂ ਦੀ ਗੱਲ ਹੋਣ ਲੱਗ ਪਈ ਹੈ। ਮਾਡਲ ਸਕੂਲ ਸਿੱਖਿਆ ਦੇ ਵਪਾਰੀਕਰਨ ਵੱਲ ਵਧਣ ਦਾ ਇਸ਼ਾਰਾ ਹੈ। ਫੀਸਾਂ-ਫੰਡਾਂ ਵਿੱਚ ਹੌਲੀ-ਹੌਲੀ ਵਾਧਾ ਕਰਨਾ, ਪਰ ਨਵੀਂ ਸਿੱਖਿਆ ਨੀਤੀ ਵਿੱਚ ਫੀਸਾਂ ਤੇ ਫੰਡਾਂ ਦੇ ਬੇਲੋੜੇ ਵਾਧੇ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਸ ਨੀਤੀ ਦੇ ਅਨੁਸਾਰ ਸਕੂਲੀ ਸਿੱਖਿਆ ਤੋਂ ਬਾਅਦ ਤਿੰਨ ਸਾਲ ਦੇ ਡਿਗਰੀ ਕੋਰਸ ਦੀ ਬਜਾਏ ਚਾਰ ਸਾਲ ਦਾ ਡਿਗਰੀ ਕੋਰਸ ਕਰਨਾ ਪਵੇਗਾ। ਚਾਰ ਸਾਲ ਦੇ ਡਿਗਰੀ ਕੋਰਸ ਨਾਲ ਵਿਦਿਆਰਥੀਆਂ ਉੱਤੇ ਆਰਥਿਕ ਬੋਝ ਪਵੇਗਾ। ਇਹ ਨਵੀਂ ਸਿੱਖਿਆ ਨੀਤੀ ਐਲਾਨ ਕਰਦੀ ਹੈ ਕਿ 2030 ਤੱਕ ਸਾਰੇ ਸਥਾਈ ਕਾਰਜਕਾਲ ਵਾਲੇ ਅਧਿਆਪਕਾਂ ਲਈ ਘੱਟੋ-ਘੱਟ ਡਿਗਰੀ ਦੀ ਲੋੜ ਚਾਰ ਸਾਲਾਂ ਦੀ ਇੱਕਕ੍ਰਿਤ ਬੀ ਐੱਡ ਹੋਵੇਗੀ। ਇਸ ਤਰ੍ਹਾਂ ਇਕਹਿਰੇ ਬੀ ਐੱਡ ਕਰਵਾਉਣ ਵਾਲੇ ਕਾਲਜ ਬੰਦ ਹੋ ਜਾਣਗੇ ਅਤੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਵੀ ਵਪਾਰੀਕਰਨ ਹੋ ਜਾਵੇਗਾ। ਇਹ ਨੀਤੀ ਕੰਪਲੈਕਸ ਸਕੂਲਾਂ ਦੇ ਆੜ ਹੇਠ ਸਰਕਾਰੀ ਸਕੂਲਾਂ ਨੂੰ ਬੰਦ ਕਰਨ ਵੱਲ ਵਧਣ ਦਾ ਸੰਕੇਤ ਦਿੰਦੀ ਹੈ, ਜਿਸ ਨਾਲ ਆਮ ਗਰੀਬ ਤੇ ਆਰਥਿਕ ਤੌਰ 'ਤੇ ਪਛੜੇ ਲੋਕਾਂ ਦੇ ਬੱਚਿਆਂ ਕੋਲੋਂ ਵਿਦਿਆ ਖੋਹਣ ਦਾ ਯਤਨ ਹੈ ।

ਕੇਂਦਰ ਅਤੇ ਰਾਜ ਸਰਕਾਰਾਂ ਸਿੱਖਿਆ ਅਤੇ ਸਿਹਤ ਦੀਆਂ ਸਾਰੀਆਂ ਸਹੂਲਤਾਂ ਦਾ ਵਪਾਰੀਕਰਨ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁੰਦੀਆਂ ਹਨ। ਇਹ ਮੁਨਾਫਾ ਕਮਾਉਣ ਲਈ ਜਿੱਥੇ ਆਮ ਲੋਕਾਂ ਦੀਆਂ ਸਹੂਲਤਾਂ ਵਿੱਚ ਵੱਡੇ ਪੱਧਰ 'ਤੇ ਕਟੌਤੀ ਕੀਤੀ ਜਾਂਦੀ ਹੈ, ਉੱਥੇ ਕਰਮਚਾਰੀਆਂ ਅਤੇ ਮਿਹਨਤਕਸ਼ ਲੋਕਾਂ ਦਾ ਵੱਧ ਤੋਂ ਵੱਧ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਸ ਕਰਕੇ ਇਸ ਸ਼ੋਸ਼ਣ ਨੂੰ ਰੋਕਣ ਲਈ ਸ਼ਾਸਕ ਵਰਗ ਅਤੇ ਮੁਲਾਜ਼ਮਾਂ ਵਿੱਚ ਲਗਾਤਾਰ ਹੋ ਰਿਹਾ ਸੰਘਰਸ਼ ਇੱਕ ਬੁਨਿਆਦੀ ਸੰਘਰਸ਼ ਹੈ ।

ਇਸ ਸ਼ੋਸ਼ਣ ਖਿਲਾਫ ਕੋਈ ਇਕੱਲਾ ਨਹੀਂ ਲੜ ਸਕਦਾ। ਇਸ ਲਈ ਸੰਗਠਨ ਤਿਆਰ ਹੁੰਦੇ ਹਨ । ਸੰਗਠਨ ਵਿਚਾਰਧਾਰਾ ਦੇ ਆਧਾਰ ਉੱਪਰ ਬਣਦੇ ਹਨ । ਸੰਘਰਸ਼ਾਂ ਵਿੱਚੋਂ ਸੰਗਠਨ ਉਭਰਦੇ ਹਨ ਅਤੇ ਉਹਨਾਂ ਨੂੰ ਮਜ਼ਬੂਤੀ ਮਿਲਦੀ ਹੈ, ਲੇਕਿਨ ਇਸ ਵਰਗ ਵੰਡ ਵਾਲੇ ਸਮਾਜ ਵਿੱਚ ਸੰਗਠਨ ਵੀ ਦੋ ਤਰ੍ਹਾਂ ਦੇ ਬਣ ਜਾਂਦੇ ਹਨ । ਇਕ ਸੰਗਠਨ, ਜੋ ਲੋਕ-ਸੰਘਰਸ਼ਾਂ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਦੂਸਰੇ ਸੰਗਠਨ ਜੋ ਸ਼ਾਸਕ ਵਰਗ ਦੇ ਇਸ਼ਾਰਿਆਂ ਉੱਪਰ ਚੱਲਣ ਵਾਲੇ ਹੁੰਦੇ ਹਨ ਅਤੇ ਇਹਨਾਂ ਸੰਗਠਨਾਂ ਨੂੰ ਪ੍ਰਤੀਕਿਰਿਆਤਮਕ ਸੰਘਰਸ਼ ਕਰਨ ਲਈ ਸੱਤਾ ਉਤਸ਼ਾਹਤ ਕਰਦੀ ਹੈ ਅਤੇ ਤਿਆਰ ਕਰਦੀ ਹੈ। ਇਹ ਸੰਗਠਨ ਸੱਤਾ ਨਾਲ ਸਹਿਯੋਗ ਕਰਦੇ ਹਨ ਅਤੇ ਉਹਨਾਂ ਨੂੰ ਚੁਣੌਤੀ ਨਹੀਂ ਦਿੰਦੇ। ਇਹ ਸੰਗਠਨ ਲੋਕ ਸੰਘਰਸ਼ਾਂ ਵਿੱਚ ਮੋਹਰੀ ਸੰਗਠਨਾਂ ਨੂੰ ਸ਼ੋਸ਼ਤ ਵਰਗ ਦੀ ਵਿਸ਼ਾਲ ਏਕਤਾ ਬਣਾਉਣ ਤੋਂ ਰੋਕਣ ਦਾ ਯਤਨ ਕਰਦੇ ਹਨ ਅਤੇ ਨਾਲ ਹੀ ਨਾਲ ਸ਼ਾਸਕ ਵਰਗ ਦੀ ਵਿਚਾਰਧਾਰਾ ਨੂੰ ਫੈਲਾ ਕੇ ਵਿਚਾਰਕ ਮਤਭੇਦ ਪੈਦਾ ਕਰਨ ਦਾ ਕੰਮ ਕਰਦੇ ਹਨ।

ਇਸ ਕਰਕੇ ਸਾਨੂੰ ਕਿਹੜੇ ਸੰਗਠਨ ਨਾਲ ਜੁੜਨਾ ਚਾਹੀਦਾ ਹੈ ? ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਇੱਕ ਅਜਿਹਾ ਸੰਗਠਨ ਹੈ, ਜੋ ਵਿਗਆਨਿਕ ਚੇਤਨਾ ਨੂੰ ਮੰਨਣ ਵਾਲੇ ਅਤੇ ਪੰਜਾਬ ਭਰ ਦੇ ਸਮੂਹ ਮੁਲਾਜ਼ਮਾਂ ਦੀ ਵਿਸ਼ਾਲ ਏਕਤਾ ਵਿੱਚ ਵਿਸ਼ਵਾਸ ਰੱਖਣ ਵਾਲੇ ਮੁਲਾਜ਼ਮਾਂ ਦਾ ਇੱਕ ਸੰਗਠਨ ਹੈ, ਜੋ ਮੁਲਾਜ਼ਮਾਂ ਦੇ ਹੋ ਰਹੇ ਸ਼ੋਸ਼ਣ ਵਿਰੁੱਧ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹੈ। ਇਹ ਸੰਗਠਨ ਜਿੱਥੇ ਸੁਤੰਤਰ ਤੌਰ 'ਤੇ ਲਗਾਤਾਰ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਵਿਗਿਆਨਿਕ ਪਹੁੰਚ ਅਪਣਾ ਕੇ ਅੰਦੋਲਨ ਕਰ ਰਿਹਾ ਹੈ, ਉੱਥੇ ਸੰਯੁਕਤ ਅੰਦੋਲਨ ਵੀ ਕਰ ਰਿਹਾ ਹੈ ਭਾਵ ਰਾਜ ਅੰਦਰ ਕੰਮ ਕਰਦੀਆਂ ਵੱਖ-ਵੱਖ ਫੈਡਰੇਸ਼ਨਾਂ ਨਾਲ ਸਾਂਝਾ ਮੋਰਚਾ ਬਣਾ ਕੇ ਵੀ ਅੰਦੋਲਨ ਦੇ ਰਸਤੇ ਉੱਪਰ ਚੱਲ ਰਿਹਾ ਹੈ ।

**# ਸੰਪਰਕ : 98552-50696**

# ਗ੍ਰੀਨਲੈਂਡ : ਆਪਣੀ ਹੋਂਦ ਲਈ ਜੂਝਦਾ ਟਾਪੂ

ਸੁਖਜੀਤ ਸਿੰਘ ਚਹਿਲ

ਡਿਜੀਟਲ ਅਤੇ ਗਲੋਬਲ ਯੁੱਗ ਵਿੱਚ ਦੁਨੀਆ ਦੇ ਨਕਸ਼ੇ ਸਿਰਫ਼ ਸਰਹੱਦਾਂ ਨਾਲ ਨਹੀਂ, ਸਗੋਂ ਤਾਕਤ, ਸਰੋਤਾਂ ਅਤੇ ਰਣਨੀਤਕ ਮਹੱਤਤਾ ਨਾਲ ਬਣਦੇ ਹਨ। ਅਜੋਕੇ ਸੰਸਾਰ ਵਿੱਚ ਜਿੱਥੇ ਲਗਭਗ 195 ਦੇਸ਼ ਵੱਖ-ਵੱਖ ਰੀਤੀ-ਰਿਵਾਜਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਨਾਲ ਆਪਣੀ ਪਹਿਚਾਣ ਬਣਾਈ ਬੈਠੇ ਹਨ, ਉੱਥੇ ਕੁਝ ਇਲਾਕੇ ਅਜਿਹੇ ਵੀ ਹਨ, ਜੋ ਆਪਣੇ ਛੋਟੇ ਜਿਹੇ ਅਕਾਰ ਜਾਂ ਘੱਟ ਅਬਾਦੀ ਦੇ ਬਾਵਜੂਦ ਵਿਸ਼ਵ ਰਾਜਨੀਤੀ ਦੇ ਕੇਂਦਰ ਵਿੱਚ ਆ ਖੜ੍ਹਦੇ ਹਨ। ਗ੍ਰੀਨਲੈਂਡ ਅਜਿਹਾ ਹੀ ਇੱਕ ਨਾਂਅ ਹੈ—ਧਰਤੀ ਦਾ ਸਭ ਤੋਂ ਵੱਡਾ ਟਾਪੂ, ਪਰ ਆਪਣੇ ਭਵਿੱਖ ਬਾਰੇ ਅਜੇ ਵੀ ਅਸਪੱਸ਼ਟ ।

**ਗ੍ਰੀਨਲੈਂਡ: ਭੂਗੋਲ ਤੋਂ ਰਾਜਨੀਤੀ ਤੱਕ**

ਗ੍ਰੀਨਲੈਂਡ ਉੱਤਰੀ ਅਮਰੀਕਾ ਮਹਾਂਦੀਪ ਵਿੱਚ ਸਥਿਤ ਹੈ, ਪਰ ਇਤਿਹਾਸਕ, ਰਾਜਨੀਤਕ ਅਤੇ ਪ੍ਰਸ਼ਾਸਕੀ ਤੌਰ 'ਤੇ ਇਹ ਯੂਰਪ, ਖ਼ਾਸ ਕਰਕੇ ਡੈਨਮਾਰਕ ਨਾਲ ਜੁੜਿਆ ਹੋਇਆ ਹੈ। ਲਗਭਗ 85 ਫੀਸਦੀ ਖੇਤਰ ਸਾਲ ਭਰ ਬਰਫ਼ ਨਾਲ ਢਕਿਆ ਰਹਿੰਦਾ ਹੈ। ਇੱਥੇ ਦੀ ਆਬਾਦੀ ਕਰੀਬ 56 ਤੋਂ 57 ਹਜ਼ਾਰ ਦੇ ਵਿਚਕਾਰ ਹੈ, ਜੋ ਮੁੱਖ ਤੌਰ 'ਤੇ ਇਨੂਇਟ ਮੂਲ ਦੇ ਲੋਕ ਹਨ। ਗ੍ਰੀਨਲੈਂਡਿਕ, ਡੈਨਿਸ਼ ਅਤੇ ਅੰਗਰੇਜ਼ੀ ਇੱਥੋਂ ਦੀਆਂ ਪ੍ਰਮੁੱਖ ਭਾਸ਼ਾਵਾਂ ਹਨ।

2009 ਵਿੱਚ ਗ੍ਰੀਨਲੈਂਡ ਨੂੰ ਡੈਨਮਾਰਕ ਦੇ ਅਧੀਨ ਸਵੈ-ਸ਼ਾਸਨ ਮਿਲਿਆ, ਜਿਸ ਨਾਲ ਇਸ ਨੂੰ ਅੰਦਰੂਨੀ ਮਾਮਲਿਆਂ ਵਿੱਚ ਕਾਫ਼ੀ ਹੱਦ ਤੱਕ ਖੁਦਮੁਖ਼ਤਿਆਰੀ ਪ੍ਰਾਪਤ ਹੋਈ, ਪਰ ਵਿਦੇਸ਼ ਨੀਤੀ, ਰੱਖਿਆ ਅਤੇ ਮੁੱਖ ਆਰਥਿਕ ਸਹਾਇਤਾ ਅਜੇ ਵੀ ਡੈਨਮਾਰਕ ਦੇ ਹੱਥਾਂ ਵਿੱਚ ਹੈ। ਇਹੀ ਅਧੂਰੀ ਖੁਦਮੁਖ਼ਤਿਆਰੀ ਅੱਜ ਗ੍ਰੀਨਲੈਂਡ ਲਈ ਸਭ ਤੋਂ ਵੱਡੀ ਚੁਣੌਤੀ ਬਣੀ ਹੋਈ ਹੈ।

**ਕੁਦਰਤੀ ਸਰੋਤ: ਵਰਦਾਨ ਜਾਂ ਸਰਾਪ ?**

ਗ੍ਰੀਨਲੈਂਡ ਦੀ ਧਰਤੀ ਹੇਠਾਂ ਸੋਨਾ, ਚਾਂਦੀ, ਪਲੈਟੀਨੀਅਮ, ਲਿਥੀਅਮ, ਟਾਈਟੇਨੀਅਮ, ਯੂਰੇਨੀਅਮ ਅਤੇ ਰੇਅਰ ਅਰਥ ਐਲੀਮੈਂਟਸ ਵਰਗੇ ਮਹਿੰਗੇ ਖਣਿਜ ਭਰਪੂਰ ਮਾਤਰਾ ਵਿੱਚ ਮੌਜੂਦ ਹਨ। ਇਸ ਤੋਂ ਇਲਾਵਾ ਤੇਲ ਅਤੇ ਗੈਸ ਦੇ ਭੰਡਾਰ ਹੋਣ ਦੀ ਸੰਭਾਵਨਾ ਵੀ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਹੀ ਹੈ, ਹਾਲਾਂਕਿ ਅਜੇ ਤੱਕ ਵੱਡੀ ਪੱਧਰੀ ਖੋਜ ਨਹੀਂ ਹੋਈ।

ਇਹੀ ਸਰੋਤ ਗ੍ਰੀਨਲੈਂਡ ਨੂੰ ਵਿਸ਼ਵ ਤਾਕਤਾਂ ਦੀ ਨਜ਼ਰ ਵਿੱਚ ਕੀਮਤੀ ਬਣਾਉਂਦੇ ਹਨ। ਅਮਰੀਕਾ, ਰੂਸ ਅਤੇ ਚੀਨ—ਤਿੰਨੇ ਹੀ ਦੇਸ਼ ਗ੍ਰੀਨਲੈਂਡ ਨੂੰ ਆਪਣੀ ਭਵਿੱਖੀ ਰਣਨੀਤੀ ਦਾ ਅਹਿਮ ਹਿੱਸਾ ਮੰਨਦੇ ਹਨ। ਆਰਕਟਿਕ ਖੇਤਰ ਵਿੱਚ ਬਰਫ਼ ਦੇ ਪਿਘਲਣ ਨਾਲ ਨਵੇਂ ਸਮੁੰਦਰੀ ਰਸਤੇ ਖੁੱਲ੍ਹ ਰਹੇ ਹਨ, ਜੋ ਵਪਾਰ ਅਤੇ ਫੌਜੀ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਨ ਹਨ।

**ਅਮਰੀਕਾ ਅਤੇ ਗ੍ਰੀਨਲੈਂਡ: ਖਰੀਦ ਤੋਂ ਧਮਕੀ ਤੱਕ**

ਗ੍ਰੀਨਲੈਂਡ 2019 ਵਿੱਚ ਵੀ ਵਿਸ਼ਵ ਖ਼ਬਰਾਂ ਵਿੱਚ ਆਇਆ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ਖਰੀਦਣ ਦੀ ਇੱਛਾ ਜਤਾਈ ਸੀ। ਉਸ ਸਮੇਂ ਇਸ ਬਿਆਨ ਨੂੰ ਕਈ ਲੋਕਾਂ ਨੇ ਮਜ਼ਾਕ ਸਮਝਿਆ, ਪਰ 2025-2026 ਵਿੱਚ ਇਹ ਮਾਮਲਾ ਮੁੜ ਗੰਭੀਰ ਰੂਪ ਧਾਰ ਗਿਆ। ਟਰੰਪ ਨੇ ਖੁੱਲ੍ਹੇ ਤੌਰ 'ਤੇ ਕਿਹਾ ਕਿ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਗ੍ਰੀਨਲੈਂਡ ਬਹੁਤ ਜ਼ਰੂਰੀ ਹੈ ਅਤੇ ਜੇ ਅਮਰੀਕਾ ਨੇ ਕਦਮ ਨਾ ਚੁੱਕਿਆ ਤਾਂ ਚੀਨ ਜਾਂ ਰੂਸ ਇਸ 'ਤੇ ਪ੍ਰਭਾਵ ਕਾਇਮ ਕਰ ਸਕਦੇ ਹਨ।

ਇਸ ਬਿਆਨ ਤੋਂ ਬਾਅਦ ਗ੍ਰੀਨਲੈਂਡ ਅਤੇ ਡੈਨਮਾਰਕ ਵਿੱਚ ਵੱਡੇ ਵਿਰੋਧ ਪ੍ਰਦਰਸ਼ਨ ਹੋਏ। ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਜੈਨਜ਼-ਫ੍ਰੈਡਰਿਕ ਨਾਇਲਸਨ ਨੇ ਸਾਫ਼ ਕਿਹਾ ਕਿ ਗ੍ਰੀਨਲੈਂਡ ਕੋਈ ਜਾਇਦਾਦ ਨਹੀਂ, ਜੋ ਵੇਚੀ ਜਾ ਸਕੇ। ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਨੇ ਵੀ ਅਮਰੀਕਾ ਨੂੰ ਚੇਤਾਵਨੀ ਦਿੱਤੀ ਕਿ ਕਿਸੇ ਵੀ ਕਿਸਮ ਦੀ ਜ਼ਬਰਦਸਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਨਾਟੋ, ਯੂਰਪ ਅਤੇ ਸੰਭਾਵਤ ਟਕਰਾਅ**

ਗ੍ਰੀਨਲੈਂਡ ਦਾ ਮਸਲਾ ਸਿਰਫ਼ ਡੈਨਮਾਰਕ ਅਤੇ ਅਮਰੀਕਾ ਤੱਕ ਸੀਮਿਤ ਨਹੀਂ, ਇਹ ਪੂਰੇ ਨਾਟੋ ਗਠਜੋੜ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹਾ ਕਰਦਾ ਹੈ। ਜੇਕਰ ਅਮਰੀਕਾ, ਜੋ ਨਾਟੋ ਦਾ ਸਭ ਤੋਂ ਤਾਕਤਵਰ ਮੈਂਬਰ ਹੈ, ਡੈਨਮਾਰਕ ਦੇ ਹਿੱਸੇ ਗ੍ਰੀਨਲੈਂਡ 'ਤੇ ਜ਼ਬਰਦਸਤੀ ਕਦਮ ਰੱਖਦਾ ਹੈ, ਤਾਂ ਨਾਟੋ ਦਾ ਮੁੱਖ ਆਰਟੀਕਲ 5, ਜਿਸ ਅਨੁਸਾਰ ਇੱਕ ਮੈਂਬਰ 'ਤੇ ਹਮਲਾ ਸਾਰੇ ਮੈਂਬਰਾਂ 'ਤੇ ਹਮਲਾ ਮੰਨਿਆ ਜਾਂਦਾ ਹੈ, ਅਰਥਹੀਣ ਹੋ ਜਾਵੇਗਾ।

ਫਰਾਂਸ, ਜਰਮਨੀ ਅਤੇ ਇਟਲੀ ਵਰਗੇ ਯੂਰਪੀ ਦੇਸ਼ ਡੈਨਮਾਰਕ ਦੇ ਹੱਕ ਵਿੱਚ ਖੜ੍ਹੇ ਹੋ ਚੁੱਕੇ ਹਨ। ਯੂਰਪੀ ਯੂਨੀਅਨ ਨੇ ਵੀ ਸਪੱਸ਼ਟ ਕੀਤਾ ਹੈ ਕਿ ਗ੍ਰੀਨਲੈਂਡ ਦੇ ਭਵਿੱਖ ਬਾਰੇ ਫੈਸਲਾ ਉੱਥੋਂ ਦੇ ਲੋਕਾਂ ਦੀ ਮਰਜ਼ੀ ਨਾਲ ਹੀ ਹੋ ਸਕਦਾ ਹੈ। ਯੂਰਪ ਵਿੱਚ ਅਮਰੀਕੀ ਫੌਜੀ ਅੱਡਿਆਂ ਬਾਰੇ ਵੀ ਖੁੱਲ੍ਹੀ ਚਰਚਾ ਸ਼ੁਰੂ ਹੋ ਚੁੱਕੀ ਹੈ, ਜੋ ਨਾਟੋ ਦੇ ਭਵਿੱਖ ਲਈ ਚਿੰਤਾਜਨਕ ਸੰਕੇਤ ਹਨ।

**ਜਲਵਾਯੂ ਤਬਦੀਲੀ: ਸਭ ਤੋਂ ਵੱਡਾ ਪਰ ਅਣਦੇਖਿਆ ਖ਼ਤਰਾ**

ਰਾਜਨੀਤੀ ਅਤੇ ਤਾਕਤ ਦੀ ਖੇਡ ਤੋਂ ਇਲਾਵਾ, ਗ੍ਰੀਨਲੈਂਡ ਇੱਕ ਹੋਰ ਭਿਆਨਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ—ਜਲਵਾਯੂ ਤਬਦੀਲੀ। ਇੱਥੇ ਦੀਆਂ ਬਰਫ਼ੀਲੀ ਚਾਦਰਾਂ ਬੇਹੱਦ ਤੇਜ਼ੀ ਨਾਲ ਪਿਘਲ ਰਹੀਆਂ ਹਨ। ਵਿਗਿਆਨਕ ਅਧਿਐਨਾਂ ਅਨੁਸਾਰ ਗ੍ਰੀਨਲੈਂਡ ਦੀ ਬਰਫ਼ ਦੇ ਪਿਘਲਣ ਨਾਲ ਵਿਸ਼ਵ ਸਮੁੰਦਰੀ ਪੱਧਰ ਵਿੱਚ ਖ਼ਤਰਨਾਕ ਵਾਧਾ ਹੋ ਸਕਦਾ ਹੈ, ਜਿਸ ਦਾ ਪ੍ਰਭਾਵ ਦੂਰ-ਦੂਰ ਦੇ ਸਮੁੰਦਰੀ ਇਲਾਕਿਆਂ ਤੱਕ ਪਵੇਗਾ।

ਪਰਮਾਫ੍ਰੌਸਟ ਦੇ ਖ਼ਤਮ ਹੋਣ ਨਾਲ ਇਮਾਰਤਾਂ, ਸੜਕਾਂ ਅਤੇ ਸਥਾਨਕ ਬੁਨਿਆਦੀ ਢਾਂਚਾ ਖ਼ਤਰੇ ਵਿੱਚ ਪੈ ਰਿਹਾ ਹੈ। ਜੰਗਲੀ ਜੀਵਾਂ ਖ਼ਾਸ ਕਰਕੇ ਪੋਲਰ ਭਾਲੂਆਂ ਅਤੇ ਸੀਲਾਂ ਦੀ ਗਿਣਤੀ ਘਟ ਰਹੀ ਹੈ। ਇਹ ਸਿਰਫ਼ ਗ੍ਰੀਨਲੈਂਡ ਦੀ ਸਮੱਸਿਆ ਨਹੀਂ, ਸਗੋਂ ਪੂਰੀ ਧਰਤੀ ਲਈ ਚੇਤਾਵਨੀ ਹੈ।

**ਆਰਥਿਕ ਅਤੇ ਸਮਾਜਿਕ ਹਕੀਕਤਾਂ**

ਗ੍ਰੀਨਲੈਂਡ ਦੀ ਅਰਥ ਵਿਵਸਥਾ ਮੁੱਖ ਤੌਰ 'ਤੇ ਮੱਛੀ ਪਕੜਨ ਅਤੇ ਸੈਲਾਨੀ ਉਦਯੋਗ 'ਤੇ ਨਿਰਭਰ ਹੈ। ਜਲਵਾਯੂ ਤਬਦੀਲੀ ਨਾਲ ਮੱਛੀਆਂ ਦੇ ਰੂਟ ਬਦਲ ਰਹੇ ਹਨ, ਜਿਸ ਨਾਲ ਸਥਾਨਕ ਲੋਕਾਂ ਦੀ ਰੋਜ਼ੀ-ਰੋਟੀ ਪ੍ਰਭਾਵਤ ਹੋ ਰਹੀ ਹੈ। ਖਣਿਜ ਸਰੋਤਾਂ ਦੀ ਖੋਜ ਇੱਕ ਪਾਸੇ ਆਰਥਿਕ ਵਿਕਾਸ ਦਾ ਮੌਕਾ ਹੈ, ਪਰ ਦੂਜੇ ਪਾਸੇ ਵਾਤਾਵਰਣੀ ਨੁਕਸਾਨ ਅਤੇ ਵਿਦੇਸ਼ੀ ਦਖ਼ਲ ਦਾ ਖ਼ਤਰਾ ਵੀ ਲਿਆਉਂਦੀ ਹੈ।

ਸਮਾਜਿਕ ਤੌਰ 'ਤੇ ਗ੍ਰੀਨਲੈਂਡ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ—ਉੱਚ ਸੁਆਇਸਾਈਡ ਦਰਾਂ, ਨਸ਼ਿਆਂ ਦੀ ਸਮੱਸਿਆ ਅਤੇ ਸਿਹਤ ਸਹੂਲਤਾਂ ਦੀ ਘਾਟ, ਇਹ ਸਭ ਦਰਸਾਉਂਦਾ ਹੈ ਕਿ ਸਿਰਫ਼ ਭੂ-ਰਾਜਨੀਤਕ ਮਹੱਤਤਾ ਹੀ ਨਹੀਂ, ਸਗੋਂ ਮਨੁੱਖੀ ਵਿਕਾਸ ਵੀ ਗ੍ਰੀਨਲੈਂਡ ਲਈ ਵੱਡਾ ਮੁੱਦਾ ਹੈ।

**ਤੀਜੇ ਵਿਸ਼ਵ ਯੁੱਧ ਦੀ ਛਾਂ ਹੇਠ**

ਜਦੋਂ ਦੁਨੀਆ ਦੇ ਹੋਰ ਹਿੱਸਿਆਂ 'ਚ ਰੂਸ-ਯੂਕ੍ਰੇਨ ਜੰਗ, ਮਿਡਲ ਈਸਟ ਦਾ ਸੰਘਰਸ਼, ਤਾਈਵਾਨ 'ਤੇ ਚੀਨ ਦਾ ਦਬਾਅ ਅਤੇ ਕੋਰੀਆਈ ਪ੍ਰਾਇਦੀਪ ਵਿੱਚ ਤਣਾਅ ਵਧ ਰਿਹਾ ਹੈ, ਤਦ ਗ੍ਰੀਨਲੈਂਡ ਦਾ ਮਸਲਾ ਇੱਕ ਹੋਰ ਚਿੰਗਾਰੀ ਸਾਬਤ ਹੋ ਸਕਦਾ ਹੈ। ਜੇ ਵਿਸ਼ਵ ਤਾਕਤਾਂ ਨੇ ਸਬਰ ਅਤੇ ਕੂਟਨੀਤੀ ਦੀ ਥਾਂ ਜਬਰ ਦੀ ਰਾਹ ਅਪਣਾਈ, ਤਾਂ ਇਹ ਸਿਰਫ਼ ਇੱਕ ਟਾਪੂ ਦੀ ਲੜਾਈ ਨਹੀਂ ਰਹੇਗੀ।

**ਗ੍ਰੀਨਲੈਂਡ ਦੀ ਆਵਾਜ਼ ਕੌਣ ਸੁਣੇਗਾ ?**

ਗ੍ਰੀਨਲੈਂਡ ਅੱਜ ਆਪਣੀ ਹੋਂਦ ਲਈ ਜੂਝ ਰਿਹਾ ਹੈ, ਇੱਕ ਪਾਸੇ ਵਿਸ਼ਵ ਤਾਕਤਾਂ ਦੀ ਲਾਲਚ, ਦੂਜੇ ਪਾਸੇ ਜਲਵਾਯੂ ਤਬਦੀਲੀ ਦੀ ਤਬਾਹੀ ਅਤੇ ਅੰਦਰੂਨੀ ਸਮਾਜਿਕ ਚੁਣੌਤੀਆਂ। ਸਵਾਲ ਇਹ ਨਹੀਂ ਕਿ ਗ੍ਰੀਨਲੈਂਡ ਕਿਸ ਦੇ ਕਬਜ਼ੇ 'ਚ ਹੋਵੇਗਾ, ਸਵਾਲ ਇਹ ਹੈ ਕਿ ਗ੍ਰੀਨਲੈਂਡ ਦੇ ਲੋਕਾਂ ਨੂੰ ਆਪਣਾ ਭਵਿੱਖ ਖੁਦ ਚੁਣਨ ਦਾ ਅਧਿਕਾਰ ਮਿਲੇਗਾ ਜਾਂ ਨਹੀਂ।

ਇਹ ਕਹਿਣਾ ਲਾਜ਼ਮੀ ਹੈ ਕਿ ਤਾਕਤ ਦੀ ਰਾਜਨੀਤੀ ਨੇ ਜੇਕਰ ਮਨੁੱਖੀ ਇੱਛਾ ਅਤੇ ਵਾਤਾਵਰਣੀ ਸੰਤੁਲਨ ਨੂੰ ਨਜ਼ਰਅੰਦਾਜ਼ ਕੀਤਾ, ਤਾਂ ਗ੍ਰੀਨਲੈਂਡ ਸਿਰਫ਼ ਇੱਕ ਟਾਪੂ ਨਹੀਂ ਰਹੇਗਾ, ਇਹ ਵਿਸ਼ਵ ਅਮਨ ਦੀ ਕਸੌਟੀ ਬਣ ਜਾਵੇਗਾ।

**# ਸੰਪਰਕ : 98154-04611**

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਿੰਡਾਂ ਤੇ ਸ਼ਹਿਰਾਂ 'ਚ ਟਰੈਕਟਰ ਮਾਰਚ










## ਨਿੱਜੀਕਰਨ ਤੇ ਕੇਂਦਰੀਕਰਨ ਦੀਆਂ ਨੀਤੀਆਂ ਤੁਰੰਤ ਵਾਪਸ ਲਵੇ ਕੇਂਦਰ ਸਰਕਾਰ : ਆਗੂ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਇਤਿਹਾਸਕ ਕਿਸਾਨ ਅੰਦੋਲਨ ਦੌਰਾਨ 26 ਜਨਵਰੀ 2021 ਦੀ ਟਰੈਕਟਰ ਪਰੇਡ ਦੀ ਪੰਜਵੀਂ ਵਰ੍ਹੇਗੰਢ ਉੱਪਰ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਤੇ ਕੇਂਦਰੀਕਰਨ ਦੀਆਂ ਨੀਤੀਆਂ ਵਾਪਸ ਕਰਾਉਣ ਲਈ, ਦਿੱਲੀ ਅੰਦੋਲਨ ਦੀਆਂ ਰਹਿੰਦੀਆਂ ਤੇ ਹੋਰ ਭਖਦੀਆਂ ਮੰਗਾਂ ਜਿਵੇਂ ਸਾਰੀਆਂ ਫਸਲਾਂ 'ਤੇ ਐੱਮ ਐੱਸ ਪੀ ਕਾਨੂੰਨ ਲਾਗੂ ਕਰਵਾਉਣਾ, ਸਾਰੇ ਕਿਸਾਨਾਂ ਮਜ਼ਦੂਰਾਂ ਨੂੰ ਗੁਜ਼ਾਰੇ ਯੋਗ ਘੱਟੋ ਘੱਟ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਫਸਲੀ ਬੀਮਾ ਯੋਜਨਾ, ਸ਼ਹੀਦ ਹੋਏ ਕਿਸਾਨਾਂ, ਮਜ਼ਦੂਰਾਂ ਦੇ ਪਰਿਵਾਰਾਂ ਦੀ ਮੁਕੰਮਲ ਕਰਜ਼ਾ ਖਤਮ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ, ਲਖੀਮਪੁਰ ਖੀਰੀ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਆਦਿ ਸਾਰੀਆਂ ਮੰਗਾਂ ਨੂੰ ਲਾਗੂ ਕਰਵਾਉਣ ਤੇ ਹੁਣ ਦੇ ਹੱਲੇ ਬਿਜਲੀ ਬਿੱਲ, ਬੀਜ ਬਿੱਲ ਤੇ ਕਿਰਤ ਕਾਨੂੰਨ ਰੱਦ ਕਰਨ, ਮਨਰੇਗਾ ਸਕੀਮ ਬਹਾਲ ਰੱਖਣ, ਮੁਕਤ ਵਪਾਰ ਸਮਝੌਤਿਆਂ ਵਿੱਚੋਂ ਖੇਤੀ ਖੇਤਰ ਨੂੰ ਬਾਹਰ ਕਰਵਾਉਣ, ਕੱਚੀਆਂ ਜ਼ਮੀਨਾਂ ਵਾਲੇ ਹੜ੍ਹ ਪੀੜਤਾਂ ਨੂੰ ਵੀ ਯੋਗ ਮੁਆਵਜ਼ਾ ਦਿਵਾਉਣ, ਚਾਰ ਲੇਬਰ ਕੋਡ ਰੱਦ ਕਰਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ ਤਹਿਤ ਬਠਿੰਡਾ ਦੇ ਗੋਨਿਆਣਾ, ਬੱਲੂਆਣਾ, ਲਹਿਰਾ ਬੇਗਾ, ਨਥਾਣਾ, ਰਾਮਪੁਰਾ, ਫੂਲ, ਮੌੜ ਮੰਡੀ, ਤਲਵੰਡੀ ਸਾਬੋ, ਭਗਤਾ ਤੇ ਸੰਗਤ ਤੋਂ ਪਿੰਡਾਂ ਵਿੱਚ ਤੇ ਸ਼ਹਿਰਾਂ ਵਿੱਚ ਟਰੈਕਟਰ ਮਾਰਚ ਕੀਤੇ ਗਏ।

ਇਕੱਠਾਂ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਤੇ ਔਰਤ ਜਥੇਬੰਦੀ ਦੇ ਆਗੂ ਹਰਿੰਦਰ ਕੌਰ ਬਿੰਦੂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਪੂਹਲੀ, ਭਾਰਤੀ ਕਿਸਾਨ ਯੂਨੀਅਨ ਏਕਤਾ ਮਾਨਸਾ ਦੇ ਆਗੂ ਬੇਅੰਤ ਸਿੰਘ, ਜਮਹੂਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਧਾਲੀਵਾਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਸੁਖਦੇਵ ਸਿੰਘ ਕੁੱਬੇ ਨੇ ਕਿਹਾ ਕਿ ਭਾਵੇਂ ਦਿੱਲੀ ਅੰਦੋਲਨ ਦੌਰਾਨ ਕਿਸਾਨ ਲਹਿਰ ਦੀ ਤਾਕਤ ਅੱਗੇ ਝੁਕਦਿਆਂ ਕੇਂਦਰ ਦੀ ਮੋਦੀ ਸਰਕਾਰ ਨੇ ਤਿੰਨ ਕਾਲੇ ਕਾਨੂੰਨ ਤਾਂ ਵਾਪਸ ਲੈ ਲਏ ਸਨ, ਪਰ ਬਾਕੀ ਰਹਿੰਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ, ਸਗੋਂ ਇਸ ਦੇ ਉਲਟ ਨਿੱਜੀਕਰਨ ਦਾ ਕੁਹਾੜਾ ਹੋਰ ਕੀਤਾ ਜਾ ਰਿਹਾ ਹੈ, ਜਿਸ ਦੇ ਖਿਲਾਫ ਦਿੱਲੀ ਅੰਦੋਲਨ ਤੋਂ ਬਾਅਦ ਲਗਾਤਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ ਇਹ ਮੰਗਾਂ ਲਾਗੂ ਕਰਾਉਣ ਲਈ ਟਰੈਕਟਰ ਮਾਰਚ ਤੇ ਹੋਰ ਵੱਖ ਵੱਖ ਤਰ੍ਹਾਂ ਨਾਲ ਅੰਦੋਲਨ ਜਾਰੀ ਹੈ।ਉਨ੍ਹਾਂ ਇਸ ਟਰੈਕਟਰ ਮਾਰਚ ਦੀ ਮਹੱਤਤਾ ਬਾਰੇ ਦੱਸਦਿਆਂ ਕਿ ਜਿਵੇਂ ਪਹਿਲਾਂ ਬਲਦ ਤੇ ਹੱਲ ਵਾਹੁੰਦਾ ਕਿਸਾਨ ਕਿਸਾਨੀ ਦੇ ਚਿੰਨ੍ਹ ਹਨ, ਉਸੇ ਤਰ੍ਹਾਂ ਹੁਣ ਟਰੈਕਟਰ ਵੀ ਕਿਸਾਨੀ ਏਕਤਾ ਦਾ ਚਿੰਨ੍ਹ ਬਣ ਗਿਆ ਹੈ, ਜੋ ਦਿੱਲੀ ਮੋਰਚੇ ਤੋਂ ਬਾਅਦ ਪੂਰੀ ਦੁਨੀਆ ਵਿੱਚ ਕਿਸਾਨ ਟਰੈਕਟਰ ਮਾਰਚਾਂ ਰਾਹੀਂ ਆਪਣੇ ਪ੍ਰਦਰਸ਼ਨ ਕਰਦੇ ਹਨ।ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਸਾਰੀਆਂ ਮੰਗਾਂ ਲਾਗੂ ਕਰੇ, ਲੋਕ ਵਿਰੋਧੀ ਨਿੱਜੀਕਰਨ ਦੀਆਂ ਨੀਤੀਆਂ ਤੇ ਕਾਨੂੰਨ ਮੜ੍ਹਨੇ ਬੰਦ ਕਰੇ, ਨਹੀਂ ਤਾਂ ਫਿਰ ਕਿਸਾਨਾਂ ਮਜ਼ਦੂਰਾਂ ਦੇ ਰੋਹ ਦਾ ਟਾਕਰਾ ਕਰਨ ਲਈ ਤਿਆਰ ਰਹੇ।ਬਠਿੰਡਾ ਜ਼ਿਲ੍ਹਾ ਵਿੱਚ ਕੀਤੇ ਟਰੈਕਟਰ ਮਾਰਚਾਂ ਵਿੱਚ ਹੋਰਨਾਂ ਤੋਂ ਇਲਾਵਾ ਬੀਕੇਯੂ ਡਕਾਉਂਦਾ ਦੇ ਬਲਦੇਵ ਸਿੰਘ ਭਾਈ ਰੂਪਾ ਤੇ ਬੂਟਾ ਸਿੰਘ ਤੁੰਗਵਾਲੀ, ਬੀਕੇਯੂ ਉਗਰਾਹਾਂ ਦੇ ਹਰਜਿੰਦਰ ਸਿੰਘ ਬੱਗੀ ਤੇ ਜਗਸੀਰ ਸਿੰਘ ਝੁੰਬਾ, ਕੁੱਲ ਹਿੰਦ ਕਿਸਾਨ ਸਭਾ ਦੇ ਜਸਵੀਰ ਸਿੰਘ ਆਕਲੀਆ ਤੇ ਦਰਸ਼ਨ ਸਿੰਘ ਫੁੱਲੋ ਮਿੱਠੀ, ਬੀਕੇਯੂ ਡਕੌਂਦਾ ਧਨੇਰ ਦੇ ਹਰਵਿੰਦਰ ਸਿੰਘ ਕੋਟਲੀ, ਬੀਕੇਯੂ ਮਾਲਵਾ ਦੇ ਜਗਜੀਤ ਸਿੰਘ ਕੋਟ ਸ਼ਮੀਰ, ਮਜ਼ਦੂਰ ਆਗੂ ਮਿੱਠੂ ਸਿੰਘ ਘੁਦਾ ਤੇ ਮੱਖਣ ਸਿੰਘ ਗੁਰੂਸਰ ਨੇ ਵੀ ਹਿੱਸਾ ਲਿਆ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** : ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਭਾਰਤ ਪੱਧਰ 'ਤੇ ਸੱਦੇ ਨੂੰ ਲਾਗੂ ਕਰਦਿਆਂ ਬਿਜਲੀ ਸੋਧ ਬਿਲ 2025, ਬੀਜ ਬਿੱਲ 2025, ਲੇਬਰ ਕੋਡ ਤੇ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹੈੱਡਕੁਆਰਟਰ 'ਤੇ ਵਿਸ਼ਾਲ ਟਰੈਕਟਰ ਮਾਰਚ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦਿਉਣ, ਬੀ. ਕੇ. ਯੂ ਡਕੌਂਦਾ (ਬਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਬੀ.ਕੇ.ਯੂ. ਲੱਖੋਵਾਲ ਦੇ ਜ਼ਿਲ੍ਹਾ ਸਕੱਤਰ ਜਥੇਦਾਰ ਗੁਰਮੀਤ ਸਿੰਘ ਲੰਬੀ ਢਾਬ, ਬੀ.ਕੇ.ਯੂ. ਉਗਰਾਹਾਂ ਦੇ ਸੀਨੀਅਰ ਆਗੂ ਰਾਜਾ ਸਿੰਘ ਮਹਾਂ ਬੱਧਰ, ਪੰਜਾਬ ਕਿਸਾਨ ਯੂਨੀਅਨ ਦੇ ਬੁਲਾਰੇ ਜਰਨੈਲ ਸਿੰਘ ਰੋੜਾਂਵਾਲਾ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ) ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਧਰਮਪਾਲ ਸਿੰਘ ਝਬੇਲਵਾਲੀ ਨੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਫੈਸਲੇ ਲੈਂਦਿਆਂ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਨੂੰ ਬਜਟ ਸੈਸ਼ਨ ਵਿੱਚ ਲਿਆਉਣ ਦੀ ਬਿਲਕੁੱਲ ਤਿਆਰੀ ਕਰ ਲਈ ਹੈ, ਜਿਸ ਵਿੱਚ ਕਰੌਸ ਸਬਸਿਡੀ ਬੰਦ ਕਰਕੇ ਖੇਤੀ ਵਾਲੀਆਂ ਮੋਟਰਾਂ ਤੇ ਬਿਜਲੀ ਬਿੱਲ ਲਾਗੂ ਕਰਨ ਦੀ ਤਿਆਰੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕਾਨੂੰਨ ਬਣਨ ਨਾਲ ਨਾ ਸਿਰਫ ਕਿਸਾਨੀ ਤਬਾਹ ਹੋਵੇਗੀ, ਬਲਕਿ ਹਰ ਵਰਗ 'ਤੇ ਮਾੜਾ ਅਸਰ ਪਵੇਗਾ।ਇਨ੍ਹਾਂ ਲੋਕਮਾਰੂ ਨੀਤੀਆਂ ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤਾ ਗਿਆ ਵਿਸ਼ਾਲ ਟਰੈਕਟਰ ਮਾਰਚ ਚੱਕ ਬੀੜ ਸਰਕਾਰ ਤੋਂ ਸ਼ੁਰੂ ਹੋ ਕੇ ਡਾਕਟਰ ਕੇਹਰ ਸਿੰਘ ਚੌਂਕ ਤੋਂ ਅੰਦਰਲਾਂ ਕੋਟਕਪੂਰਾ ਚੌਕ ਤੋਂ ਹੁੰਦੇ ਹੋਏ ਤਰਨਤਾਰਨ ਗੁਰਦੁਆਰਾ ਸਾਹਿਬ ਕੋਲ ਦੀ ਆ ਕੇ ਡੀ ਸੀ ਦਫਤਰ ਦੇ ਮੂਹਰੇ ਨਾਅਰੇ ਮਾਰ ਕੇ ਟਰੈਕਟਰ ਮਾਰਚ ਦੀ ਸਮਾਪਤੀ ਕੀਤੀ, ਜਿਸ ਵਿੱਚ ਸਟੇਜ ਦੀ ਕਾਰਵਾਈ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਚਲਾਈ।ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਚੇਤਾਵਨੀ ਦਿੰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੈਸ਼ਨ ਵਿੱਚ ਇਨ੍ਹਾਂ ਲੋਕ ਮਾਰੂ ਬਿੱਲਾਂ ਨੂੰ ਲਿਆਂਦਾ ਗਿਆ ਤਾਂ ਉਸ ਤੋਂ ਅਗਲੇ ਦਿਨ ਕਾਲਾ ਦਿਵਸ ਮਨਾਉਂਦੇ ਹੋਏ 3 ਘੰਟੇ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ।ਇਸ ਮੌਕੇ ਬਲਜੀਤ ਸਿੰਘ ਲੰਡੇ ਰੋਡੇ, ਹਰਪ੍ਰੀਤ ਸਿੰਘ ਗੋਨਿਆਣਾ, ਅਮਨਦੀਪ ਸਿੰਘ ਹਰੀਕੇ ਕਲਾਂ, ਗੁਰਚਰਨ ਸਿੰਘ ਗੰਧੜ, ਹਰਫੂਲ ਸਿੰਘ ਭਾਗਸਰ, ਦਰਸ਼ਨ ਸਿੰਘ ਵੜਿੰਗ ਅਦਿ ਆਗੂ ਹਾਜ਼ਰ ਸਨ।

**ਜਲਾਲਾਬਾਦ (ਜੀਤ ਕੁਮਾਰ)** : ਗਣਤੰਤਰ ਦਿਵਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰ ਸਰਕਾਰ ਵੱਲੋਂ ਆਏ ਦਿਨ ਲਿਆਂਦੇ ਜਾ ਰਹੇ ਲੋਕ ਮਾਰੂ ਕਾਨੂੰਨਾਂ ਦੇ ਵਿਰੋਧ ਵਿੱਚ ਸਥਾਨਕ ਸ਼ਹਿਰ ਵਿੱਚ ਵੀ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਵਿਸ਼ਾਲ ਟਰੈਕਟਰ ਮਾਰਚ ਕੀਤਾ ਗਿਆ, ਜਿਸ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਮੰਨੇ ਵਾਲਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ (ਬੁੱਟਰ ਗਰੁੱਪ) ਦੇ ਜ਼ਿਲ੍ਹਾ ਸਕੱਤਰ ਇਕਬਾਲ ਸਿੰਘ ਗਾਮੂ ਵਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਸਿੰਘ ਢਾਬਾਂ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਸੁਖਚੈਨ ਸਿੰਘ ਸੈਦੋ ਕਾ ਨੇ ਕੀਤੀ। ਇਹ ਟਰੈਕਟਰ ਮਾਰਚ ਸਥਾਨਕ ਦਾਣਾ ਮੰਡੀ ਤੋਂ ਸ਼ੁਰੂ ਕਰਕੇ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਹੰਸ ਰਾਜ ਗੋਲਡਨ, ਹਰਭਜਨ ਛੱਪੜੀ ਵਾਲਾ, ਬੀ.ਕੇ.ਯੂ. ਡਕੌਂਦਾ ਦੇ ਬਲਾਕ ਪ੍ਰਧਾਨ ਪ੍ਰਵੀਨ ਮੌਲਵੀਵਾਲਾ, ਬਲਾਕ ਆਗੂ ਬਲਜੀਤ ਸਿੰਘ ਢਾਬਾਂ, ਬੀ.ਕੇ.ਯੂ. ਉਗਰਾਹਾਂ ਦੇ ਬਲਾਕ ਪ੍ਰਧਾਨ ਪਿੱਪਲ ਸਿੰਘ ਤੇ ਜ਼ਿਲ੍ਹਾ ਸਲਾਹਕਾਰ ਪੂਰਨ ਸਿੰਘ ਤੰਬੂ ਵਾਲਾ ਆਦਿ ਆਗੂ ਹਾਜ਼ਰ ਸਨ।

**ਬੁਢਲਾਡਾ (ਅਸ਼ੋਕ ਲਾਕੜਾ)** : ਭਾਰਤੀ ਕਿਸਾਨ ਯੂਨੀਅਨ ਬੁਢਲਾਡਾ ਵੱਲੋਂ ਗਣਤੰਤਰ ਦਿਵਸ ਮੌਕੇ ਟ੍ਰੈਕਟਰ ਮਾਰਚ ਕੱਢਿਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਲਬਾਗ ਸਿੰਘ ਭਾਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਮਾਨਸਾ ਨੇ ਕਿਹਾ ਕਿ ਅਸੀਂ ਮੌਜੂਦਾ ਸ਼ਹਿਰ ਬੁਢਲਾਡਾ ਵਿੱਚ ਟ੍ਰੈਕਟਰ ਮਾਰਚ ਕੱਢ ਕੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ 2025 ਬਿਜਲੀ ਸੋਧ ਬਿੱਲ ਤੇ ਸੀਡਜ਼ ਬਿੱਲ ਦਾ ਸਖ਼ਤ ਵਿਰੋਧ ਕਰਦੇ ਹਾਂ।ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਨਰੇਗਾ ਮਜ਼ਦੂਰਾਂ ਦੀ ਜਿਹੜੀ ਮਨਰੇਗਾ ਸਕੀਮ ਹੈ, ਉਸ 'ਤੇ ਜੋ ਬੁਲਡੋਜ਼ਰ ਚਲਾਇਆ ਗਿਆ ਹੈ, ਪੂਰਾ ਸੰਯੁਕਤ ਮੋਰਚਾ ਮਜ਼ਦੂਰਾਂ ਤੇ ਦੁਕਾਨਦਾਰਾਂ ਦੇ ਨਾਲ ਖੜ੍ਹਾ ਹੈ।ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵੀ ਕੀਮਤ 'ਤੇ ਇਹ ਬਿੱਲ ਪਾਸ ਨਹੀਂ ਹੋਣ ਦੇਵਾਂਗੇ।ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਅਸੀਂ ਟ੍ਰੈਕਟਰ ਮਾਰਚ ਕੱਢ ਕੇ ਕੇਂਦਰ ਸਰਕਾਰ ਨੂੰ ਸ਼ੀਸ਼ਾ ਦਿਖਾਇਆ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਮੋਰਚਾ ਹਮੇਸ਼ਾ ਅਜਿਹੇ ਕੰਮਾਂ ਲਈ ਪਹਿਰਾ ਦਿੰਦਾ ਰਹੇਗਾ।

**ਸਮਰਾਲਾ (ਸੁਰਜੀਤ ਸਿੰਘ)** : ਜਦੋਂ ਸਾਰਾ ਹਿੰਦੁਸਤਾਨ ਦੇਸ਼ ਵਿੱਚ ਗਣਤੰਤਰ ਦਿਵਸ ਦੇ ਜਸ਼ਨ ਮਨਾ ਰਿਹਾ ਸੀ, ਉਦੋਂ ਐੱਸਕੇਐੱਮ ਵੱਲੋਂ ਦਿੱਤੀ ਕਾਲ ਦੇ ਸਬੰਧ ਵਿੱਚ ਸਾਰੇ ਦੇਸ਼ ਵਿੱਚ ਕੇਂਦਰ ਸਰਕਾਰ ਵੱਲੋਂ ਕਥਿਤ ਲੋਕ ਵਿਰੋਧੀ ਕਾਨੂੰਨਾਂ ਖ਼ਿਲਾਫ਼ ਟਰੈਕਟਰ ਤੇ ਮੋਟਰਸਾਈਕਲ ਮਾਰਚ ਕੱਢਿਆ ਗਿਆ।ਇਸ ਮੌਕੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਮੁਲਾਜ਼ਮ ਆਗੂ ਕੁਲਵੰਤ ਸਿੰਘ ਤਰਕ ਤੇ ਸਿਕੰਦਰ ਸਿੰਘ ਦੀ ਅਗਵਾਈ ਵਿੱਚ ਸੈਂਕੜੇ ਟਰੈਕਟਰ ਤੇ ਮੋਟਰਸਾਈਕਲਾਂ ਸਮੇਤ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ।ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਤੇ ਹਰਿੰਦਰ ਸਿੰਘ ਲੱਖੋਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਦਿੱਲੀ ਮੋਰਚੇ ਮੌਕੇ ਲੋਕਾਂ ਦੇ ਸਹਿਯੋਗ ਨਾਲ ਸਰਕਾਰ ਨੂੰ ਖੇਤੀ ਸਬੰਧੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ, ਉਸੇ ਤਰ੍ਹਾਂ ਅੱਜ ਲੋਕਾਂ ਨੂੰ ਆਪਣੇ ਹੱਕਾਂ ਨੂੰ ਮਹਿਫੂਜ਼ ਰੱਖਣ ਲਈ ਤੇ ਸਰਕਾਰ ਨਾਲ ਟੱਕਰ ਲੈਣ ਲਈ ਕਾਫਲੇ ਬੰਨ੍ਹ ਕੇ ਘਰਾਂ ਤੋਂ ਬਾਹਰ ਆਉਣਾ ਪਵੇਗਾ।

**ਮੱਖੂ (ਰਛਪਾਲ ਸਿੰਘ ਸੰਧੂ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਗਣੰਤਤਰ ਦਿਵਸ ਵਾਲੇ ਦਿਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਪੰਜਾਬ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਬਿਜਲੀ ਸੋਧ ਬਿੱਲ 2055, ਬੀਜ ਬਿੱਲ 2025, ਲੇਬਰ ਕੋਡ ਤੇ ਨਵੇਂ ਬਣੇ ਮਨਰੇਗਾ ਕਾਨੂੰਨ ਸਮੇਤ ਹੋਰਨਾਂ ਕਿਸਾਨੀ ਤੇ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਦਾਨਾ ਮੰਡੀ ਮਖੂ ਤੋਂ ਸਬ ਤਹਿਸੀਲ ਮਖੂ ਤੱਕ ਟਰੈਕਟਰ ਮਾਰਚ ਕੱਢਿਆ ਗਿਆ।ਸਬ ਤਹਿਸੀਲ ਮਖੂ ਵਿਖੇ ਕਿਸਾਨਾਂ ਦੇ ਵੱਡੇ ਇੱਕਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਪਿੱਛੇ ਲੱਗੀ ਹੋਈ ਹੈ ਤੇ ਇਸ ਲਈ ਦੇਸ਼ ਨੂੰ ਪੂੰਜੀਪਤੀਆਂ ਤੋਂ ਬਚਾਉਣ ਲਈ ਦੁਕਾਨਦਾਰਾਂ, ਵਪਾਰੀਆਂ ਤੇ ਮਜ਼ਦੂਰਾਂ ਸਮੇਤ ਸਾਰੇ ਹੀ ਵਰਗਾਂ ਨੂੰ ਕਿਸਾਨਾਂ ਦਾ ਸਾਥ ਦੇਣਾ ਚਾਹੀਦਾ ਹੈ। ਲੰਬੀ ਲੜਾਈ ਤੋਂ ਬਾਅਦ ਕਿਸਾਨ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਕਾਲੇ ਕਾਨੂੰਨ ਰੱਦ ਕਰਵਾ ਕੇ ਪਰਤੇ ਸਨ, ਪਰ ਹੁਣ ਕੇਂਦਰ ਸਰਕਾਰ ਫਿਰ ਇਹ ਕਾਲੇ ਕਾਨੂੰਨ ਟੇਡੇ ਢੰਗ ਨਾਲ ਲਾਗੂ ਕਰਨ ਦੀ ਫਿਰਾਕ 'ਚ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਇਹ ਆਮ ਗੱਲ ਸੁਣਨੀ ਪੈਂਦੀ ਹੈ ਕਿ ਉਹ ਦੂਜੇ ਦਿਨ ਸੜਕਾਂ ਰੋਕ ਕੇ ਬੈਠ ਜਾਂਦੇ ਹਨ ਜਾਂ ਧਰਨੇ ਲਗਾਉਣ ਲੱਗ ਜਾਂਦੇ ਹਨ।ਕਿਸਾਨ ਇਹ ਸਾਰਾ ਕੁੱਝ ਆਮ ਲੋਕਾਂ ਲਈ ਹੀ ਕਰ ਰਹੇ ਹਨ, ਇਸ ਲਈ ਸਭ ਨੂੰ ਕਿਸਾਨਾਂ ਦਾ ਸਾਥ ਦੇਣਾ ਚਾਹੀਦਾ ਹੈ।ਇਹ ਕਾਨੂੰਨ ਕਿਸਾਨਾਂ, ਮਜ਼ਦੂਰਾਂ ਤੇ ਹਰ ਵਰਗ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਵਾਲੇ ਹਨ।ਮਨਰੇਗਾ ਕਾਨੂੰਨ 'ਚ ਤਬਦੀਲੀਆਂ ਕਰਕੇ ਗਰੀਬ ਮਜ਼ਦੂਰਾਂ ਦੇ ਰੋਜ਼ਗਾਰ 'ਤੇ ਵੀ ਖਤਰਾ ਪੈਦਾ ਹੋ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਿਜਲੀ ਬਿੱਲ 2025, ਬੀਜ ਸੋਧ ਬਿੱਲ ਵਾਪਸ ਨਾ ਲਏ ਤਾਂ ਸੰਘਰਸ਼ ਕਮੇਟੀ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਗੁਰਦੇਵ ਸਿੰਘ ਵਾਰਸਵਾਲਾ ਸਰਪ੍ਰਸਤ ਭਾਰਤੀ ਕਿਸਾਨ ਯੂਨੀਅਨ ਪੰਜਾਬ, ਜੋਗਿੰਦਰ ਸਿੰਘ ਸਭਰਾ ਮੀਤ ਪ੍ਰਧਾਨ ਪੰਜਾਬ, ਪ੍ਰਗਟ ਸਿੰਘ ਲਹਿਰਾ ਮੈਂਬਰ ਕੌਰ ਕਮੇਟੀ, ਬਲਦੇਵ ਸਿੰਘ ਮੈਂਬਰ ਕੋਰ ਕਮੇਟੀ, ਗੁਰਵਿੰਦਰ ਸਿੰਘ ਬਾਹਰਵਾਲੀ ਮੈਂਬਰ ਕੋਰ ਕਮੇਟੀ, ਡਾ. ਬਲਵੰਤ ਸਿੰਘ ਸਿੱਧੂ ਮੀਤ ਪ੍ਰਧਾਨ ਤਹਿਸੀਲ ਜ਼ੀਰਾ, ਨਿਸ਼ਾਨ ਸਿੰਘ ਗਿੱਲ ਪ੍ਰਧਾਨ ਬਲਾਕ ਮਖੂ, ਜੋਗਾ ਸਿੰਘ ਪੀਰ ਮੁਹੰਮਦ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਯੂਥ ਆਗੂ, ਗੁਰਪਾਲ ਸਿੰਘ ਸਭਰਾ, ਨਸੀਬ ਸਿੰਘ ਗੱਟਾ ਮੀਤ ਪ੍ਰਧਾਨ ਜ਼ਿਲ੍ਹਾ, ਰਛਪਾਲ ਸਿੰਘ ਸੰਧੂ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ ਜ਼ਿਲ੍ਹਾ ਫਿਰੋਜ਼ਪੁਰ, ਪ੍ਰਕਾਸ਼ ਸਿੰਘ ਟਿੱਬੀ ਰੰਗਾ ਬਲਾਕ ਆਗੂ, ਰਤਨ ਸਿੰਘ ਬਸਤੀ ਸੋਢੀਆ, ਬਲਕਾਰ ਸਿੰਘ ਬਸਤੀ ਸੋਢੀਆ, ਰੂੜ ਸਿੰਘ ਮਹਿਮੂਦ ਵਾਲਾ, ਪ੍ਰਗਟ ਸਿੰਘ ਤਲਵੰਡੀ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਲਖਵਿੰਦਰ ਸਿੰਘ ਪੀਰ ਮੁਹੰਮਦ ਪ੍ਰਧਾਨ ਯੂਥ ਵਿੰਗ, ਗੁਰਦੇਵ ਸਿੰਘ ਤਲਵੰਡੀ ਆਦਿ ਹਾਜ਼ਰ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੋਗਾ ਦੋ ਵੱਲੋਂ 26 ਜਨਵਰੀ ਨੂੰ ਪਿੰਡਾਂ ਵਿੱਚ ਟਰੈਕਟਰ ਮਾਰਚ ਕੀਤਾ ਗਿਆ। ਇਹ ਟਰੈਕਟਰ ਮਾਰਚ ਬਲਾਕ ਪ੍ਰਧਾਨ ਇਕਬਾਲ ਸਿੰਘ ਸਿੰਘਾ ਵਾਲਾ ਤੇ ਜਸਵਿੰਦਰ ਸਿੰਘ ਕੱਲ ਕਲਾਂ ਦੀ ਅਗਵਾਈ ਹੇਠ ਕੀਤਾ ਗਿਆ। ਟਰੈਕਟਰ ਮਾਰਚ ਪਿੰਡ ਵੱਡਾ ਘਰ ਤੋਂ ਸ਼ੁਰੂ ਕਰਕੇ ਪਿੰਡ ਕੋਰੇਵਾਲਾ ਡਰੋਲੀ ਭਾਈ ਕੱਲ ਕਲਾਂ ਬੁਕਣ ਵਾਲਾ ਤੇ ਸਿੰਘਾਂ ਵਾਲਾ ਪਿੰਡਾਂ ਵਿੱਚ ਕੀਤਾ ਗਿਆ। ਇਹ ਮਾਰਚ ਸਰਕਾਰ ਵੱਲੋਂ ਲਿਆਂਦੇ ਗਏ ਬਿਜਲੀ ਸੋਧ ਬਿੱਲ 2025 ਤੇ ਬੀਜ ਸੋਧ ਬਿੱਲ 2025 ਕਿਰਤ ਕੋਡ ਤੇ ਮਨਰੇਗਾ ਦੀ ਥਾਂ ਤੇ ਬਦਲ ਕੇ ਲਿਆਂਦੇ ਗਏ ਜੀ ਰਾਮ ਜੀ ਕਾਨੂੰਨ ਦੇ ਖਿਲਾਫ ਕੀਤਾ ਗਿਆ। ਮਾਰਚ ਵਿੱਚ ਕਿਸਾਨ ਆਗੂ ਹਰ ਸਿਮਰਨਜੀਤ ਸਿੰਘ, ਗੁਰਮਿੰਦਰ ਸਿੰਘ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਬਾਬੂ ਸਿੰਘ, ਗੁਰਜੰਟ ਸਿੰਘ, ਮੇਜਰ ਸਿੰਘ, ਮਲਕੀਤ ਸਿੰਘ, ਅੰਗਰੇਜ ਸਿੰਘ, ਬਲਦੇਵ ਸਿੰਘ, ਜਗਤਾਰ ਸਿੰਘ, ਗਿੰਦਰ ਸਿੰਘ, ਮਹਿੰਦਰ ਲਾਲ ਤੇ ਹੋਰ ਬਹੁਤ ਸਾਰੇ ਕਿਸਾਨ ਤੇ ਵਰਕਰ ਸ਼ਾਮਲ ਹੋਏ।

**ਮਾਨਸਾ (ਆਤਮਾ ਸਿੰਘ ਪਮਾਰ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਮਾਨਸਾ ਵਿਖੇ ਠੂਠਿਆਂਵਾਲੀ ਅਨਾਜ ਮੰਡੀ ਵਿਖੇ ਵੱਡੀ ਗਿਣਤੀ ਕਿਸਾਨਾਂ ਵੱਲੋਂ ਇਕੱਤਰ ਹੋ ਕੇ ਮਾਨਸਾ ਕਚਿਹਰੀਆਂ ਤੱਕ ਟਰੈਕਟਰ ਮਾਰਚ ਕੀਤਾ ਗਿਆ। ਇੱਕਤਰਤਾ ਨੂੰ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹਿੰਦੂ ਰਾਸ਼ਟਰ ਬਣਾਉਣ ਦੇ ਨਾਂ ਹੇਠ ਦੇਸ਼ ਦੇ ਤਿਰੰਗੇ ਝੰਡੇ, ਆਜ਼ਾਦੀ ਦਿਵਸ, ਸੰਵਿਧਾਨ ਦਿਵਸ ਤੇ ਤਮਾਮ ਭਾਰਤੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਭਗਵਾਂ ਰੰਗ ਦੇ ਕੇ ਆਪਣੀ ਨਿਰਧਾਰਤ ਭਗਵਾਂਕਰਨ ਨੀਤੀ ਨੂੰ ਇੱਥੋਂ ਦੀ ਜਨਤਾ 'ਤੇ ਥੋਪਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਬੀ ਜੇ ਪੀ ਤੇ ਇਸ ਦੇ ਪਿੱਛੇ ਕੰਮ ਕਰਦੀ ਆਰ ਐੱਸ ਐੱਸ ਦਾ ਭਾਰਤੀ ਆਜ਼ਾਦੀ 'ਚ ਕੋਈ ਭੂਮਿਕਾ ਨਹੀਂ ਰਹੀ, ਸਗੋਂ ਇਨ੍ਹਾਂ ਨੇ ਅੰਗਰੇਜ਼ਾਂ ਦੇ ਪਿੱਠੂਆਂ ਵਜੋਂ ਕੰਮ ਕਰਨ ਦਾ ਹੀ ਕੰਮ ਕੀਤਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਮੋਰਚੇ ਦੇ ਆਗੂ ਨਰਿੰਦਰ ਕੌਰ ਬੁਰਜ ਹਮੀਰਾ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ 26 ਜਨਵਰੀ ਦੇ ਟਰੈਕਟਰ ਮਾਰਚ ਬਾਰੇ ਅਗਾਂਹੂੰ ਜਾਣਕਾਰੀ ਦਿੱਤੀ ਗਈ ਸੀ, ਬਾਵਜੂਦ ਇਸ ਦੇ ਟ੍ਰੈਫਿਕ ਪ੍ਰਬੰਧ ਬੇਹੱਦ ਨਿੰਦਣਯੋਗ ਰਹ। ਵਾਰ ਵਾਰ ਮੋਰਚੇ ਦੇ ਵਲੰਟੀਅਰ ਟ੍ਰੈਫਿਕ ਨੂੰ ਖੁਦ ਕੰਟਰੋਲ ਕਰਦੇ ਵਿਖਾਈ ਦਿੱਤੇ, ਜਿਸ ਦਾ ਮੋਰਚੇ ਦੇ ਆਗੂ ਗੁਰਜੰਟ ਸਿੰਘ ਮਾਨਸਾ ਤੇ ਹੋਰਨਾਂ ਵੱਲੋਂ ਵਿਰੋਧ ਕਰਦਿਆਂ ਤਿਕੋਣੀ ਟੀ ਪੁਆਇੰਟ 'ਤੇ ਧਰਨਾ ਲਗਾ ਦਿੱਤਾ।ਮਾਰਚ ਦੌਰਾਨ ਬੋਘ ਸਿੰਘ ਮਾਨਸਾ, ਨਿਰਮਲ ਸਿੰਘ ਝੰਡੂਕੇ, ਮਹਿੰਦਰ ਸਿੰਘ ਭੈਣੀਬਾਘਾ, ਗੋਰਾ ਸਿੰਘ ਭੈਣੀਬਾਘਾ, ਕ੍ਰਿਸ਼ਨ ਚੌਹਾਨ, ਛਿੰਦਰਪਾਲ ਕੌਰ, ਮੇਜ਼ਰ ਸਿੰਘ ਦੂਲੋਵਾਲ ਤੋਂ ਇਲਾਵਾ ਵੱਖ ਵੱਖ ਜੱਥੇਬੰਦੀਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।













## 5 ਡੇਅ ਬੈਂਕਿੰਗ ਦੀ ਮੰਗ ਨੂੰ ਲੈ ਕੇ ਦੇਸ਼-ਵਿਆਪੀ ਹੜਤਾਲ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

5 ਡੇਅ ਬੈਂਕਿੰਗ ਦੀ ਮੰਗ ਨੂੰ ਲੈ ਕੇ ਬੈਂਕ ਮੁਲਾਜ਼ਮਾਂ ਦੀ ਦੇਸ਼ ਵਿਆਪੀ ਹੜਤਾਲ ਤਹਿਤ ਬੈਂਕ ਪੂਰੀ ਤਰ੍ਹਾਂ ਬੰਦ ਰਹੇ ਤੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਯੂਨੀਅਨ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਤੇ ਇੰਡੀਅਨ ਬੈਂਕਸ ਐਸੋਸੀਏਸ਼ਨ ਵੱਲੋਂ ਲੰਬੇ ਸਮੇਂ ਤੋਂ ਸਹਿਮਤ ਹੋਣ ਦੇ ਬਾਵਜੂਦ ਹਾਲੇ ਤੱਕ ਪੰਜ ਦਿਨਾਂ ਬੈਂਕਿੰਗ ਪ੍ਰਣਾਲੀ ਲਾਗੂ ਨਹੀਂ ਕੀਤੀ ਗਈ, ਜਿਸ ਦੇ ਚੱਲਦਿਆਂ ਬੈਂਕ ਪੂਰੀ ਤਰ੍ਹਾਂ ਬੰਦ ਰਹੇ। ਐਸ.ਬੀ.ਆਈ ਮੇਨ ਬ੍ਰਾਂਚ ਦੇ ਅੱਗੇ ਯੂਨਾਈਟਡ ਫੋਰਮ ਆਫ਼ ਬੈਂਕ ਯੂਨੀਅਨ ਦੇ ਸੱਦੇ 'ਤੇ ਸੈਂਕੜੇ ਬੈਂਕ ਕਰਮੀਆਂ ਵੱਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ।ਪ੍ਰਦਰਸ਼ਨ ਦੌਰਾਨ ਕੇਂਦਰ ਸਰਕਾਰ ਤੇ ਆਈ ਬੀ ਏ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕੀਤੀ ਗਈ।ਕਾਮਰੇਡ ਕੁਨਾਲ ਬਾਂਸਲ ਤੇ ਕਾਮਰੇਡ ਪਰਮਿੰਦਰ ਸਿੰਘ ਨੇ ਬੁਲਾਰਿਆਂ ਵਜੋਂ ਸੰਬੋਧਨ ਕਰਦੇ ਹੋਏ ਕਿਹਾ ਕਿ ਬਾਰ੍ਹਵਾਂ ਦੋ ਪੱਖੀ ਸਮਝੌਤਾ ਦਸਤਖਤ ਕਰਨ ਸਮੇਂ ਆਈ ਬੀ ਏ ਵੱਲੋਂ 5 ਡੇਅ ਬੈਂਕਿੰਗ ਦੀ ਮੰਗ ਤੇ ਸਪਸ਼ਟ ਸਹਿਮਤੀ ਦਿੱਤੀ ਗਈ ਸੀ, ਪਰ ਹੁਣ ਇਸ ਨੂੰ ਲਾਗੂ ਕਰਨ ਵਿੱਚ ਜਾਣ ਬੁੱਝ ਕੇ ਟਾਲ ਮਟੋਲ ਕੀਤੀ ਜਾ ਰਹੀ ਹੈ।

ਬੁਲਾਰਿਆਂ ਨੇ ਕਿਹਾ ਦੇਸ਼ ਦੇ ਸਾਰੇ ਮੁੱਖ ਵਿੱਤੀ ਅਦਾਰੇ ਜਿਵੇਂ ਸ਼ੇਅਰ ਮਾਰਕੀਟ, ਰਿਜ਼ਰਵ ਬੈਂਕ ਆਫ਼ ਇੰਡੀਆ, ਐਲ ਆਈ ਸੀ ਆਦਿ ਪਹਿਲਾਂ ਹੀ ਹਫਤੇ ਵਿੱਚ ਪੰਜ ਦਿਨ ਕੰਮ ਕਰ ਰਹੇ ਹਨ, ਪਰ ਬੈਂਕ ਮੁਲਾਜ਼ਮਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੈਂਕ ਕਰਮੀਆਂ ਨੇ ਸਰਕਾਰ ਦੀ ਹਰ ਸਕੀਮ ਤੇ ਯੋਜਨਾ ਨੂੰ ਪਹਿਲ ਦੇ ਅਧਾਰ 'ਤੇ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਕੇਂਦਰੀ ਅਤੇ ਅਹਿਮ ਭੂਮਿਕਾ ਨਿਭਾਈ ਹੈ।

ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਤੇ ਆਈਬੀਏ ਨੇ ਤੁਰੰਤ 5 ਡੇਅ ਬੈਂਕਿੰਗ ਪ੍ਰਣਾਲੀ ਨੂੰ ਲਾਗੂ ਨਾ ਕੀਤਾ ਤਾਂ ਬੈਂਕ ਮੁਲਾਜ਼ਮ ਆਪਣਾ ਅੰਦੋਲਨ ਹੋਰ ਤੇਜ਼ ਤੇ ਵਿਸ਼ਾਲ ਕਰਨ ਲਈ ਮਜਬੂਰ ਹੋਣਗੇ।

## ਡਾ. ਬਲਜੀਤ ਕੌਰ ਨੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਸ਼ਹੀਦਾਂ ਨੂੰ ਕੀਤੀ ਸ਼ਰਧਾਂਜਲੀ ਭੇਟ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**




77ਵੇਂ ਗਣਤੰਤਰ ਦਿਵਸ ਮੌਕੇ ਕੈਂਟ ਬੋਰਡ ਸਟੇਡੀਅਮ ਫ਼ਿਰੋਜ਼ਪੁਰ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਸਮਾਜਿਕ ਸੁਰੱਖਿਆ ਮਹਿਲਾ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਉਨ੍ਹਾਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਤੇ ਜ਼ਿਲ੍ਹਾ ਵਾਸੀਆਂ ਦੇ ਨਾਂਅ ਸੰਦੇਸ਼ ਦਿੱਤਾ।ਉਨ੍ਹਾਂ ਪਰੇਡ ਦਾ ਨਿਰੀਖਣ ਕੀਤਾ ਤੇ ਪਰੇਡ ਤੋਂ ਸਲਾਮੀ ਲਈ।ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਤੇ ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਅਨੇਕਾਂ ਲੋਕ ਪੱਖੀ ਪਹਿਲਕਦਮੀਆਂ ਕੀਤੀਆਂ ਹਨ, ਜਿਸ ਤਹਿਤ ਪਿੰਡਾਂ ਦੇ ਵਿੱਚ ਸਕੂਲਾਂ ਦੇ ਨਾਂਅ ਸ਼ਹੀਦਾਂ ਦੇ ਨਾਂਅ 'ਤੇ ਰੱਖੇ ਜਾ ਰਹੇ ਹਨ।ਪੰਜਾਬ ਸਰਕਾਰ ਨੇ ਸਾਬਕਾ ਫੌਜੀਆਂ ਦੀ ਐਕਸਗ੍ਰੇਸ਼ੀਆ ਗ੍ਰਾਂਟ 50 ਲੱਖ ਤੋਂ ਵਧਾ ਦੇ 1 ਕਰੋੜ ਰੁਪਏ ਕੀਤੀ ਹੈ।ਇਸੇ ਤਰ੍ਹਾਂ ਆਜ਼ਾਦੀ ਘੁਲਾਈਆਂ ਦੀ ਪੈਨਸ਼ਨ ਵਧਾ ਕੇ 12 ਹਜ਼ਾਰ ਰੁਪਏ ਕੀਤੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿਚ ਵੱਡੇ ਕਦਮ ਚੁੱਕੇ ਗਏ ਹਨ।ਹਾਲ ਹੀ ਵਿਚ ਰਾਜ ਵਾਸੀਆਂ ਲਈ ਮੁੱਖ ਮੰਤਰੀ ਸਿਹਤ ਬੀਮਾ ਸਕੀਮ ਜਾਰੀ ਕੀਤੀ ਗਈ ਹੈ, ਜਿਸ ਅਧੀਨ ਰਾਜ ਦੇ ਲੋਕਾਂ ਨੂੰ 10 ਲੱਖ ਰੁਪਏ ਦੇ ਇਲਾਜ ਦੀ ਸੁਵਿਧਾ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਜ਼ਿਲ੍ਹੇ ਦੇ ਵਿਧਾਇਕਾਂ ਤੇ ਅਧਿਕਾਰੀਆਂ ਸਮੇਤ ਹੁਸੈਨੀਵਾਲਾ ਸ਼ਹੀਦੀ ਸਮਾਰਕ 'ਤੇ ਸ਼ਹੀਦ-ਏ-ਆਜਮ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸੁਤੰਤਰਤਾ ਸੰਗਰਾਮੀ ਬੀਕੇ ਦੱਤ ਤੇ ਰਾਜਮਾਤਾ ਦੀਆਂ ਸਮਾਰਕਾਂ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਬਦੌਲਤ ਅਸੀਂ ਅੱਜ ਆਜ਼ਾਦ ਦੇਸ਼ ਵਿਚ ਰਹਿ ਰਹੇ ਹਾਂ।ਇਸ ਮੌਕੇ ਉਨ੍ਹਾਂ ਡਾ. ਭੀਮ ਰਾਓ ਅੰਬੇਦਕਰ ਨੂੰ ਵੀ ਸਿਜਦਾ ਕੀਤਾ ਤੇ ਸਮੂਹ ਦੇਸ਼ ਵਾਸੀਆਂ ਤੇ ਪੰਜਾਬ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ।ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸੱਦਾ ਦਿੰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਸਾਡੇ ਸ਼ਹੀਦਾਂ ਦੇ ਦਿਖਾਏ ਰਸਤੇ 'ਤੇ ਚੱਲਦੇ ਹੋਏ ਦੇਸ਼ ਭਗਤੀ ਦੀ ਭਾਵਨਾ ਨਾਲ ਦੇਸ਼ ਦੀ ਖੁਸ਼ਹਾਲੀ ਤੇ ਉੱਨਤੀ ਲਈ ਹਰ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇਹ ਦਿਹਾੜਾ ਸਾਨੂੰ ਸਾਡੇ ਸ਼ਹੀਦਾਂ/ਆਜ਼ਾਦੀ ਘੁਲਾਟੀਆਂ ਵੱਲੋਂ ਭਾਰਤ ਦੇ ਭਵਿੱਖ ਦੇ ਬਾਰੇ ਲਏ ਗਏ ਸੁਪਨਿਆਂ ਨੂੰ ਸਾਕਾਰ ਕਰਨ ਦੀ ਯਾਦ ਦਿਵਾਉਂਦਾ ਹੈ ਤੇ ਆਪਣੀ ਸਮੁੱਚੀ ਕਾਰਗੁਜ਼ਾਰੀ 'ਤੇ ਝਾਤ ਮਾਰਨ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ।

## ਜਦੋਂ ਫਰੀਡਮ ਫਾਈਟਰ ਉਤਰਾਧਿਕਾਰੀ ਬਿਨਾਂ ਸਨਮਾਨ ਲਏ ਸਟੇਜ ਤੋਂ ਉੱਤਰ ਆਏ

**ਸਮਾਣਾ (ਇਕਬਾਲ ਸਿੰਘ ਬੱਲ)**



ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਿੱਢੇ ਸੰਗਰਾਮ 'ਚ ਹਿੱਸਾ ਲੈਣ ਵਾਲੇ ਆਜ਼ਾਦੀ ਘੁਲਾਟੀਆਂ ਦੇ ਉੱਤਰਾ ਅਧਿਕਾਰੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਹੱਲ ਲਈ ਕਰਨ ਲਈ ਫਰੀਡਮ ਫਾਈਟਰਜ਼ ਉਤਰਾਅਧਿਕਾਰੀ ਸੰਸਥਾ ਦੇ ਅਹੁਦੇਦਾਰਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕਈ ਵਾਰ ਮੀਟਿੰਗ ਤਹਿ ਕਰਨ ਦੇ ਬਾਵਜੂਦ ਬੁਲਾਏ ਗਏ ਜਥੇਬੰਦੀ ਦੇ ਆਗੂਆਂ ਨੂੰ ਬਿਨਾਂ ਮੀਟਿੰਗ ਕਰਨ ਤੋਂ ਵਾਪਸ ਭੇਜ ਦਿੱਤਾ ਗਿਆ ਤੇ ਅਜੇ ਤੱਕ ਦੁਬਾਰਾ ਮਿਲਣ ਦਾ ਟਾਇਮ ਤਹਿ ਨਹੀਂ ਕੀਤਾ ਗਿਆ, ਜਿਸ ਦੇ ਰੋਸ ਵਜੋਂ ਜਥੇਬੰਦੀ ਦੇ ਸੂਬਾ ਆਗੂਆਂ ਵੱਲੋਂ ਇਸ ਵਾਰ 26 ਜਨਵਰੀ ਨੂੰ ਸਰਕਾਰ ਵੱਲੋਂ ਮਿਲਣ ਵਾਲਾ ਸਨਮਾਨ ਨਾ ਲੈਣ ਦੇ ਸੱਦੇ 'ਤੇ ਪਬਲਿਕ ਕਾਲਜ 'ਚ ਆਯੋਜਤ ਸਰਕਾਰੀ ਸਮਾਗਮ ਵਿੱਚ ਸ਼ਾਮਲ ਹੋਏ ਉਤਰਾਧਿਕਾਰੀ ਕੌਮੀ ਝੰਡੇ ਨੂੰ ਸਲਾਮੀ ਦੇਣ ਉਪਰੰਤ ਬਿਨਾਂ ਸਨਮਾਨ ਲਏ ਸਟੇਜ ਤੋਂ ਹੇਠਾਂ ਉਤਰ ਆਏ।ਇਸ ਮੌਕੇ ਉਨ੍ਹਾਂ ਇਕ ਮੰਗ ਪੱਤਰ ਵੀ ਮੁੱਖ ਮੰਤਰੀ ਦੇ ਨਾਂਅ ਐਸ.ਡੀ.ਐਮ. ਨੂੰ ਦਿੱਤਾ।ਗੱਲਬਾਤ ਕਰਦਿਆਂ ਉਤਰਾਅਧਿਕਾਰੀ ਮਾਤਾ ਨਛੱਤਰ ਕੌਰ, ਹਰਦੀਪ ਸਿੰਘ, ਜੋਗਿੰਦਰ ਸਿੰਘ ਖੁਰਾਣਾ, ਅਮਰਜੀਤ ਕੌਰ, ਅਮਨਦੀਪ ਕੌਰ, ਰਣਜੀਤ ਕੋਰ ਨੇ ਕਿਹਾ ਕਿ ਕਈ ਵਾਰ ਮੁੱਖ ਮੰਤਰੀ ਵੱਲੋਂ ਜਥੇਬੰਦੀ ਨਾਲ ਮੀਟਿੰਗ ਤਹਿ ਕਰਨ ਦੇ ਬਾਵਜੂਦ ਮਿਲਣ ਦਾ ਸਮਾਂ ਨਹੀ ਕੱਢਿਆ।ਉਨ੍ਹਾਂ ਕਿਹਾ ਕਿ 77 ਸਾਲ ਪਹਿਲਾਂ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਫਰੀਡਮ ਫਾਇਟਰਾਂ ਦੇ ਪਰਵਾਰਾਂ ਨੂੰ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਅਣਗੌਲ਼ਿਆਂ ਕਰਦਿਆਂ ਸਰਕਾਰੀ ਨੌਕਰੀਆਂ ਵਿੱਚ 5 ਫ਼ੀਸਦੀ ਰਾਖਵਾਂ ਕੋਟਾ ਘਟਾ ਕੇ ਸਿਰਫ਼ ਇੱਕ ਫ਼ੀਸਦੀ ਕਰ ਦਿੱਤਾ ਗਿਆ ਹੈ।ਉਨ੍ਹਾਂ ਆਪਣੀਆਂ ਹੋਰ ਮੰਗਾਂ ਜਿਕਰ ਕਰਦਿਆਂ ਕਿਹਾ ਕਿ ਉਤਰਾਅਧਿਕਾਰੀਆਂ ਦੀ ਭਲਾਈ ਲਈ ਫਰੀਡਮ ਫਾਇਟਰ ਫੈਮਲੀ ਵੈਲਫੇਅਰ ਬੋਰਡ ਬਣਾ ਕੇ ਉਸ ਦਾ ਚੇਅਰਮੈਨ ਵੀ ਫਰੀਡਮ ਫਾਇਟਰ ਪਰਵਾਰ ਦਾ ਹੀ ਲਾਇਆ ਜਾਵੇ।ਉਨ੍ਹਾਂ ਆਪਣੇ ਮੰਗ ਪੱਤਰ 'ਚ ਉਤਰਾਖੰਡ ਸਰਕਾਰ ਦੀ ਤਰਜ਼ 'ਤੇ ਵਾਰਸਾਂ ਦੀ ਸਨਮਾਨ ਪੈਨਸ਼ਨ ਲਾਉਣ, ਕੈਸ਼ਲੈੱਸ ਮੈਡੀਕਲ ਸਹੂਲਤਾਂ, ਅਗਲੀਆਂ ਪੀੜ੍ਹੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ 'ਚ ਸ਼ਾਮਲ ਕਰਨ, ਬੇਰੁਜ਼ਗਾਰ ਬੱਚਿਆਂ ਨੂੰ 10 ਹਜ਼ਾਰ ਰੁਪਏ ਸਨਮਾਨ ਭੱਤਾ, ਬਿਜਲੀ ਬਿੱਲ ਬਿਨਾਂ ਸ਼ਰਤ ਮੁਆਫ ਕਰਨ, ਪ੍ਰਾਪਰਟੀ ਟੈਕਸ ਤੇ ਸੀਵਰੇਜ ਬਿੱਲ ਮੁਆਫ਼ ਕਰਨ, ਹਰ ਜ਼ਿਲ੍ਹੇ 'ਚ ਸੁਤੰਤਰਤਾ ਸੰਗਰਾਮੀ ਹਾਲ ਬਣਾਉਣ, ਸਰਕਾਰੀ ਸਕੂਲਾਂ ਦੇ ਨਾਂਅ ਫਰੀਡਮ ਫਾਇਟਰਾਂ ਦੇ ਨਾਂਅ 'ਤੇ ਰੱਖਣ ਆਦਿ ਮੰਗਾਂ ਦਾ ਜ਼ਿਕਰ ਵੀ ਕੀਤਾ।

## ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਮੋਗਾ 'ਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਲਹਿਰਾਇਆ ਕੌਮੀ ਝੰਡਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਨਵੀਂ ਦਾਣਾ ਮੰਡੀ ਵਿਖੇ ਮਨਾਏ ਗਏ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ, ਐੱਸ. ਐੱਸ. ਪੀ. ਮੋਗਾ ਅਜੈ ਗਾਂਧੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਖੁੱਡੀਆਂ ਨੇ ਸੂਬੇ ਦੇ ਸਮੂਹ ਪੰਜਾਬੀਆਂ ਨੂੰ ਗਣਤੰਤਰ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਨਾਲ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਤੇ ਸਾਨੂੰ ਦੁਨੀਆ ਵਿੱਚ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਮਾਣ ਹਾਸਲ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਰਕਾਰੀ ਦਫ਼ਤਰਾਂ ਵਿੱਚ ਸ਼ਹੀਦ ਭਗਤ ਸਿੰਘ ਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀਆਂ ਤਸਵੀਰਾਂ ਲਗਾ ਕੇ ਇਤਿਹਾਸਕ ਫੈਸਲਾ ਕੀਤਾ ਹੈ।ਗਣਤੰਤਰ ਦਿਵਸ ਸਮਾਗਮ ਦੌਰਾਨ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਆਧਾਰਤ ਖ਼ੂਬਸੂਰਤ ਪ੍ਰੋਗਰਾਮ ਪੇਸ਼ ਕੀਤਾ ਗਿਆ।ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋੜਵੰਦਾਂ ਨੂੰ ਟਰਾਈਸਾਈਕਲ ਤੇ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ ਅਤੇ ਫਰੀਡਮ ਫਾਈਟਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਦੌਰਾਨ ਪਰੇਡ, ਸੱਭਿਆਚਾਰਕ ਟੀਮਾਂ ਤੇ ਵੱਖ ਵੱਖ ਖੇਤਰਾਂ ਵਿੱਚ ਉਪਲੱਬਧੀਆਂ ਹਾਸਲ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਸ੍ਰ. ਗੁਰਮੀਤ ਸਿੰਘ ਖੁੱਡੀਆਂ ਸਮੇਤ ਵਿਧਾਇਕ ਸਾਹਿਬਾਨਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਸਮਾਗਮ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਜਸਪਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰ ਜੀਤ ਸਿੰਘ ਲਾਡੀ ਢੋਸ, ਹਲਕਾ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਤੇ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਜ਼ਿਲ੍ਹਾ ਤੇ ਸੈਸ਼ਨ ਜੱਜ ਮਿਸ ਨੀਲਮ ਅਰੋੜਾ, ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਨਗਰ ਨਿਗਮ ਮੋਗਾ ਦੇ ਮੇਅਰ ਪ੍ਰਵੀਨ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## 77ਵੇਂ ਗਣਤੰਤਰ ਦਿਵਸ ਮੌਕੇ ਸੈਨਿਕ ਲੀਗ ਸ਼ੇਰਪੁਰ ਵੱਲੋਂ ਤਿਰੰਗਾ ਲਹਿਰਾਇਆ



**ਸ਼ੇਰਪੁਰ (ਰਵੀ ਟਿੱਬਾ)**-ਭਾਰਤੀਆ ਸਾਬਕਾ ਸੈਨਿਕ ਲੀਗ ਬਲਾਕ ਸ਼ੇਰਪੁਰ ਵੱਲੋਂ ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ ਲੀਗ ਪ੍ਰਧਾਨ ਸੂਬੇਦਾਰ ਮੇਜਰ ਹਰਜੀਤ ਸਿੰਘ (ਸੇਵਾ ਮੁਕਤ) ਦੀ ਅਗਵਾਈ ਹੇਠ ਸਾਬਕਾ ਸੈਨਿਕ ਦਫ਼ਤਰ ਪੁਰਾਣੀ ਤਹਿਸੀਲ ਵਿਖੇ ਤਿਰੰਗਾ ਝੰਡਾ ਲਹਿਰਾਇਆ ਗਿਆ। ਇਸ ਸਮਾਗਮ ਦੌਰਾਨ ਪਹਿਲਾਂ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਸਮਾਗਮ ਵਿੱਚ ਐਕਸ ਆਰਮੀ ਵੈੱਲਫੇਅਰ ਕਮੇਟੀ ਧੂਰੀ ਦੇ ਆਗੂਆਂ ਪ੍ਰਧਾਨ ਹੌਲਦਾਰ ਗੁਰਮੇਲ ਸਿੰਘ, ਵਾਈਸ ਪ੍ਰਧਾਨ ਕੈਪਟਨ ਹਰੀ ਸਿੰਘ, ਕੈਪਟਨ ਭਰਪੂਰ ਸਿੰਘ, ਹੌਲਦਾਰ ਅਜਮੇਰ ਸਿੰਘ, ਸੂਬੇਦਾਰ ਜਸਬੀਰ ਸਿੰਘ ਫਰਵਾਹੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਬੋਲਦਿਆਂ ਉਪਰੋਕਤ ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਾਂਝੇ ਸਮਾਗਮਾਂ ਵਿੱਚ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਤੇ ਲੋਕਲ ਜਥੇਬੰਦੀਆਂ ਦੇ ਆਗੂਆਂ ਨੂੰ ਸੱਦਾ ਪੱਤਰ ਨਾ ਭੇਜਣਾ ਬੇਹੱਦ ਨਿੰਦਣ ਯੋਗ ਹੈ।ਉਨ੍ਹਾਂ ਸਰਕਾਰਾਂ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਸਾਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਅਜਿਹੇ ਸਮਾਗਮਾਂ ਵਿੱਚ ਉਹਨਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਣਾ ਚਾਹੀਦਾ ਹੈ।ਬਲਾਕ ਪ੍ਰਧਾਨ ਸੂਬੇਦਾਰ ਮੇਜਰ ਹਰਜੀਤ ਸਿੰਘ ਨੇ ਕਿਹਾ ਕਿ ਸ਼ੇਰਪੁਰ-ਰਾਮਨਗਰ ਛੰਨਾਂ ਰੋਡ ਉੱਤੇ ਬਣ ਰਹੇ ਦੋ ਸੈਨਿਕ ਸ਼ਹੀਦਾਂ ਦੀ ਯਾਦ ਵਿੱਚ ਅਧੂਰੇ ਪਏ ਗੇਟ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ।ਇਸ ਪ੍ਰੋਗਰਾਮ ਵਿੱਚ ਕੈਪਟਨ ਅਵਤਾਰ ਸਿੰਘ ਟਿੱਬਾ, ਸੂਬੇਦਾਰ ਬਲਵੰਤ ਸਿੰਘ ਬਧੇਸ਼ਾ, ਸੂਬੇਦਾਰ ਸਿਕੰਦਰ ਸਿੰਘ, ਸੂਬੇਦਾਰ ਕਰਮ ਸਿੰਘ ਬਦੇਸ਼ਾ, ਹੌਲਦਾਰ ਮਨਜੀਤ ਸਿੰਘ ਘਨੌਰੀ, ਹੌਲਦਾਰ ਅਮਰਜੀਤ ਸਿੰਘ ਖਹਿਰਾ ਗੁਰਬਖਸ਼ਪੁਰਾ, ਨਾਇਬ ਸੂਬੇਦਾਰ ਵਿਸ਼ਨੂੰ ਭਗਵਾਨ, ਹੌਲਦਾਰ ਪ੍ਰੀਤਮ ਸਿੰਘ ਗਰੇਵਾਲ, ਹੌਲਦਾਰ ਰਾਮ ਸਿੰਘ ਕਾਲਾਬੂਲਾ, ਸੁਰਜੀਤ ਸਿੰਘ ਕਾਲਾਬੂਲਾ, ਗੁਰਜੰਟ ਸਿੰਘ, ਗੁਰਬਚਨ ਸਿੰਘ ਕਾਤਰੋਂ, ਬਲਜੀਤ ਸਿੰਘ ਗੰਡੇਵਾਲ, ਬਹਾਦਰ ਸਿੰਘ ਚੌਧਰੀ, ਕਰਮਜੀਤ ਸਿੰਘ, ਕਰਨੈਲ ਸਿੰਘ ਖੇੜੀ ਕਲਾਂ, ਬਲਦੇਵ ਸਿੰਘ ਘਨੌਰੀ ਤੋਂ ਇਲਾਵਾ ਹੋਰ ਵੀ ਸਾਬਕਾ ਸੈਨਿਕ ਹਾਜ਼ਰ ਸਨ।

## ਪਬਲਿਕ ਕਾਲਜ ਵਿਖੇ ਸਰਕਾਰੀ ਪੱਧਰ 'ਤੇ ਮਨਾਇਆ ਗਣਤੰਤਰ ਦਿਵਸ

### ਐੱਸ ਡੀ ਐੱਮ ਰਿਚਾ ਗੋਇਲ ਨੇ ਲਹਿਰਾਇਆ ਤਿਰੰਗਾ



**ਸਮਾਣਾ (ਇਕਬਾਲ ਸਿੰਘ ਬੱਲ)**-ਪਬਲਿਕ ਕਾਲਜ ਸਮਾਣਾ ਵਿਖੇ ਸਰਕਾਰੀ ਪੱਧਰ 'ਤੇ ਗਣਤੰਤਰਤਾ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਐੱਸ ਡੀ ਐੱਮ ਮੈਡਮ ਰਿਚਾ ਗੋਇਲ ਤੇ ਵਿਸ਼ੇਸ਼ ਮਹਿਮਾਨ ਵਜੋਂ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ ਮਨਦੀਪ ਸਿੰਘ, ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਮੈਡਮ ਰਾਜਵਿੰਦਰ ਕੌਰ ਤੇ ਸਿਵਲ ਜੱਜ ਜੂਨੀਅਰ ਡਵੀਜ਼ਨ ਮੈਡਮ ਮੋਹਣੀ ਗੋਇਲ ਨੇ ਸ਼ਿਰਕਤ ਕੀਤੀ।ਇਸ ਮੌਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਐੱਸ ਡੀ ਐੱਮ ਮੈਡਮ ਰਿਚਾ ਗੋਇਲ ਵੱਲੋਂ ਨਿਭਾਈ ਗਈ।ਇਸ ਦੌਰਾਨ ਰਾਸ਼ਟਰੀ ਗਾਨ ਉਪਰੰਤ ਪੰਜਾਬ ਪੁਲਸ ਦੀ ਪਰੇਡ ਟੁਕੜੀ ਤੇ ਸਕੂਲੀ ਬੱਚਿਆਂ ਵੱਲੋਂ ਤਿਰੰਗੇ ਝੰਡੇ ਨੂੰ ਸਲਾਮੀ ਪੇਸ਼ ਕੀਤੀ ਗਈ।ਇਸ ਮੌਕੇ ਵੱਖ-ਵੱਖ ਮਹਿਕਮਿਆਂ ਵੱਲੋਂ ਝਾਕੀਆਂ ਕੱਢੀਆਂ ਗਈਆਂ ਤੇ ਸਕੂਲੀ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਐੱਸ ਡੀ ਐੱਮ ਰੀਚਾ ਗੋਇਲ ਨੇ ਸਮੁੱਚੇ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਦੱਸਿਆ ਕਿ 15 ਅਗਸਤ 1947 ਨੂੰ ਸਾਡਾ ਭਾਰਤ ਦੇਸ਼ ਆਜ਼ਾਦ ਹੋਇਆ ਸੀ ਤੇ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਲਿਖਿਆ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ ਸੀ। 26 ਜਨਵਰੀ 1950 ਤੋਂ ਬਾਅਦ ਵਿੱਚ ਸਾਡੇ ਦੇਸ਼ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਵੱਲੋਂ ਬਣਾਇਆ ਹੋਇਆ ਕਾਨੂੰਨ ਲਾਗੂ ਹੋਇਆ। ਉਨ੍ਹਾਂ ਕਿਹਾ ਕਿ ਅੱਜ ਸਾਡਾ ਦੇਸ਼ ਤਰੱਕੀ ਦੀਆਂ ਸਿਖਰਾਂ ਨੂੰ ਛੂਹ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਪਿੱਛੜੇ ਵਰਗਾਂ ਨੂੰ ਉੱਚਾ ਚੁੱਕਣ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਨੂੰ ਅਜਾਦ ਕਰਾਉਣ ਲਈ 80 ਫੀਸਦੀ ਕੁਰਬਾਨੀਆਂ ਪੰਜਾਬੀਆਂ ਦੀਆਂ ਹਨ ਤੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ।ਗਣਤੰਤਰਤਾ ਦਿਵਸ ਦੇ ਇਸ ਸ਼ੁਭ ਦਿਹਾੜੇ ਮੌਕੇ ਵੱਖ ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰਨ ਵਾਲਿਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਕਾਰਜ ਸਾਧਕ ਅਫਸਰ ਅਪਰਅਪਾਰ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਪੀਏ ਗੁਰਦੇਵ ਸਿੰਘ ਟਿਵਾਣਾ, ਪ੍ਰਿੰਸੀਪਲ ਹਰਕੀਰਤ ਸਿੰਘ, ਵੱਖ ਵੱਖ ਮਹਿਕਮਿਆਂ ਦੇ ਅਫਸਰ ਸਾਹਿਬਾਨ ਤੋਂ ਇਲਾਵਾ ਸਕੂਲੀ ਬੱਚੇ ਤੇ ਦਰਸ਼ਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

28-JAN-PAGE-6.qxd 1/27/2026 10:35 PM Page 1



# ਕੈਬਨਿਟ ਮੰਤਰੀ ਵੱਲੋਂ ਹਲਕੇ 'ਚ ਚੱਲ ਰਹੇ ਵਿਕਾਸ ਕੰਮਾਂ ਸੰਬੰਧੀ ਰੀਵਿਊ ਮੀਟਿੰਗ

## ਆਮ ਲੋਕਾਂ ਦੀ ਖੱਜਲ-ਖੁਆਰੀ ਬਰਦਾਸ਼ਤ ਨਹੀਂ : ਖੁੱਡੀਆਂ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਖੇਤੀਬਾੜੀ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਬੀਤੇ ਦਿਨੀਂ ਹਲਕੇ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਬਿਜਲੀ ਬੋਰਡ ਦੇ ਰੈਸਟ ਹਾਊਸ ਪਿੰਡ ਬਾਦਲ ਵਿਖੇ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਮੁੱਖ ਤਰਜੀਹ ਵਿਕਾਸ ਦੇ ਕੰਮਾਂ ਨੂੰ ਮਿੱਥੇ ਸਮੇਂ ਵਿੱਚ ਪੂਰਾ ਕਰਕੇ ਲੋਕਾਂ ਦੇ ਸਪੁਰਦ ਕਰਨਾ ਹੈ, ਜਿਸ ਨਾਲ ਲੋਕਾਂ ਨੂੰ ਖੱਜਲ ਖੁਆਰ ਨਾ ਹੋਣਾ ਪਵੇ ਤੇ ਉਨ੍ਹਾਂ ਨੂੰ ਮਿਆਰੀ ਸਹੂਲਤਾਂ ਸਮੇਂ ਸਿਰ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਚੱਲ ਰਹੇ ਵਿਕਾਸ ਦੇ ਕੰਮਾਂ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਤੇ ਇਸ ਵਿੱਚ ਕਿਸੇ ਕਿਸਮ ਦੀ ਕੁਤਾਹੀ ਤੇ ਆਮ ਲੋਕਾਂ ਦੀ ਖੱਜਲ ਖੁਆਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਸਬ ਡਵੀਜ਼ਨਲ ਮੈਜਿਸਟਰੇਟ ਮਲੋਟ ਜੁਗਰਾਜ ਸਿੰਘ ਕਾਹਲੋਂ, ਤਹਿਸੀਲਦਾਰ ਮਲੋਟ, ਬੀਡੀਪੀਓ ਰਾਕੇਸ਼ ਬਿਸ਼ਨੋਈ, ਅਮੀਤ ਖੁੱਡੀਆਂ, ਐਕਸੀਅਨ ਅਮਨਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫਸਰ ਪੰਕਜ ਮੋਰੀਆ, ਐਗਰੀਕਲਚਰ ਚੀਫ ਜਗਸੀਰ ਸਿੰਘ, ਸਿਵਲ ਸਰਜਨ ਸੁਨੀਲ ਬਾਂਸਲ, ਪੀਏ ਗੁਰਬਾਜ ਖੁੱਡੀਆਂ, ਪੀਏ ਟੋਨੀ ਭੁੱਲਰ, ਲਵਪ੍ਰੀਤ ਸਿੰਘ ਤੇ ਮੀਡੀਆ ਐਡਵਾਈਜ਼ਰ ਮੋਹਿਤ ਸੋਨੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਕਮਿਊਨਿਸਟ ਆਗੂਆਂ ਵੱਲੋਂ ਪਿੰਡਾਂ 'ਚ ਮੀਟਿੰਗਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੰਘੇ ਕੁੱਝ ਤਹਿਸੀਲ ਤਲਵੰਡੀ ਸਾਬੋ ਦੇ ਪਿੰਡ ਮੱਲਵਾਲਾ, ਫੱਲੜ ਤੇ ਪੱਕਾ ਖੁਰਦ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਝੰਡੇ ਹੇਠ ਲੋਕ ਇਕੱਠੇ ਹੋਏ।ਉਨ੍ਹਾਂ ਮੰਗ ਕੀਤੀ ਕਿ ਮਗਨਰੇਗਾ ਕਾਨੂੰਨ ਨੂੰ ਬਹਾਲ ਕੀਤਾ ਜਾਵੇ ਤੇ ਜੀ ਰਾਮ ਜੀ ਦੇ ਕਾਲੇ ਕਾਨੂੰਨ ਨੂੰ ਰੱਦ ਕੀਤਾ ਜਾਵੇ।ਇਨ੍ਹਾਂ ਜਨ ਸਭਾਵਾਂ ਨੂੰ ਸੀ ਪੀ ਆਈ ਦੇ ਸੀਨੀਅਰ ਆਗੂ ਜਗਜੀਤ ਸਿੰਘ ਜੋਗਾ, ਖੇਤ ਮਜ਼ਦੂਰ ਸਭਾ ਦੇ ਕੌਮੀ ਕੌਂਸਲ ਮੈਂਬਰ ਸੁਰਜੀਤ ਸਿੰਘ ਸੋਹੀ, ਟਰੇਡ ਯੂਨੀਅਨ ਆਗੂ ਕਾਕਾ ਸਿੰਘ ਬਠਿੰਡਾ ਤੇ ਇਸਤਰੀ ਆਗੂ ਜਸਵੀਰ ਕੌਰ ਸਰਾਂ ਨੇ ਸੰਬੋਧਨ ਕੀਤਾ।ਆਗੂਆਂ ਨੇ ਆਪਣੇ ਸੰਬੋਧਨ ਵਿੱਚ ਦੋਸ਼ ਲਾਇਆ ਕਿ ਮੋਦੀ ਸਰਕਾਰ ਦੇਸ਼ ਦੇ ਪੈਦਾਵਾਰੀ ਸਾਧਨਾਂ ਉੱਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਤੇ ਗਰੀਬਾਂ ਨੂੰ ਹੋਰ ਗਰੀਬ ਕਰਨਾ ਚਾਹੁੰਦੀ ਹੈ, ਤਾਂ ਕਿ ਉਹ ਕਾਰਪੋਰੇਟਾਂ ਦੀਆਂ ਸ਼ਰਤਾਂ ਉੱਤੇ ਘੱਟ ਉਜਰਤ 'ਤੇ ਕੰਮ ਕਰਨ ਲਈ ਤਿਆਰ ਹੋ ਜਾਣ।ਇਸ ਕਰਕੇ ਹੀ ਮਗਨਰੇਗਾ ਰਾਹੀਂ ਮਿਲਣ ਵਾਲੇ ਰੁਜ਼ਗਾਰ ਦਾ ਮੋਦੀ ਸਰਕਾਰ ਗਲਾ ਘੁੱਟਣ 'ਤੇ ਉਤਾਰੂ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੀ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਮੋਦੀ ਸਰਕਾਰ ਵਾਂਗ ਪਿੱਛੇ ਹਟ ਗਈ ਹੈ, ਜਿਵੇਂ ਕਿ ਹਰ ਔਰਤ ਨੂੰ ਹਰ ਮਹੀਨੇ 1000/- ਰੁਪੈ ਜੇਬ ਖ਼ਰਚ ਦੇਣਾ ਤੇ ਪੈਨਸ਼ਨ 1500/- ਪ੍ਰਤੀ ਮਹੀਨਾ ਤੋਂ ਵਧਾ ਕੇ 2500/- ਰੁਪੈ ਪ੍ਰਤੀ ਮਹੀਨਾ ਕਰਨ ਤੋਂ ਮੁਨਕਰ ਹੋਣਾ।ਆਗੂਆਂ ਨੇ ਐਲਾਨ ਕੀਤਾ ਕਿ 7 ਫਰਵਰੀ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਬਠਿੰਡਾ ਵਿਖੇ ਵਿਸ਼ਾਲ ਧਰਨਾ ਦੇ ਕੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਮੰਗ ਪੱਤਰ ਭੇਜ ਕੇ ਮੰਗ ਕਰੇਗੀ ਕਿ ਮਗਨਰੇਗਾ ਦੀ ਪੁਰਾਣੀ ਸਕੀਮ ਬਹਾਲ ਕੀਤੀ ਜਾਵੇ, ਜੀ ਰਾਮ ਜੀ ਸਕੀਮ ਰੱਦ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੱਚੇ ਕਿਰਤੀਆਂ ਨੂੰ ਪੱਕੇ ਕੀਤਾ ਜਾਵੇ ਤੇ ਕਿਸਾਨਾਂ ਦੀਆਂ 23 ਫ਼ਸਲਾਂ ਉੱਤੇ ਐੱਮ ਐੱਸ ਪੀ ਦਿੱਤੀ ਜਾਵੇ।

# ਰਾਜਪਾਲ ਨੇ ਗਣਤੰਤਰ ਦਿਵਸ ਮੌਕੇ ਫਾਜ਼ਿਲਕਾ 'ਚ ਲਹਿਰਾਇਆ ਤਿਰੰਗਾ

## ਕੁਰਬਾਨੀ ਤੇ ਪ੍ਰਗਤੀ ਨੂੰ ਕੀਤਾ ਨਮਨ



**ਫਾਜ਼ਿਲਕਾ (ਨਿਸ਼ਾ ਸ਼ਰਮਾ/ਪਰਮਜੀਤ ਢਾਬਾਂ)**-ਦੇਸ਼ ਭਗਤੀ ਨਾਲ ਸਮੋਏ ਸਮਾਰੋਹ ਦੌਰਾਨ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਫਾਜ਼ਿਲਕਾ ਵਿਖੇ ਕੌਮੀ ਝੰਡਾ ਲਹਿਰਾਇਆ।ਇਸ ਮੌਕੇ ਸਮੁੱਚੇ ਨਾਗਰਿਕਾਂ, ਖਾਸ ਕਰਕੇ ਸੂਬਾ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਦੇਸ਼ ਨੂੰ ਇੱਕ ਪ੍ਰਭੂਸੱਤਾ, ਸਮਾਜਵਾਦੀ, ਧਰਮ-ਨਿਰਪੱਖ ਤੇ ਲੋਕਤੰਤਰੀ ਗਣਰਾਜ ਵਜੋਂ ਸਥਾਪਤ ਕੀਤਾ।ਇੱਥੇ ਸੂਬਾ ਪੱਧਰੀ ਗਣਤੰਤਰ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਗੁਰੂਆਂ, ਸੰਤਾਂ ਤੇ ਯੋਧਿਆਂ ਦੀ ਧਰਤੀ ਨੂੰ ਨਮਨ ਕੀਤਾ ਤੇ ਦੇਸ਼ ਲਈ ਜਾਨਾਂ ਨਿਸ਼ਾਵਰ ਕਰਨ ਵਾਲੇ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।ਉਨ੍ਹਾਂ ਆਜ਼ਾਦੀ ਘੁਲਾਟੀਆਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਨੇਤਾ ਜੀ ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ ਤੇ ਸਰਦਾਰ ਵੱਲਭ ਭਾਈ ਪਟੇਲ ਦੇ ਅਣਥੱਕ ਯਤਨਾਂ ਨੂੰ ਯਾਦ ਕੀਤਾ।ਉਨ੍ਹਾਂ ਡਾ. ਬੀ. ਆਰ. ਅੰਬੇਡਕਰ ਤੇ ਸਰਦਾਰ ਪਟੇਲ ਦੇ ਭਾਰਤ ਦੀ ਏਕਤਾ ਤੇ ਸੰਵਿਧਾਨ ਵਿੱਚ ਪਾਏ ਯੋਗਦਾਨ ਨੂੰ ਵੀ ਯਾਦ ਕੀਤਾ।ਰਾਜਪਾਲ ਸ੍ਰੀ ਕਟਾਰੀਆ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਲੋਕ ਲਹਿਰ ਦੀ ਅਗਵਾਈ ਕਰਨ ਤੇ ਉਨ੍ਹਾਂ ਨੂੰ ਆਪਣੀ ਊਰਜਾ ਨੂੰ ਸਿੱਖਿਆ, ਹੁਨਰ ਵਿਕਾਸ, ਖੇਡਾਂ ਤੇ ਉੱਦਮਤਾ ਵਿੱਚ ਲਗਾਉਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਨੇ ਅਕਾਦਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਨੂੰ ਉਤਸ਼ਾਹਤ ਕਰਨ ਤੇ ਕੌਮੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਸਰਹੱਦੀ ਜ਼ਿਲ੍ਹਿਆਂ ਵਿੱਚ ਵਿਸਥਾਰ ਕੇਂਦਰ ਸਥਾਪਤ ਕਰਨ।ਉਨ੍ਹਾਂ ਹਰੇਕ ਨਾਗਰਿਕ ਨੂੰ ਜ਼ਿੰਮੇਵਾਰੀ, ਹਮਦਰਦੀ ਤੇ ਦੇਸ਼ ਭਗਤੀ ਦੀ ਸਾਂਝੀ ਕੌਮੀ ਚੇਤਨਾ ਦੁਆਰਾ ਸੇਧਤ ਇੱਕ ਵਿਕਸਤ, ਸ਼ਕਤੀਸ਼ਾਲੀ, ਸਵੈ-ਨਿਰਭਰ ਤੇ ਸਮਾਵੇਸ਼ੀ ਭਾਰਤ ਦੇ ਨਿਰਮਾਣ ਲਈ ਵਚਨਬੱਧ ਹੋਣ ਦਾ ਸੱਦਾ ਦਿੱਤਾ।

ਉਨ੍ਹਾਂ ਪੰਜਾਬ ਦੇ ਪੰਜ ਪ੍ਰਸਿੱਧ ਵਿਅਕਤੀਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ, ਜਿਨ੍ਹਾਂ ਵਿੱਚ ਮਹਾਨ ਅਦਾਕਾਰ ਧਰਮਿੰਦਰ (ਪਦਮ ਵਿਭੂਸ਼ਣ), ਸੰਤ ਨਿਰੰਜਨ ਦਾਸ (ਪਦਮਸ਼੍ਰੀ), ਸੇਵਾਮੁਕਤ ਡੀਆਈਜੀ ਇੰਦਰਜੀਤ ਸਿੰਘ (ਪਦਮਸ਼੍ਰੀ), ਹਾਕੀ ਕੋਚ ਬਲਦੇਵ ਸਿੰਘ (ਪਦਮਸ਼੍ਰੀ) ਤੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ (ਪਦਮਸ਼੍ਰੀ) ਸ਼ਾਮਲ ਹਨ।ਇਸ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਅਨੇਕਾਂ ਪੇਸ਼ਕਾਰੀਆਂ ਦਿੱਤੀਆਂ।ਉਨ੍ਹਾਂ ਆਜ਼ਾਦੀ ਘੁਲਾਟੀਆਂ ਤੇ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਅਤੇ ਸਿਲਾਈ ਮਸ਼ੀਨਾਂ ਤੇ ਟ੍ਰਾਈਸਾਈਕਲ ਵੰਡੇ।

ਇਸ ਮੌਕੇ ਸਾਂਸਦ ਸ਼ੇਰ ਸਿੰਘ ਘੁਬਾਇਆ, ਵਿਧਾਇਕ ਫਾਜ਼ਿਲਕਾ ਨਰਿੰਦਰ ਪਾਲ ਸਵਨਾ, ਵਿਧਾਇਕ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ, ਵਿਧਾਇਕ ਬੱਲੂਆਣਾ ਅਮਨਦੀਪ ਸਿੰਘ ਗੋਲਡੀ ਮੁਸਾਫ਼ਿਰ, ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ, ਵਧੀਕ ਮੁੱਖ ਸਕੱਤਰ ਸ੍ਰੀ ਵਿਵੇਕ ਪ੍ਰਤਾਪ ਸਿੰਘ, ਡੀ.ਜੀ.ਪੀ ਗੌਰਵ ਯਾਦਵ, ਡੀ.ਆਈ.ਜੀ ਫ਼ਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ, ਡਿਪਟੀ ਕਮਿਸ਼ਨਰ ਫਾਜ਼ਿਲਕਾ ਸ਼੍ਰੀਮਤੀ ਅਮਰਪ੍ਰੀਤ ਕੌਰ ਸੰਧੂ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਧਰਮਿੰਦਰ ਪਾਲ ਸਿੰਗਲਾ, ਐੱਸ.ਐੱਸ.ਪੀ ਫਾਜ਼ਿਲਕਾ ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਐਸ.ਡੀ.ਐਮ. ਫਾਜ਼ਿਲਕਾ ਵੀਰਪਾਲ ਕੌਰ, ਐਸ.ਡੀ.ਐਮ. ਜਲਾਲਾਬਾਦ ਕੰਵਰਜੀਤ ਸਿੰਘ ਮਾਨ, ਐਸ.ਡੀ.ਐਮ. ਅਬੋਹਰ ਕ੍ਰਿਸ਼ਨਾ ਪਾਲ ਰਾਜਪੂਤ, ਸਹਾਇਕ ਕਮਿਸ਼ਨਰ ਅਮਨਦੀਪ ਸਿੰਘ ਮਾਵੀ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਜਤਿੰਦਰ ਬਰਾੜ ਦੇ ਦੇਹਾਂਤ 'ਤੇ ਡੂੰਘੇ ਦੁੱਖ 'ਤੇ ਪ੍ਰਗਟਾਵਾ



**ਲੁਧਿਆਣਾ (ਸਤੀਸ਼ ਸਚਦੇਵਾ)** ਪੰਜਾਬੀ ਸਾਹਿਤ ਅਕਾਡਮੀ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵਲੋਂ ਅਕਾਡਮੀ ਦੇ ਜੀਵਨ ਮੈਂਬਰ ਸ੍ਰੀ ਜਤਿੰਦਰ ਬਰਾੜ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀ ਜਤਿੰਦਰ ਬਰਾੜ ਪੰਜਾਬ ਨਾਟਸ਼ਾਲਾ ਦਾ ਸੰਚਾਲਨ ਕਰਨ ਵਾਲੇ ਮੋਢੀ ਨਾਟਕਕਾਰ ਅਤੇ ਮੰਚ ਕਲਾ ਦੇ ਮਾਹਿਰ ਨਾਟਕਕਾਰ ਸਨ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀ ਜਤਿੰਦਰ ਬਰਾੜ ਉੱਘੇ ਚਿੰਤਕ ਸਨ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀ ਜਤਿੰਦਰ ਬਰਾੜ ਕਿੱਤੇ ਵਜੋਂ ਇੰਜੀਨੀਅਰ ਸਨ।ਉਹ ਵਿਦਿਆਰਥੀ ਜੀਵਨ ਤੋਂ ਹੀ ਨਾਟਕ ਨਾਲ ਜੁੜੇ ਹੋਏ ਸਨ।ਉਨ੍ਹਾਂ ਦੀਆਂ ਨਾਟਕ ਸਕ੍ਰਿਪਟਾਂ 'ਟੋਆ', 'ਲੋਹੇ ਦੀ ਭੱਠੀ', 'ਕੁਦੇਸਣ', 'ਫ਼ਾਸਲੇ' ਸਮੇਤ ਹਾਸ ਰਸ ਨਾਟਕ 'ਮਿਰਚ ਮਸਾਲਾ' ਬਹੁਤ ਸਾਰੀਆਂ ਨਾਟ ਟੀਮਾਂ ਵਲੋਂ ਖੇਡੇ ਜਾਂਦੇ ਰਹੇ ਹਨ।ਉਨ੍ਹਾਂ ਦੀ ਕੰਬਾਈਨ ਦੇ ਬਲੇਡ ਬਣਾਉਣ ਦੀ ਫੈਕਟਰੀ ਸੀ, ਜਿਸ ਦੀ ਜ਼ਮੀਨ ਉਪਰ ਅਤੇ ਉਸ ਦੀ ਆਮਦਨ ਦੇ ਸਾਧਨਾਂ ਨਾਲ ਇਨ੍ਹਾਂ ਨੇ ਅੰਮ੍ਰਿਤਸਰ ਵਿਚ ਅਜਿਹੀ ਨਾਟਸ਼ਾਲਾ ਸਥਾਪਤ ਕੀਤੀ, ਜਿਸ ਨਾਲ ਦੀ ਹਿੰਦੁਸਤਾਨ ਭਰ ਵਿਚ ਸ਼ਾਇਦ ਕਿਤੇ ਨਹੀਂ।ਅੰਮ੍ਰਿਤਸਰ ਵਰਗੇ ਇਤਿਹਾਸਕ ਸਥਾਨ 'ਤੇ ਇਨ੍ਹਾਂ ਨੇ ਨਾਟਸ਼ਾਲਾ ਨੂੰ ਵੀ ਇਤਿਹਾਸਕ ਅਤੇ ਨਾਟਕ ਦੇ ਸੰਸਾਰ ਪੱਧਰੀ ਮੰਚਣ ਦੀ ਦਿਸ਼ਾ ਵਿਚ ਵਿਕਸਤ ਕੀਤਾ। ਨਾਟਸ਼ਾਲਾ ਵਿਚ ਹੁੰਦੇ ਨਾਟਕਾਂ ਸਮੇਂ ਬਕਾਇਦਾ ਤਕਨੀਕੀ ਤਰੀਕੇ ਨਾਲ ਸੈੱਟ ਲਾ ਕੇ ਬਰਸਾਤ ਹੁੰਦੀ ਦਿਖਾਈ ਜਾ ਸਕਦੀ ਹੈ ਤੇ ਮੰਚ ਦੇ ਪਿੱਛੇ ਫ਼ਰਜ਼ੀ ਤੌਰ 'ਤੇ ਤਿਆਰ ਹੋ ਰਹੀ ਪੰਜੀਰੀ ਦੀ ਮਹਿਕ ਦਰਸ਼ਕਾਂ ਤੱਕ ਪਹੁੰਚ ਸਕਦੀ ਹੈ।ਐਨੀ ਵੱਡੀਆਂ ਸ਼ਖ਼ਸੀਅਤਾਂ ਧਰਤੀ 'ਤੇ ਕਦੇ ਕਦੇ ਜਨਮ ਲੈਂਦੀਆਂ ਹਨ।ਉਨ੍ਹਾਂ ਦੀ ਸਾਹਿਤ, ਰੰਗਮੰਚ ਤਕਨੀਕ, ਸੰਤੁਲਤ ਪਹੁੰਚ ਲਈ ਅਸੀਂ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਾਂਗੇ।ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕਰਦੀ ਹੈ।

# ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮੋਗਾ-1 ਦੀ ਭਰਵੀਂ ਕਾਨਫਰੰਸ

## ਸਬਰਾਜ ਢੁੱਡੀਕੇ ਬਣੇ ਸਕੱਤਰ




**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮੋਗਾ-1 ਦੀ ਭਰਵੀਂ ਕਾਨਫਰੰਸ ਕਾਮਰੇਡ ਸਤੀਸ਼ ਲੂੰਬਾ ਹਾਲ ਵਿੱਚ ਨਛੱਤਰ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਗਈ।ਇਸ ਕਾਨਫਰੰਸ ਵਿੱਚ ਵੱਖ-ਵੱਖ ਪਿੰਡਾਂ ਤੋਂ ਪਾਰਟੀ ਨਾਲ ਜੁੜੀਆਂ ਬਰਾਂਚਾਂ ਵਿੱਚੋਂ ਡੇਲੀਗੇਟ ਸਾਥੀ ਪਹੁੰਚੇ।ਮੀਟਿੰਗ ਨੂੰ ਵਿੱਚ ਬਲਾਕ ਮੋਗਾ ਇੱਕ ਦੇ ਅਹੁਦੇਦਾਰਾਂ ਤੋਂ ਇਲਾਵਾ ਖਾਸ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਤੇ ਜ਼ਿਲ੍ਹਾ ਕੌਂਸਲ ਮੈਂਬਰ ਕਾਮਰੇਡ ਇੰਦਰਵੀਰ ਗਿੱਲ ਨੇ ਵੀ ਸ਼ਿਰਕਤ ਕੀਤੀ।ਇਸ ਕਾਨਫਰੰਸ ਨੂੰ ਨਿਗਰਾਨ ਦੇ ਤੌਰ ਪਾਰਟੀ ਵੱਲੋਂ ਲਗਾਏ ਗਏ ਅਬਜ਼ਰਵਰ ਸੁਖਜਿੰਦਰ ਮਹੇਸ਼ਰੀ ਤੇ ਕਾਮਰੇਡ ਜਗਦੀਸ਼ ਚਾਹਲ ਦੀ ਦੇਖ-ਰੇਖ ਵਿੱਚ ਸੰਪੂਰਨ ਕੀਤਾ ਗਿਆ।ਸਭ ਤੋਂ ਪਹਿਲਾਂ ਵਿਛੜ ਚੁੱਕੇ ਪਾਰਟੀ ਆਗੂਆਂ ਤੇ ਸਾਥੀਆਂ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ, ਉਸ ਤੋਂ ਬਾਅਦ ਬਲਾਕ ਦੇ ਸਕੱਤਰ ਕਾਮਰੇਡ ਸਵਰਾਜ ਸਿੰਘ ਢੁੱਡੀਕੇ ਵੱਲੋਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਸਾਂਝੇ ਤੌਰ 'ਤੇ ਪ੍ਰਵਾਨਿਤ ਕਰ ਲਿਆ ਗਿਆ। ਨਵੀਂ ਚੋਣ ਤੋਂ ਪਹਿਲਾਂ ਆਏ ਹੋਏ ਵੱਖ ਵੱਖ ਆਗੂਆਂ ਨੇ ਆਪਣੇ ਵਿਚਾਰ ਰੱਖਦਿਆਂ ਦੱਸਿਆ ਕਿ ਸੰਸਾਰ ਇੱਕ ਉਥਲ-ਪੁਥਲ ਵਿੱਚੋਂ ਲੰਘ ਰਿਹਾ ਹੈ। ਮਜ਼ਦੂਰ ਜਮਾਤ ਦਾ ਇਸ ਸਮੇਂ ਅਹਿਮ ਰੋਲ ਹੈ, ਭਾਰਤ ਦੀ ਸਰਕਾਰ ਤੇ ਪੰਜਾਬ ਸਰਕਾਰ ਲਗਾਤਾਰ ਮਜ਼ਦੂਰ ਵਿਰੋਧੀ ਕਨੂੰਨਾਂ ਤੇ ਮੋਹਰਾਂ ਲਾ ਰਹੀਆਂ ਹਨ।ਭਾਰਤੀ ਕਮਿਊਨਿਸਟ ਪਾਰਟੀ ਸਦਾ ਹੀ ਮਜ਼ਦੂਰ ਜਮਾਤ ਦੇ ਹੱਕ ਵਿੱਚ ਖੜੀ ਰਹੀ ਹੈ, ਜਦ ਵੀ ਸੱਤਾ ਵਿੱਚ ਕਮਿਊਨਿਸਟਾਂ ਦੀ ਭਾਗੀਦਾਰੀ ਹੋਈ ਹੈ, ਉਨ੍ਹਾਂ ਨੇ ਨਰੇਗਾ ਵਰਗੇ ਮਜ਼ਦੂਰ ਜਮਾਤ ਦੇ ਪੱਖੀ ਕਾਨੂੰਨ ਸਰਕਾਰਾਂ ਤੋਂ ਬਣਵਾਏ ਹਨ, ਜਿਨ੍ਹਾਂ ਨੂੰ ਮੌਜੂਦਾ ਸਰਕਾਰਾਂ ਖਾਤਮੇ ਵੱਲ ਲਿਜਾ ਰਹੀਆਂ ਹਨ। ਭਾਰਤੀ ਕਮਿਊਨਿਸਟ ਪਾਰਟੀ ਹਰ ਮਿਹਨਤਕਸ਼ ਨੂੰ ਸੱਦਾ ਦਿੰਦੀ ਹੈ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਪਾਰਟੀ ਨਾਲ ਜੁੜੇ ਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੁੱਧ ਸੰਘਰਸ਼ ਦਾ ਹਿੱਸਾ ਬਣੇ। ਅਖੀਰ ਵਿੱਚ ਇਲਾਕਾ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਇਕਬਾਲ ਤਖਾਣਵੱਧ, ਸਬਰਾਜ ਢੁੱਡੀਕੇ, ਅਮਰਜੀਤ ਕੌਰ ਮਹਿਣਾ, ਬਿੰਦਰ ਝੰਡੇਆਣਾ, ਬੋਹੜ ਬੁੱਟਰ, ਮਨਮੋਹਣ ਸਿੰਘ ਚੂਹੜਚੱਕ, ਜਸਵਿੰਦਰ ਸਿੰਘ ਡਾਲਾ, ਜਸਪਾਲ ਬਹੋਨਾ, ਬਲਵਿੰਦਰ ਸਿੰਘ ਬਹੋਨਾ, ਸੁਰਜੀਤ ਸਿੰਘ ਸੀਤਾ ਤਖਾਣਵੱਧ, ਜਸਮੇਲ ਸਿੰਘ ਢੁੱਡੀਕੇ, ਪਾਲ ਸਿੰਘ ਧੂੜਕੋਟ, ਜਗਜੀਤ ਸਿੰਘ ਜੀਤਾ ਚੂਹੜਚੱਕ ਨੂੰ ਇਲਾਕਾ ਕਮੇਟੀ ਮੈਂਬਰ ਚੁਣਿਆ ਗਿਆ।ਇਸ ਤੋਂ ਇਲਾਵਾ ਜ਼ਿਲ੍ਹਾ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ।ਇਲਾਕਾ ਕਮੇਟੀ ਮੈਂਬਰਾਂ ਨੇ ਸਾਂਝੇ ਤੌਰ 'ਤੇ ਸਵਰਾਜ ਢੁੱਡੀਕੇ ਨੂੰ ਮੁੜ ਬਲਾਕ ਸਕੱਤਰ ਚੁਣ ਲਿਆ।ਸਵਰਾਜ ਢੁੱਡੀਕੇ ਨੇ ਸਾਰੇ ਹਾਜ਼ਰੀਨਾਂ ਨੂੰ ਵਿਸ਼ਵਾਸ ਦਿਵਾਉਂਦਿਆਂ ਪਾਰਟੀ ਪ੍ਰਤੀ ਇਮਾਨਦਾਰੀ ਨਾਲ ਕੰਮ ਕਰਨ ਦਾ ਅਹਿਦ ਲਿਆ।

# ਸਾਹਿਤ ਸਭਾ ਨੇ ਕਰਵਾਇਆ ਰੂ-ਬ-ਰੂ ਸਮਾਗਮ



**ਧੂਰੀ (ਮਨੋਹਰ ਸਿੰਘ ਸੱਗੂ)**-ਸਾਹਿਤ ਸਭਾ (ਰਜਿ:) ਧੂਰੀ ਵੱਲੋਂ ਸਭਾ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਦੀ ਪ੍ਰਧਾਨਗੀ ਹੇਠ ਸਥਾਨਕ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਿਤ ਸਦਨ 'ਚ ਰੂ-ਬ-ਰੂ ਸਮਾਗਮ ਕਰਵਾਇਆ ਗਿਆ।ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਮੁੱਖ ਮਹਿਮਾਨ ਵਜੋਂ ਸਮਾਗਮ 'ਚ ਸ਼ਿਰਕਤ ਕੀਤੀ।ਪ੍ਰੋਗਰਾਮ ਦੌਰਾਨ ਸ਼ਾਇਰ ਤਰਲੋਚਨ ਮੀਰ ਨੇ ਦਰਸ਼ਕਾਂ ਦੇ ਰੂ-ਬ-ਰੂ ਹੁੰਦਿਆਂ ਸਾਹਿਤ ਦੇ ਖੇਤਰ 'ਚ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਕਵਿਤਾ ਹੀ ਉਨ੍ਹਾਂ ਦਾ ਮੁੱਖ ਵਿਸ਼ਾ ਹੈ ਤੇ ਕਵਿਤਾ ਥੋੜ੍ਹੇ ਸ਼ਬਦਾਂ 'ਚ ਆਪਣੇ ਵਿਚਾਰ ਤੇ ਜਜ਼ਬਾਤ ਪੇਸ਼ ਕਰਨ ਦਾ ਵਧੀਆ ਜ਼ਰੀਆ ਹੈ।ਕਹਾਣੀਕਾਰ ਮੁਖਤਿਆਰ ਸਿੰਘ ਨੇ ਰੂ-ਬ-ਰੂ ਹੁੰਦਿਆਂ ਆਪਣੇ ਸਾਹਿਤਕ ਸਫ਼ਰ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਪ੍ਰੇਰਿਤ ਹੋ ਕੇ ਕਹਾਣੀ ਲਿਖਣ ਦੀ ਸ਼ੁਰੂਆਤ ਕੀਤੀ।ਉਪਰੰਤ ਹੋਏ ਕਵੀ ਦਰਬਾਰ 'ਚ ਗੁਲਜ਼ਾਰ ਸਿੰਘ ਸ਼ੌਂਕੀ, ਅਮਰਜੀਤ ਅਮਨ, ਰਜਿੰਦਰ ਪਾਲ, ਮੀਤ ਸਕਰੌਦੀ, ਰਜਿੰਦਰ ਰਾਜਨ, ਸੁਖਵਿੰਦਰ ਲੋਟੇ, ਕਰਮ ਸਿੰਘ ਜ਼ਖ਼ਮੀ, ਸੁਖਦੇਵ ਸਿੰਘ ਔਲਖ, ਸੁਰਿੰਦਰ ਸ਼ਰਮਾ ਹਰਚੰਦਪੁਰੀ, ਸਰਬਜੀਤ ਸੰਗਰੂਰਵੀ, ਪਵਨ ਹੋਸ਼ੀ, ਪਰਮਿੰਦਰ ਸਿੰਘ, ਅਮਰ ਗਰਗ ਕਲਮਦਾਨ, ਰਮੇਸ਼ ਜੈਨ, ਕੁਲਵਿੰਦਰ ਬੰਟੀ, ਚਰਨਜੀਤ ਕੈਂਥ, ਗੁਰਦੀਪ ਕੈਂਥ, ਜਗਸੀਰ ਮੂਲੋਵਾਲ, ਸੁਖਵਿੰਦਰ ਸੁੱਖੀ, ਗੁਰਦੀਪ ਮਹੌਣ, ਰਣਜੀਤ ਆਜ਼ਾਦ ਕਾਂਝਲਾ, ਸੱਤਪਾਲ ਪ੍ਰਾਸ਼ਰ, ਸੁਖਦੇਵ ਪੇਂਟਰ, ਜਗਜੀਤ ਲੱਡਾ, ਦੇਵੀ ਸਰੂਪ ਮੀਮਸਾ, ਗੁਰਮੇਲ ਘਨੌਰ, ਨਿਰਮਲ ਫਲੌਂਡ, ਮਨਜੀਤ ਬਖਸ਼ੀ, ਗੁਰਮੀਤ ਆਨੰਦ, ਅਸ਼ੋਕ ਭੰਡਾਰੀ, ਰਣਜੀਤ ਸਿੰਘ ਗਜ਼ਲਗੋ, ਪ੍ਰਿੰ: ਸੰਤ ਸਿੰਘ ਬੀਲ੍ਹਾ ਤੇ ਹਰਬੰਸ ਸਿੰਘ ਧੂਰੀ ਨੇ ਆਪੋ ਅਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੁੱਖ ਮਹਿਮਾਨ ਵਜੋਂ ਪਵਨ ਹਰਚੰਦਪੁਰੀ ਨੇ ਅਪਣੇ ਸੰਬੋਧਨ 'ਚ ਕਿਹਾ ਕਿ ਅੱਜ ਦੇ ਹਾਲਾਤ ਨਾਲ ਨਜਿੱਠਣ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ।ਪ੍ਰੋਗਰਾਮ ਦੇ ਅੰਤ ਵਿੱਚ ਸਭਾ ਵੱਲੋਂ ਦੋਵੇਂ ਮਹਿਮਾਨ ਸਾਹਿਤਕਾਰਾਂ ਨੂੰ ਸ਼ਾਲ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

# ਮਾਡਰਨ ਕਾਲਜ 'ਚ ਗਣਤੰਤਰ ਦਿਵਸ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਗਣਤੰਤਰ ਦਿਵਸ ਬੜੇ ਉਤਸ਼ਾਹ ਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਓ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ।ਇਸ ਤੋਂ ਬਾਅਦ ਸਾਰੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ। ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਭਰੇ ਗੀਤ, ਭਾਸ਼ਣ, ਕਵਿਤਾਵਾਂ ਤੇ ਸੰਸਕ੍ਰਿਤਿਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ।ਪ੍ਰਿੰਸੀਪਲ ਡਾਕਟਰ ਵੀ. ਕੇ. ਰਾਓ ਨੇ ਆਪਣੇ ਸੰਬੋਧਨ ਵਿੱਚ ਸੰਵਿਧਾਨ ਦੀ ਮਹੱਤਤਾ ਅਤੇ ਨੌਜਵਾਨਾਂ ਦੀ ਦੇਸ਼ ਨਿਰਮਾਣ ਵਿੱਚ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ।ਸਮਾਰੋਹ ਦੇ ਅੰਤ ਵਿੱਚ ਮਿੱਠਾਈ ਵੰਡ ਕੇ ਕਾਰਜਕ੍ਰਮ ਦਾ ਸਮਾਪਨ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਡਾ. ਵੀ. ਕੇ. ਰਾਓ, ਚੇਅਰਮੈਨ ਡਾ. ਰਵਿੰਦਰ ਬਾਂਸਲ, ਮਹਿੰਦਰਪਾਲ ਬਾਤਿਸ਼, ਰਜਿੰਦਰ ਸਿੰਘ, ਜਗਤਾਰ ਸਿੰਘ, ਅਮਨਜੀਤ ਗਰੇਵਾਲ, ਸੋਨੀਆ ਗੋੜ, ਇੰਦਰਜੀਤ ਕੌਰ, ਵੀਰਪਾਲ ਕੌਰ,ਦੀਪਕ ਸ਼ਰਮਾ, ਨੀਲਮ ਸੋਹੀ ਆਦਿ ਮੌਜੂਦ ਰਹੇ।



**ਡੀ ਐੱਸ ਪੀ ਜੋਰਾ ਸਿੰਘ ਕਾਂਗਰਾ ਨੂੰ ਸਨਮਾਨਤ ਕਰਦੇ ਹੋਏ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆ, ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ, ਵਿਧਾਇਕ ਮੈਡਮ ਅਮਨਦੀਪ ਕੌਰ ਅਰੋੜਾ ਮੋਗਾ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨਿਹਾਲ ਸਿੰਘ ਵਾਲਾ, ਵਿਧਾਇਕ ਲਾਡੀਢੋਸ ਧਰਮਕੋਟ ਤੇ ਹੋਰ।** (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)



ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਮਾਣਯੋਗ ਡੀ ਜੀ ਪੀ ਗੌਰਵ ਯਾਦਵ ਵੱਲੋਂ ਪਰਭਜੋਤ ਕੌਰ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ 'ਤੇ ਸਨਮਾਨ ਕੀਤਾ ਗਿਆ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)



ਹਲਕਾ ਘਨੌਰ ਦੇ ਵਿਧਾਇਕ ਸ੍ਰ: ਗੁਰਲਾਲ ਸਿੰਘ ਘਨੌਰ ਵੱਲੋਂ ਸ੍ਰ: ਰਘਵੀਰ ਸਿੰਘ ਗੋਪਾਲਪੁਰ ਦਾ ਜ਼ਿਲ੍ਹਾ ਪ੍ਰਧਾਨ-ਵਿਰਾਸਤ ਸੇਵਾ ਸੰਗਠਨ ਲੱਗਣ, ਸ੍ਰ: ਕੀਰਤ ਸਿੰਘ ਸੇਹਰਾ ਨੂੰ ਮੈਂਬਰ ਵਪਾਰ ਕਮਿਸ਼ਨ ਲੱਗਣ ਤੇ ਅਕਾਸ਼ਦੀਪ ਸਿੰਘ ਦਾ ਵੀ ਸਨਮਾਨ ਕੀਤਾ ਗਿਆ।ਇਸ ਮੌਕੇ ਇਕਬਾਲ ਸਿੰਘ ਸੈਕਟਰੀ, ਧਨਵੰਤ ਸਿੰਘ ਹਰਪਾਲਪੁਰ, ਦਰਸ਼ਨ ਸਿੰਘ ਦਸਮੇਸ਼ ਨਗਰ ਤੇ ਹੋਰ ਸਾਥੀ ਮੌਜੂਦ ਸਨ। (ਫੋਟੋ ਤੇ ਵੇਰਵਾ : ਰਮੇਸ਼ ਕਟਾਰੀਆ, ਰਾਜਪੁਰਾ)

# ਦੇਸ਼ ਭਗਤ ਗਲੋਬਲ 'ਚ ਗਣਤੰਤਰ ਦਿਵਸ ਮੌਕੇ ਤਿਰੰਗਾ ਲਹਿਰਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਚੱਲ ਰਹੇ ਦੇਸ਼ ਭਗਤ ਗਲੋਬਲ ਸਕੂਲ ਵਿੱਚ 77ਵੇਂ ਗਣਤੰਤਰ ਦਿਵਸ ਮੌਕੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਤਿਰੰਗਾ ਝੰਡਾ ਲਹਿਰਾਇਆ ਗਿਆ।ਝੰਡਾ ਲਹਿਰਾਉਣ ਦੀ ਰਸਮ ਤੋਂ ਪਹਿਲਾਂ ਕੌਮੀ ਸ਼ਹੀਦ ਲਾਲ ਸਿੰਘ ਤਾਮਰ ਪੱਤਰ ਨਾਲ ਸਨਮਾਨਤ ਨੂੰ ਸ਼ਰਧਾ ਪੂਰਵਕ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਦੇ ਪ੍ਰਿੰਸੀਪਲ ਰੁਪਿੰਦਰ ਬੁੱਟਰ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਫਾਰਮੈਸੀ ਦੇ ਪ੍ਰਿੰਸੀਪਲ ਮਨੀਸ਼ ਜੋਸ਼ੀ, ਆਈਟੀ ਕੈਂਪਸ ਦੇ ਡੀ ਜੀ ਐੱਮ ਵਰਿੰਦਰ ਮਦਾਨ, ਸੁਪ੍ਰਿੰਟੈਂਡੈਂਟ ਦੇਸ਼ ਭਗਤ ਕੈਂਪਸ ਮੇਜਰ ਚੰਦ, ਅਕਾਊਂਟੈਂਟ ਦੇਸ਼ ਭਗਤ ਕੈਂਪਸ ਨਵਦੀਪ ਸਿੰਘ, ਸੁਪਰਵਾਈਜ਼ਰ ਦੇਸ਼ ਭਗਤ ਕੈਂਪਸ ਦਿਲਬਾਗ ਸਿੰਘ ਬਾਗੀ ਤੇ ਸਮੂਹ ਸਟਾਫ ਵੱਲੋਂ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਅਤੇ ਰਾਸ਼ਟਰੀ ਗੀਤ ਗਾ ਕੇ ਦੇਸ਼ ਪ੍ਰਤੀ ਆਪਣੀ ਨਿਭਾ ਪ੍ਰਗਟ ਕੀਤੀ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਆਪਣੇ ਸੰਦੇਸ਼ ਵਿੱਚ ਸੰਵਿਧਾਨ ਦੀ ਮਹੱਤਤਾ ਤੇ ਦੇਸ਼ ਦੇ ਨਾਗਰਿਕਾਂ ਦੇ ਕਰਤੱਵਾਂ ਬਾਰੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਾਨੂੰ ਭਾਰਤੀ ਸੰਵਿਧਾਨ ਦੀ ਮਹੱਤਤਾ ਤੇ ਦੇਸ਼ ਦੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ।ਵਿਦਿਆਰਥੀਆਂ ਨੂੰ ਸੱਚਾਈ, ਅਨੁਸ਼ਾਸਨ ਤੇ ਦੇਸ਼ਭਗਤੀ ਦੇ ਮਾਰਗ 'ਤੇ ਚਲ ਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਇੱਕ ਜ਼ਿੰਮੇਵਾਰ ਤੇ ਇਮਾਨਦਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਗਣਤੰਤਰ ਦਿਵਸ ਸਾਨੂੰ ਸਮਾਨਤਾ, ਆਜ਼ਾਦੀ ਤੇ ਭਾਈਚਾਰੇ ਦੇ ਮੂਲ ਮੂਲਿਆਂ ਦੀ ਯਾਦ ਦਿਵਾਉਂਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਕਰਤਵਾਂ ਨੂੰ ਵੀ ਸਮਝਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸਿੱਖਿਆ ਰਾਹੀਂ ਹੀ ਅਸੀਂ ਇੱਕ ਮਜ਼ਬੂਤ ਤੇ ਵਿਕਸਤ ਭਾਰਤ ਦਾ ਨਿਰਮਾਣ ਕਰ ਸਕਦੇ ਹਾਂ।

# ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 2 ਨੂੰ ਮਨਾਇਆ ਜਾਵੇਗਾ

**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼੍ਰੀ ਗੁਰੂ ਰਵਿਦਾਸ ਵੈੱਲਫੇਅਰ ਸੋਸਾਇਟੀ ਪੱਤੀ ਝਾੜੋਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ।ਜਾਣਕਾਰੀ ਦਿੰਦਿਆਂ ਕਮੇਟੀ ਮੀਤ ਪ੍ਰਧਾਨ ਰੂਪ ਸਿੰਘ, ਧਿਆਨ ਸਿੰਘ, ਖਜ਼ਾਨਚੀ ਜਰਨੈਲ ਸਿੰਘ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਸਬੰਧੀ 31 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਹੋਣਗੇ ਤੇ ਮਹਾਨ ਨਗਰ ਕੀਰਤਨ ਕੱਢਿਆ ਜਾਵੇਗਾ ਅਤੇ 2 ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਇਸ ਮੌਕੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ ਤੇ ਸੰਗਤਾਂ ਲਈ ਵੱਖ-ਵੱਖ ਲੰਗਰ ਵੀ ਲਗਾਏ ਜਾਣਗੇ।

# ਜੀਵਨ ਬੀਮਾ ਰਾਸ਼ੀ 10 ਲੱਖ ਰੁਪਏ ਕਰਨਾ ਸ਼ਲਾਘਾਯੋਗ : ਚੇਅਰਮੈਨ ਘੁੱਲੀ



**ਸੰਗਾਲਾ (ਰਣਜੀਤ ਸਿੰਘ ਪੇਧਨੀ)**

ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਜੀਵਨ ਬੀਮਾ ਰਾਸ਼ੀ ਨੂੰ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰਨ ਦੇ ਫ਼ੈਸਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਨੇ ਕਿਹਾ ਕਿ ਇਹ ਫ਼ੈਸਲਾ ਆਮ ਲੋਕਾਂ, ਕ੍ਰਮਚਾਰੀਆਂ ਤੇ ਉਨ੍ਹਾਂ ਦੇ ਪਰਵਾਰਾਂ ਲਈ ਵੱਡੀ ਰਾਹਤ ਹੈ ਅਤੇ ਸਮਾਜਿਕ ਸੁਰੱਖਿਆ ਦੀ ਦਿਸ਼ਾ ਵਿੱਚ ਸਰਕਾਰ ਦਾ ਇੱਕ ਇਤਿਹਾਸਕ ਕਦਮ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਮਹਿੰਗਾਈ ਲਗਾਤਾਰ ਵਧ ਰਹੀ ਹੈ ਤੇ ਕਿਸੇ ਵੀ ਅਣਹੋਣੀ ਦੀ ਸਥਿਤੀ ਵਿੱਚ ਪਰਿਵਾਰ ਲਈ ਆਰਥਿਕ ਸੁਰੱਖਿਆ ਬਹੁਤ ਜ਼ਰੂਰੀ ਹੈ।ਅਜਿਹੇ ਵਿੱਚ ਜੀਵਨ ਬੀਮਾ ਰਾਸ਼ੀ ਨੂੰ ਦੁੱਗਣਾ ਕਰਨਾ ਪੰਜਾਬ ਸਰਕਾਰ ਦੀ ਦੂਰਦਰਸ਼ੀ ਸੋਚ ਤੇ ਜਨਹਿਤ ਪ੍ਰਤੀ ਉਸ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਭਵਿੱਖ ਵਿੱਚ ਮਜ਼ਬੂਤੀ ਮਿਲੇਗੀ।ਉਨ੍ਹਾਂ ਇਸ ਮਹੱਤਵਪੂਰਨ ਫੈਸਲੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਗਾਤਾਰ ਜਨ-ਕਲਿਆਣਕ ਫੈਸਲੇ ਲੈ ਰਹੀ ਹੈ।


**PUNJAB NATIONAL BANK**
BRANCH:- SARABHA NAGAR, DISTT. LUDHIANA. Email:-bo2404@pnb.co.in

## ( ਰੂਲ-8 (1) ) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ, ਸਰਾਭਾ ਨਗਰ, ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13(2) ਤਹਿਤ ਹੇਠਾਂ ਦਰਸਾਈ ਮਿਤੀਆਂ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਸਰਾਭਾ ਨਗਰ, ਲੁਧਿਆਣਾ ਨੂੰ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ, ਜੋ ਵੀ ਹੋਵੇ ਤੇ ਲਾਗਤਾਂ ਆਦਿ ਸਮੇਤ ਵਸੂਲੀ ਦਾ ਹੱਕਦਾਰ ਬਣਾਵੇਗਾ। ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ | ਰਹਿਣ ਕੀਤੀ ਜਾਇਦਾਦ/ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : (1) ਸ੍ਰੀ ਚੰਦਰ ਪ੍ਰਕਾਸ਼ ਪੁੱਤਰ ਸ੍ਰੀ ਮੋਹਨ ਦਾਸ #ਮਕਾਨ ਨੰ. 108, ਨਿਊ ਟੈਗੋਰ ਨਗਰ, ਨੇੜੇ ਭੂਰੀ ਵਾਲਾ ਗੁਰਦੁਆਰਾ, ਡਰੀਮ ਲੈਂਡ, ਹੈਬੋਵਾਲ ਕਲਾਂ, ਲੁਧਿਆਣਾ 141001 (2) ਅਮਿਤ ਬਕਸ਼ੀ ਪੁੱਤਰ ਸ੍ਰੀ ਚੰਦਰ ਪ੍ਰਕਾਸ਼ ਬਕਸ਼ੀ #ਮਕਾਨ ਨੰ. 108, ਨਿਊ ਟੈਗੋਰ ਨਗਰ, ਨੇੜੇ ਭੂਰੀ ਵਾਲਾ, ਗੁਰਦੁਆਰਾ, ਡਰੀਮ ਲੈਂਡ, ਹੈਬੋਵਾਲ ਕਲਾਂ, ਲੁਧਿਆਣਾ 141001 (3) ਸ੍ਰੀ ਅਮਨ ਬਕਸ਼ੀ ਪੁੱਤਰ ਸ੍ਰੀ ਚੰਦਰ ਪ੍ਰਕਾਸ਼ ਬਕਸ਼ੀ #ਮਕਾਨ ਨੰ. 108, ਨਿਊ ਟੈਗੋਰ ਨਗਰ, ਨੇੜੇ ਭੂਰੀ ਵਾਲਾ ਗੁਰਦੁਆਰਾ, ਡਰੀਮ ਲੈਂਡ, ਹੈਬੋਵਾਲ ਕਲਾਂ, ਲੁਧਿਆਣਾ 141001 (ਕਰਜ਼ਦਾਰ/ਰਹਿਣਕਾਰ) | ਅਚੱਲ ਜਾਇਦਾਦ ਦਾ ਇਕੁਟੇਬਲ ਮਾਰਟਗੇਟ ਰਕਬਾ 200 ਵਰਗ ਗਜ਼, ਖਸਰਾ 33//91/1 ਖਾਤਾ ਨੰ. 676/760, ਜਮ੍ਹਾਂਬੰਦੀ ਸਾਲ 1986-87 ਅਨੁਸਾਰ (ਖਾਤਾ ਨੰ. 802/876 ਜਮ੍ਹਾਂਬੰਦੀ 2011-12) ਅਨੁਸਾਰ ਹੱਦਬਸਤ ਨੰ. 102, ਪਤਾ ਨਿਊ ਟੈਗੋਰ ਨਗਰ ਨੇੜੇ ਭੂਰੀ ਵਾਲਾ ਗੁਰਦੁਆਰਾ, ਡਰੀਮ ਲੈਂਡ ਪਿੰਡ ਹੈਬੋਵਾਲ ਕਲਾਂ, ਤਹਿ. ਤੇ ਜ਼ਿਲ੍ਹਾ ਲੁਧਿਆਣਾ ਵਸੀਕਾ ਨੰ. 19650 ਮਿਤੀ 27.02.1989 ਅਨੁਸਾਰ ਸ੍ਰੀ ਚੰਦਰ ਪ੍ਰਕਾਸ਼ ਪੁੱਤਰ ਸ੍ਰੀ ਮੋਹਨ ਦਾਸ ਅਤੇ ਅਮਿਤ ਬਕਸ਼ੀ ਤੇ ਅਮਨ ਬਕਸ਼ੀ ਦੋਵੇਂ ਪੁੱਤਰ ਸ੍ਰੀ ਚੰਦਰ ਪ੍ਰਕਾਸ਼ ਬਖ਼ਸ਼ੀ ਦੇ ਨਾਂਅ। | 15.04.2023 | 23.01.2026 | ਸੰਕੇਤਕ ਕਬਜ਼ਾ / ਰੁਪਏ 10,25,904.03 (ਰੁਪਏ ਦਸ ਲੱਖ ਪੱਚੀ ਹਜ਼ਾਰ ਨੌਂ ਸੌ ਚਾਰ ਰੁਪਏ ਅਤੇ ਤਿੰਨ ਪੈਸੇ ਕੇਵਲ) 13.04.2023 ਤੱਕ ਬਕਾਇਆ ਜਮ੍ਹਾਂ ਹੋਰ ਵਿਆਜ ਹੋਰ ਚਾਰਜਿਜ਼ ਤੇ ਖਰਚੇ, ਜੋ ਵੀ ਹੋਣ 14.04.2023 ਤੋਂ ਲਾਗੂ |

ਮਿਤੀ : 27.01.2026 ਸਥਾਨ : ਲੁਧਿਆਣਾ ਅਧਿਕਾਰਤ ਅਫ਼ਸਰ



**DEBTS RECOVERY TRIBUNAL CHANDIGARH(DRT 3)**
Ground Floor, SCO No.33-34-35, Sector-17-A, Chandigarh - 160017

## ਮੁਕੱਦਮਾ ਨੰ. ਓ ਏ/163/2021

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ ਈ ਐੱਕਸ ਐੱਚ ਨੰ. 28791

**ਇੰਡੀਆ ਬੈਂਕ**
**ਬਨਾਮ**
**ਮੈਸਰਜ਼ ਐੱਲ ਬੀ ਇੰਟਰਪ੍ਰਾਈਜਜ਼ ਅਤੇ ਹੋਰ**

ਸੇਵਾ 'ਚ

(1) ਮੈਸਰਜ਼ ਐੱਲ ਬੀ ਐਂਟਰਪ੍ਰਾਈਜ਼ਜ਼ ਇਸ ਦੇ ਦਫ਼ਤਰ ਦੁਕਾਨ ਨੰ. 2, ਪਹਿਲੀ ਮੰਜ਼ਲ, ਜੀਵਨ ਕੰਪਲੈਕਸ, ਸਾਹਮਣੇ ਮਸਜਿਦ ਸੂਫੀਆਂ ਚੌਕ, ਕਿਦਵਈ ਨਗਰ, ਲੁਧਿਆਣਾ, ਪੰਜਾਬ ਰਾਹੀਂ ਇਸ ਦੇ ਮਲਕ ਮੁਹੰਮਦ ਸ਼ਿਬਲੀ (ਦੂਜਾ ਪਤਾ) : ਮਿੱਲ ਕੰਪਾਊਂਡ ਗੇਟ ਨੰ. 3, ਬਾਜੜਾ ਰੋਡ, ਰਾਹੋਂ ਰੋਡ, ਲੁਧਿਆਣਾ

(2) ਮੁਹੰਮਦ ਸ਼ਿਬਲੀ ਪੁੱਤਰ ਅਖਲੇਕ ਅਹਿਮਦ ਵਾਸੀ ਮਕਾਨ ਨੰ. 458/2-ਏ, ਕਿਦਵਈ ਨਗਰ, ਲੁਧਿਆਣਾ, ਪੰਜਾਬ-141008

## ਸੰਮਨ

ਜਦੋਂ ਕਿ ਓ ਏ/163/2021 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 17.12.2025 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 26,33,735/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ। ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :

(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।

(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।

(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਓਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।

(iv) ਜਿਹੜੀ ਸਕਿਓਰਿਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।

(v) ਸਕਿਓਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਓਰਿਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।

ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 09.03.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।

ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 07.01.2026 ਨੂੰ ਜਾਰੀ ਕੀਤਾ ਗਿਆ।

**ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ**



**Punjab National Bank**
Branch Office:- Rahon Road, DISTT. LUDHIANA

## ਵਿਕਰੀ ਦੀ ਜਾਣਕਾਰੀ ਹਿੱਤ ਕਰਜ਼ਦਾਰ ਨੂੰ ਨੋਟਿਸ (30 ਦਿਨਾ ਨੋਟਿਸ) ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦਾ ਰੂਲ 8 (6)

ਸੇਵਾ 'ਚ 19.01.2026

(ਕਰਜ਼ਦਾਰ/ਰਹਿਣਕਾਰ) : ਸ੍ਰੀਮਤੀ ਅਮਰੇਸ਼ ਰਾਣੀ ਪਤਨੀ ਸ੍ਰੀ ਜਤਿੰਦਰ # ਮਕਾਨ ਨੰ. ਸੀ-1138, ਗਲੀ ਨੰ. 1, ਪਿੰਡ ਬਾਜੜਾ, ਵਾਰਡ ਨੰ. 3, ਜ਼ਿਲ੍ਹਾ ਲੁਧਿਆਣਾ।

(2) (ਕਰਜ਼ਦਾਰ): ਸ੍ਰੀ ਜਤਿੰਦਰ ਕੁਮਾਰ ਪੁੱਤਰ ਸ੍ਰੀ ਸ਼ੀਸ਼ਪਾਲ ਸਿੰਘ # ਮਕਾਨ ਨੰ. ਸੀ-1138, ਗਲੀ ਨੰ. 1, ਪਿੰਡ ਬਾਜੜਾ, ਵਾਰਡ ਨੰ. 3, ਜ਼ਿਲ੍ਹਾ ਲੁਧਿਆਣਾ।

ਸ੍ਰੀਮਾਨ/ਸ੍ਰੀਮਤੀ

**ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ, 2002 ਦੇ ਸੈਕਸ਼ਨ 13(8) ਅਧੀਨ ਰਜਿਸਟਰਡ ਨੋਟਿਸ**

ਤੁਹਾਨੂੰ ਪੱਤਰ ਹਾਸਲ ਕਰਨ ਵਾਲਿਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਚੱਲ/ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਪੀ ਐੱਨ ਬੀ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਨੇ ਸੰਕੇਤਕ/ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ, ਪੰਜਾਬ ਨੈਸ਼ਨਲ ਬੈਂਕ ਸਕਿਉਰਡ ਕ੍ਰੈਡਿਟਰ ਦੀ (1) (ਕਰਜ਼ਦਾਰ/ਰਹਿਣਕਾਰ)-ਸ੍ਰੀਮਤੀ ਅਮਰੇਸ਼ ਰਾਣੀ ਪਤਨੀ ਸ੍ਰੀ ਜਤਿੰਦਰ # ਮਕਾਨ ਨੰ. ਸੀ-1138, ਗਲੀ ਨੰ. 1, ਪਿੰਡ ਬਾਜੜਾ, ਵਾਰਡ ਨੰ. 3, ਜ਼ਿਲ੍ਹਾ ਲੁਧਿਆਣਾ। (2) (ਕਰਜ਼ਦਾਰ) ਸ੍ਰੀ ਜਤਿੰਦਰ ਕੁਮਾਰ ਪੁੱਤਰ ਸ੍ਰੀ ਸ਼ੀਸ਼ਪਾਲ ਸਿੰਘ # ਮਕਾਨ ਨੰ. ਸੀ-1138, ਗਲੀ ਨੰ. 1, ਪਿੰਡ ਬਾਜੜਾ, ਵਾਰਡ ਨੰ. 3, ਜ਼ਿਲ੍ਹਾ ਲੁਧਿਆਣਾ ਵੱਲੋਂ 26.08.2025 ਨੂੰ ਬਕਾਇਆ ਰਕਮ ਰੁਪਏ 8,93,230.40/- (ਅੱਠ ਲੱਖ ਤਿਰੰਨਵੇ ਹਜ਼ਾਰ ਦੋ ਸੌ ਤੀਹ ਰੁਪਏ ਅਤੇ ਚਾਲੀ ਪੈਸੇ ਕੇਵਲ) ਜਮ੍ਹਾਂ ਇਸ 'ਤੇ 27.08.2025 ਤੋਂ ਹੋਰ ਵਿਆਜ, ਹੋਰ ਚਾਰਜਿਜ਼ ਅਤੇ ਪੂਰੀ ਅਦਾਇਗੀ ਵਸੂਲੀ ਘਟਾ ਕੇ (ਜੇ ਕੋਈ ਹੋਈ) ਸਰਫੇਸੀ ਐਕਟ ਦੇ ਸੈਕਸ਼ਨ 13(2) ਤਹਿਤ 27.08.2025 ਨੂੰ ਜਾਰੀ ਡਿਮਾਂਡ ਨੋਟਿਸ ਅਨੁਸਾਰ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।

ਜਿਨ੍ਹਾਂ ਸਕਿਉਰਡ ਐੱਸਟਸ ਦੀ ਵਿਕਰੀ ਕੀਤੀ ਜਾਣੀ ਹੈ, ਦੇ ਵੇਰਵੇ ਹੇਠਾਂ ਦਰਸਾਏ ਗਏ ਹਨ :

ਬੈਨਾਮਾ ਵਸੀਕਾ ਨੰ. 2019-20/106/1/1683 ਮਿਤੀ 23/10/2019 ਅਨੁਸਾਰ ਸ੍ਰੀ ਅਮਰੇਸ਼ ਰਾਣੀ ਪਤਨੀ ਸ੍ਰੀ ਜਤਿੰਦਰ ਕੁਮਾਰ ਦੇ ਨਾਂਅ ਕੁਲ ਜਾਇਦਾਦ ਦਾ ਉਚਿਤ ਗਿਰਵੀਨਾਮਾ, ਰਕਬਾ 60 ਵਰਗ ਗਜ਼, ਪਲਾਟ/ਮਕਾਨ ਨੰ. 88-ਏ, ਖਸਰਾ ਨੰ. 26//10/2-11-12/1-13/1/2/20-21/1, ਖੱਤਾ ਨੰ. 49/51 ਜਮ੍ਹਾਂਬੰਦੀ ਸਾਲ 2012-13, ਪਿੰਡ ਕਾਕਾ ਕਲੋਨੀ ਵਿਖੇ ਸਥਿਤ, ਹੱਦਬਸਤ ਨੰ. 68, ਕਾਕਾ ਕਲੋਨੀ ਵਜੋਂ ਜਾਣੀ ਜਾਂਦੀ ਜਗ੍ਹਾ, ਨੇੜੇ ਸੱਚਖੰਡ ਗੁਰਦੁਆਰਾ, ਰਾਹੋਂ ਰੋਡ, ਤਹਿ. ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ ਇਸ ਤਰ੍ਹਾਂ ਹਨ:- ਪੂਰਬ : ਗੁਆਂਢ 18'-00", ਪੱਛਮ : ਗਲੀ 20' ਚੌੜੀ 18'-00", ਉੱਤਰ : ਆਸ਼ਾ 30'-00", ਦੱਖਣ : ਗੁਆਂਢ 30'-00"

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸਰਫੇਸੀ ਐਕਟ ਦੇ ਸੈਕਸ਼ਨ 13(8) ਅਨੁਸਾਰ ਤੁਸੀਂ ਉਕਤ ਸਕਿਉਰਡ ਐੱਸਟ ਸਾਰੇ ਬਕਾਏ ਦੀ ਅਦਾਇਗੀ ਕਰਕੇ 30 ਦਿਨਾਂ ਦੇ ਅੰਦਰ ਪੁਨਰਗ੍ਰਹਿਣ ਕਰ ਸਕਦੇ ਹੋ। ਉਕਤ ਸੈਕਸ਼ਨ 13 ਦਾ ਸਬ-ਸੈਕਸ਼ਨ 8 ਹੇਠ ਅਨੁਸਾਰ ਹੈ :-

"ਜਿੱਥੇ ਸਕਿਉਰਡ ਕ੍ਰੈਡਿਟਰ ਦੀ ਬਕਾਇਆ ਸਾਰੀ ਰਕਮ ਸਮੇਤ ਉਸ ਦੀਆਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚਿਆਂ ਦੇ ਸਕਿਉਰਡ ਕ੍ਰੈਡਿਟਰ ਨੂੰ ਜਨਤਕ ਨਿਲਾਮੀ ਨੋਟਿਸ ਜਾਂ ਕੁਟੇਸ਼ਨਾਂ ਦਾ ਸੱਦਾ ਦੇਣ ਜਾਂ ਜਨਤਾ ਤੋਂ ਟੈਂਡਰ ਸੱਦਣ ਜਾਂ ਲੀਜ਼ ਰਾਹੀਂ ਤਬਾਦਲੇ ਸੰਬੰਧੀ ਨਿੱਜੀ ਸੰਧੀ, ਇਕਰਾਰਨਾਮਾ ਜਾਂ ਸਕਿਉਰਡ ਐੱਸਟਸ ਦੀ ਵਿਕਰੀ ਤੋਂ ਪਹਿਲਾਂ ਸਕਿਉਰਡ ਕ੍ਰੈਡਿਟਰ ਨੂੰ ਜਮ੍ਹਾਂ ਕਰਵਾ ਦਿੱਤੇ ਜਾਣ।

ਸਕਿਉਰਡ ਕ੍ਰੈਡਿਟਰ ਵੱਲੋਂ (i) ਸਕਿਉਰਡ ਐੱਸਟਸ ਲੀਜ਼, ਇਕਰਾਰਨਾਮੇ ਜਾਣਕਾਰੀ ਰਾਹੀਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ

(ii) ਜੇਕਰ ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼ ਜਾਂ ਇਕਰਾਰਨਾਮੇ ਰਾਹੀਂ ਸਕਿਉਰਡ ਐੱਸਟਸ ਸੰਬੰਧੀ ਸਬ-ਸੈਕਸ਼ਨ ਹੇਠ ਰਕਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਕੋਈ ਕਦਮ ਉਠਾਇਆ ਜਾ ਚੁੱਕਿਆ ਹੋਵੇਗਾ, ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼, ਇਕਰਾਰਨਾਮੇ ਜਾਂ ਵਿਕਰੀ ਰਾਹੀਂ ਅਗਲਾ ਕੋਈ ਕਦਮ ਨਹੀਂ ਚੁੱਕਿਆ ਜਾਵੇਗਾ।"

ਤੁਹਾਨੂੰ ਪੱਤਰ ਪ੍ਰਾਪਤ ਕਰਤਾ ਨੂੰ ਰੂਲਜ਼ 2002 ਦੇ ਰੂਲ 8(6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ ਦੇ ਸੈਕਸ਼ਨ 13(8) ਦੀ ਪਾਲਣਾ 'ਚ 30 ਦਿਨਾਂ ਦੇ ਅੰਦਰ 26.08.2025 ਨੂੰ ਮੌਜੂਦਾ ਬਕਾਇਆ ਰਕਮ ਰੁ. 8,93,230.40 (ਅੱਠ ਲੱਖ ਤਿਰੰਨਵੇਂ ਹਜ਼ਾਰ ਦੋ ਸੌ ਤੀਹ ਰੁਪਏ ਅਤੇ ਚਾਲੀ ਪੈਸੇ ਕੇਵਲ) ਸਮੇਤ ਇਸ 'ਤੇ 27.08.205 ਤੋਂ ਅਗਲੇ ਵਿਆਜ ਅਤੇ ਚਾਰਜਿਜ਼ ਅਦਾ ਕਰਕੇ ਉਕਤ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਉਕਤ ਦੀ ਨਿਲਾਮੀ ਰੱਖ ਦਿੱਤੀ ਜਾਵੇਗੀ ਅਤੇ ਵਿਕਰੀ ਨੋਟਿਸ ਦੀ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 9 (1) ਦੀ ਪਾਲਣਾ 'ਚ ਵਿਕਰੀ ਨੋਟਿਸ ਦੀ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

ਮਿਤੀ : 19.01.2026 ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਪੰਜਾਬ ਨੈਸ਼ਨਲ ਬੈਂਕ ਸਕਿਉਰਡ ਕ੍ਰੈਡਿਟਰ



## ਕਾਨੂੰਨੀ ਨੋਟਿਸ

[illegible]

ਵਿਕਰਮ ਦੀਪ (ਐਡਵੋਕੇਟ)
(ਨਾਮਜ਼ਦ ਭਾਈਵਾਲ)

# ਚਾਈਨਾ ਡੋਰ ਦੀ ਵਰਤੋਂ ਤੇ ਵਿਕਰੀ ਖਿਲਾਫ਼ ਸਖਤ ਕਾਨੂੰਨ ਬਣੇ : ਮਲੂਕਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਬਸੰਤ ਪੰਚਮੀ ਦੇ ਦਿਹਾੜੇ 'ਤੇ ਚਾਈਨਾ ਡੋਰ ਦੀ ਵਰਤੋਂ ਕਾਰਨ ਹਰ ਸਾਲ ਹੋ ਰਹੇ ਦਰਦਨਾਕ ਹਾਦਸੇ ਚਿੰਤਾ ਦਾ ਵਿਸ਼ਾ ਹਨ ਤੇ ਸਰਕਾਰ ਨੂੰ ਚਾਈਨਾ ਡੋਰ ਦੀ ਵਰਤੋਂ ਅਤੇ ਵਿਕਰੀ ਵਿਰੁੱਧ ਸਖਤ ਕਨੂੰਨ ਬਣਾਉਣੇ ਚਾਹੀਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਚਾਈਨਾ ਡੋਰ ਕਾਰਨ ਹੋਈ ਇੱਕ ਨੌਜਵਾਨ ਦੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਕੀਤਾ। ਮਲੂਕਾ ਨੇ ਕਿਹਾ ਕੇ ਸਰਕਾਰ ਤੇ ਪ੍ਰਸ਼ਾਸਨ ਹਰ ਸਾਲ ਚਾਈਨਾ ਡੋਰ ਦੀ ਵਿਕਰੀ ਰੋਕਣ ਸਬੰਧੀ ਅਭਿਆਨ ਚਲਾਉਣ ਦਾ ਦਾਅਵਾ ਕਰਦੀ ਹੈ। ਕੁੱਝ ਬਰਾਮਦਗੀ ਕਰਕੇ ਫੋਟੋ ਸੈਸ਼ਨ ਕਰਕੇ ਖਾਨਾਪੂਰਤੀ ਕੀਤੀ ਜਾਂਦੀ ਹੈ। ਪ੍ਰਸ਼ਾਸਨ ਦੇ ਨੱਕ ਹੇਠ ਜਾਨਲੇਵਾ ਡੋਰ ਸ਼ਰੇਆਮ ਵਿਕਦੀ ਰਹਿੰਦੀ ਹੈ। ਕਿਸੇ ਵੀ ਘਟਨਾ ਤੋਂ ਬਾਅਦ ਸਖਤ ਕਰਵਾਈ ਦੇ ਵੀ ਦਾਅਵੇ ਕੀਤੇ ਜਾਂਦੇ ਹਨ, ਜੋ ਸਮੇਂ ਨਾਲ ਠੁੱਸ ਹੋ ਜਾਂਦੇ ਹਨ। ਮਲੂਕਾ ਨੇ ਮੰਗ ਕੀਤੀ ਕੇ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਕਰਨ ਵਾਲਿਆਂ ਨੂੰ ਸਖਤ ਸਜਾ ਦੇਣ ਲਈ ਵਿਧਾਨ ਸਭਾ ਰਾਹੀਂ ਸਖਤ ਕਾਨੂੰਨ ਬਨਾਉਣਾ ਚਾਹੀਦਾ ਹੈ, ਜਿਸ ਵੀ ਪਤੰਗਬਾਜ਼ ਦੀ ਡੋਰ ਨਾਲ ਕੋਈ



ਹਾਦਸਾ ਹੋਵੇ, ਉਸ 'ਤੇ ਕਤਲ ਦੀਆਂ ਧਾਰਾਵਾਂ ਹੇਠ ਪਰਚਾ ਦਰਜ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਵਾਰਾ ਕੁੱਤਿਆਂ ਤੇ ਹੋਰ ਜਾਨਵਰਾਂ ਨਾਲ ਹੋਣ ਵਾਲੇ ਹਾਦਸੇ ਰੋਕਣ ਲਈ ਵੀ ਸਖਤ ਕਨੂੰਨ ਬਣਾਉਣ ਦੀ ਲੋੜ ਹੈ। ਦੁਨੀਆ ਦੇ ਵੱਡੇ ਵਿਕਸਤ ਦੇਸ਼ਾਂ ਚ ਮਨੁੱਖੀ ਅਧਿਕਾਰਾਂ ਤੇ ਜਾਨਾਂ ਬਚਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ ਤੇ ਇਨ੍ਹਾਂ ਮਾਮਲਿਆਂ 'ਚ ਸਖਤ ਕਨੂੰਨ ਲਾਗੂ ਕੀਤੇ ਜਾਂਦੇ ਹਨ। ਸਾਡੇ ਦੇਸ਼ 'ਚ ਮਨੁੱਖ ਦੀ ਜਾਨ ਤੇ ਅਧਿਕਾਰਾਂ ਨੂੰ ਲਾਗੂ ਕਰਨ ਦੇ ਮਾਮਲੇ 'ਚ ਜਾਨਵਰ ਪ੍ਰੇਮੀ ਧਾਰਮਿਕ ਤੇ ਹੋਰ ਕਈ ਸੰਸਥਾਵਾਂ ਅੜਿਕਾ ਬਣਦੀਆਂ ਹਨ, ਬੇਸ਼ੱਕ ਜਾਨਵਰ ਦੀ ਜਾਨ ਵੀ ਕੀਮਤੀ ਹੈ, ਪਰ ਮਨੁੱਖੀ ਅਧਿਕਾਰ ਤੇ ਜਾਨ ਦੀ ਹਿਫ਼ਾਜ਼ਤ ਪਹਿਲ ਦੇ ਅਧਾਰ 'ਤੇ ਹੋਣੀ ਚਾਹੀਦੀ ਹੈ।

# ਹਰਦੀਪ ਸਿੰਘ ਨੂੰ ਟਰੇਡ ਕਮਿਸ਼ਨ ਕਮੇਟੀ ਦਾ ਮੈਂਬਰ ਬਣਾਇਆ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ) ਆਮ ਆਦਮੀ ਪਾਰਟੀ ਵੱਲੋਂ ਹਰਦੀਪ ਸਿੰਘ ਆੜ੍ਹਤੀਆ ਮਾਛੀਕੇ ਨੂੰ ਵਿਧਾਨ ਸਭਾ ਦੇ ਟਰੇਡ ਕਮਿਸ਼ਨ ਕਮੇਟੀ ਦਾ ਮੈਂਬਰ ਲਾਇਆ ਗਿਆ, ਉੱਥੇ ਹਰਦੀਪ ਸਿੰਘ ਨੇ ਸਮੁੱਚੀ ਪਾਰਟੀ ਹਾਈਕਮਾਂਡ ਤੇ ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਹਲਕਾ ਨਿਹਾਲ ਸਿੰਘ ਵਾਲਾ ਤੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਤੇ ਦਵਿੰਦਰ ਤਖਤੂਪੁਰਾ ਸੰਗਠਨ



ਇੰਚਾਰਜ ਤੇ ਡਾ. ਜਗਦੇਵ ਸਿੰਘ ਬੱਬੂ ਮਾਛੀਕੇ ਸੋਸ਼ਲ ਮੀਡੀਆਂ ਹਲਕਾ ਇੰਚਾਰਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਪਾਰਟੀ ਲਈ ਦਿਨ-ਰਾਤ ਮਿਹਨਤ ਕਰਾਂਗਾ, ਉੱਥੇ ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪਾਰਟੀ ਦੇ ਹਰੇਕ ਮਿਹਨਤੀ ਵਰਕਰ ਨੂੰ ਪਾਰਟੀ ਵੱਲੋਂ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।

# ਵੱਖ-ਵੱਖ ਥਾਵਾਂ 'ਤੇ ਲਹਿਰਾਏ ਝੰਡੇ

## ਸਪੀਕਰ ਤੇ ਹੋਰਨਾਂ ਨੇ ਸਰਕਾਰ ਦੇ ਲੋਕ ਪੱਖੀ ਫੈਸਲਿਆਂ ਤੋਂ ਕਰਵਾਇਆ ਜਾਣੂ

ਚੰਡੀਗੜ੍ਹ- ਗਣਤੰਤਰ ਦਿਵਸ ਪੂਰੀ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਅਤੇ ਪੰਜਾਬ ਵਜ਼ਾਰਤ ਦੇ ਕੈਬਨਿਟ ਮੰਤਰੀਆਂ ਵੱਲੋਂ ਵੱਖ-ਵੱਖ ਜ਼ਿਲਾ ਪੱਧਰ ਉਤੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਜ਼ਿਲਾ ਵਾਸੀਆਂ ਨੂੰ ਸੰਬੋਧਨ ਕੀਤਾ, ਪਰੇਡ ਦਾ ਨਿਰੀਖਣ ਅਤੇ ਪਰੇਡ ਤੋਂ ਸਲਾਮੀ ਲਈ। ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ, ਡਿਪਟੀ ਸਪੀਕਰ ਅਤੇ ਕੈਬਨਿਟ ਮੰਤਰੀਆਂ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲਏ ਗਏ ਲੋਕ ਪੱਖੀ ਫੈਸਲਿਆਂ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਵੱਲੋਂ ਦਰਸਾਏ ਮਾਰਗ 'ਤੇ ਚਲਦਿਆਂ ਲਗਾਤਾਰ ਲੋਕ ਭਲਾਈ ਅਤੇ



ਪੰਜਾਬ ਦੀ ਬਿਹਤਰੀ ਲਈ ਕੰਮ ਰਹੇ ਹਾਂ।ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਰਾਜ ਦੇਸ਼ ਦਾ ਪਹਿਲਾ ਰਾਜ ਹੈ ਜੋ ਕਿ ਸੂਬੇ ਦੇ ਹਰੇਕ ਨਾਗਰਿਕ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਮੁਹੱਈਆ ਕਰਵਾ ਰਹੀ ਹੈ। ਇਸ ਤੋਂ ਇਲਾਵਾ ਮੁਫਤ ਬਿਜਲੀ, ਮਹਿਲਾਵਾਂ ਲਈ ਮੁਫਤ ਬੱਸ ਸੇਵਾ, ਯੁੱਧ ਨਸ਼ਿਆਂ ਵਿਰੁੱਧ, ਗੈਂਗਸਟਰਾਂ 'ਤੇ ਵਾਰ ਆਦਿ ਦਾ ਆਪਣੇ ਭਾਸ਼ਣਾਂ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਗਰੂਰ ਵਿਖੇ ਝੰਡਾ ਲਹਿਰਾਇਆ ਜਦ ਕਿ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਬਰਨਾਲਾ ਵਿਖੇ ਝੰਡਾ ਲਹਿਰਾਇਆ।ਕੈਬਨਿਟ ਮੰਤਰੀਆਂ ਵਿੱਚੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਠਿੰਡਾ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਪਠਾਨਕੋਟ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਫਿਰੋਜ਼ਪੁਰ, ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੇ ਫਰੀਦਕੋਟ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਹੀਦ ਭਗਤ ਸਿੰਘ ਵਿਖੇ ਕੌਮੀ ਝੰਡਾ ਲਹਿਰਾਇਆ।ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੰਮ੍ਰਿਤਸਰ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮਾਲੇਰਕੋਟਲਾ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ੍ਰੀ ਮੁਕਤਸਰ ਸਾਹਿਬ, ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਟਿਆਲਾ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਲੁਧਿਆਣਾ ਵਿਖੇ ਜ਼ਿਲਾ ਵਾਸੀਆਂ ਨੂੰ ਸੰਬੋਧਨ ਕੀਤਾ ਅਤੇ ਪਰੇਡ ਤੋਂ ਸਲਾਮੀ ਲਈ। ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਜਲੰਧਰ, ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਰੂਪਨਗਰ, ਸੰਸਦੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਮਾਨਸਾ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਤਰਨ ਤਾਰਨ ਵਿਖੇ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਐਸ.ਏ.ਐਸ. ਨਗਰ ਵਿਖੇ ਕੌਮੀ ਝੰਡਾ ਲਹਿਰਾਇਆ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Hitherto Known as Davinder Singh S/o Ralla Singh R/o VPO. Maksudpur, Teh. Bholath, Distt. Kapurthala, Punjab-144819 have changed my name and shall here-after be known as Singh Davinder. Please note.

I, Sarwan Singh S/o Gurdev Singh R/o VPO Khasa 443, Tehsil and District Amritsar have declare that Sarwan is my Given name and Singh is my Surname.

I, Sarabjit Kaur, Sarabjeet Kaur, Sarbjeet Kaur and Sarabhjeet Kaur W/o Manpreet Singh R/o H.No.60, Veer Enclave, Near Golden Gate, G.T Road, Amritsar have declare that above all names are mine one and same person.

I, Rakesh Kumar S/o Chandan Kumar R/o VPO. Nandachaur, District Hoshiarpur, Punjab-146114 have changed my name from Rakesh Kumar to Given Name as Rakesh & Surname as Kumar. Concerned Note.

I, Nandish Bhagat S/o Sh. Angad Raj R/o 71, Tower Enclave, Phase-2, Jalandhar, Punjab have split/changed my name from Nandish Bhagat to Nandish (Given Name) and Bhagat (Surname). All concerned please note.

I, hitherto known as Yogita W/o Sanjeev Sobti R/o H.No. ER 230, Pacca Bagh, Jalandhar, Punjab-144001 have changed my name and shall hereafter be known as Yogita Sobti.

I, Bunty S/O Inderjeet, R/o House No. 247, New Baldev Nagar, Jalandhar- I, PO: Industrial Town, Dist: Jalandhar, Punjab- 144004, have changed my name and shall here-after be Known as Bunty Anugrah.

I, Sikander S/o Gurdial Singh, R/o Maman, Gurdaspur, Rai Chak, Punjab- 143511, have changed my name and shall hereafter be Known as Sikander Gill.

I Gurmit Kaur W/o Chaman Lal R/O Vill. Mand Mour, P.O Rahimpur, Jalandhar-144801, Punjab Have Changed my Name From Gurmit kaur To Gurmeet kaur. All Concerned Please Note.

I, Baljit Kaur W/O Kuldeep Singh, R/O VPO-Zahura, Distt-Hoshiarpur, Punjab, 144203, I Want to Change my Name Baljeet Kaur. All concerned please note.

I, Lal Chand S/o Gurmit Lal, R/o Village Lesriwal, District Jalandhar, Punjab-144102 have changed my name from Lal Chand to Lal as given name and Chand as surname. All concerned please note.

I, Lovepreet Singh S/o Tara Singh R/o Village Bal Sarai khurd, Tehsil Baba Bakala, Amritsar-143001 (Punjab), have changed my name to Lovepreet Singh to Lovepreet as given name and Singh as Singh. All concerned please note.

I, Jessica D/o Salwinder Singh R/o H.No. 2, Dhiman Nagar Kapurthala Road, Jalandhar, Punjab have changed my name from Jessica to Jessica Jagdev. All concerned please note.

I hitherto known as MEENA RANI D/O MAST RAM W/O MOHAN SINGH, Residing at VPO Lambra Kangri, Hoshiarpur, Punjab 146113, have changed my name and shall here-after be known as MANDEEP KAUR.

I, Amrit singh, son of Vijay Kumar, holder of Indian Passport No. W6240408, issued at Toronto on 1/11/2022, permanent resident of Khalwara Road, Phagwara, Kapurthala, Pin:- 144401, Punjab, India and presently residing at 79 Bellchase trail, Brampton, ON, L6P3M1 do hereby change my name from Amrit Kumar to Amrit Singh with immediate effect.

I, Avtar s/o Devi Chand r/o VPO.Sudana, Distt.Jalandhar, Punjab have changed my name from Avtar to Avtar Singh. All Please Note.

I, Lakhwinder Kaur Alias Rupinder Kaur W/o Dilpreet Singh r/o Vill. Sakhowal, Po. Ghoman, Distt. Gurdaspur, Punjab have changed my name to Rupinder Kaur. All Please Note.

I, Rakesh Kumar Alias Sunny Kumar s/o Harmesh Lal r/o Vill.Akalgarh, Po & Teh. Phagwara, Distt. Kapurthala, Punjab-144401 have changed my name to Sunny Kumar. All Please Note.

I, Saksham Jaggi s/o Narinder Kumar Jaggi r/o 511, Link Road, Back Side Sat Kartar Dera Model Town, Jalandhar have changed my name to given name as Saksham & surname as Jaggi. All Please Note.

I, Meenu D/o Ramesh Chander W/o Viky Kumar R/o Po. Bhawanipur, Distt. Kapurthala, Punjab have changed my name from Meenu to Meenu Kumari. All Please Note.

I, Amrit Pal Singh s/o Jasvir Singh r/o H.No.106, Gupta Colony, Near Santgarh Gurudwara, Jalandhar have changed my name to Amrit Pal Singh Kudhail. All Please Note.

I, Sukhdev Singh S/o Gurwant Singh R/o Village Talwandi Sanghera, Po. Nangal Ambian, Distt. Jalandhar, Punjab have changed my name to Sukhdev Singh Sanghera. All Please Note.

I, Manjit Kaur W/o Jaspreet Singh R/o Vill. Narangpur, Po. Begowal, Tehsil Bholath, Distt. Kapurthala, Punjab have changed my name to Given name as Manjit & Surname as Kaur. All Please Note.

## Change of Name

I, Gurdial Singh S/o Paramjit Singh R/o VPO. Machrai, Distt. Gurdaspur, Punjab have changed my name from Gurdial Singh to Singh Gurdial. (Surname as Singh) All Please Note.

I, Sukhdev S/o Malkit Singh R/o H.No.BX-1659, Lamba Pind, Po. Choggiti, Distt. Jalandhar, Punjab have changed my name from Sukhdev to Sukhdev Singh (Singh as Surname) All Please Note.

I, Sodi Lal S/o Ratna Ram R/o Vill. Dhilwan, P.O. Dakoha, Distt. Jalandhar, Punjab-144023 have changed my name from Sodi Lal to Sodhi Lal. All Please Note.

I, Saraj Mohamad S/o Mehndi Shah R/o H.No. 152, Ward No. 08, Main Bazar, VPO. And Tehsil Bholath, Distt. Kapurthala, Punjab have changed the spelling of my name from Saraj Mohammad to Saraj Mohamad. All Please Note.

I, Narinder Singh S/O Raghbir Singh R/O Vill. Jhanjian Khurd, Po.fatehgarh Churian Tehsil Batala, Gurdaspur Pin Code :143602, Punjab, India, I Have Changed My Name From Narinder Singh To Singh Narinder, Surname As Singh And Given Name As Narinder.

I, Poonam Kumari W/O Varinder Kumar R/O Vpo. Kalanaur , District Gurdaspur, Punjab, India Pin Code 143512 , I Have Changed My Name From Punam Kumari To Poonam Kumari Please Note - Both Names Punam Kumari And Poonam Kumari Is Of One And Same Person.

I, Balraj Singh S/o Surjit Singh R/o Bhoya Fatehgarh, Amritsar, Punjab have changed my name from Balraj Singh to Singh is my surname and Balraj is my given name.

I, Sarwan Singh S/o Ram Singh R/o VPO Bal Kalan Block Majitha Distt Amritsar 143601 have changed my name from Sarwan Singh to Singh Sarwan

I, Sapna D/o Rajinder Pal R/o H.No.408, Gali Bhatrian Wali Chowk Bijli, Amritsar have changed my name from Sapna to Sapna Mahajan

I, Baljinder Singh S/o Angrej Singh Village Chak Mishri Khan Distt Amritsar have declare that Baljinder is my Given name and Singh is my surname

I, Angrej Singh S/o Sawinder Singh R/o VPO Saurian Tehsil Ajnala District Amritsar have declare that Angrej is my Given name and Singh is my Surname

I, Bakhshish Singh Bhullar S/o Kikkar Singh R/o Vill. Virkan Wali P.O Lohgarh Tehsil Zira Distt. Ferozepur have changed my name from Bakhshish Singh Bhullar to Bakhshish Singh Bhullar

I, Arshpreet Singh S/o Hardev Singh R/o Vill Chouce, PO Udhanwal Teh Batala, Gurdaspur have declare that Arshpreet is my Given name and Singh is my Surname

I, Gagandeep Kaur W/o Gurwinder Singh R/o VPO Dhurian Tehsil Ajnala District Amritsar have declare that Gagandeep is my Given name and Singh is my Surname

I, Harpreet Kaur W/o Jagjeet Singh R/o H.No.183, VPO Jagdev Kalan Tehsil Ajnala District Amritsar have changed my name from Harpreet Kaur to Harpreet Gill

I, Dilpreet Singh S/o Baldev Singh R/o Village Mari Udhoke Tehsil Patti District Tarn Taran have declare that Dilpreet is my Given name and Singh is my Surname

I, Saranjit Singh S/o Balbir Singh R/o Vill Hansawala PO Pindian, Taran have changed my name to Sharanjit Singh

I, Sonia D/o Raj Kumar R/o H.No.313/1, Gali No.9, Hindustani Basti Amritsar have changed my name from Sonia to Anjali and Date of Birth from 20.03.1997 to 21.02.2001

I, Vijay Kumar S/o Tilak Raj R/o 202/9, Ladowali Road, Preet Nagar Jalandhar have changed my name from Vijay Kumar To Vijay Kumar Kalia. All Please Note.

I, Jagjit Singh S/o Jagtar Singh R/o VPO Tarsikka Teh Baba Bakala Distt. Amritsar have changed my minor Son Name Ekamjot Singh to Singh is Surname and Ekamjot is Given Name.

I,Ravinder Singh S/O Malkit Singh Resident Of Vill Bakhatpur Po Bhandal Tehsil Kalanaur Distt. Gurdaspur State Punjab Pin Code 143511, do hereby declare that I have changed my name from Ravinder Singh to Singh Ravinder vide affidavit no IN-PB14470640728857Y Dated 26-01-2026.

I Kuljit Singh S/o Avtar Singh R/O VPO. Bachhauri Teh. Balachaur Distt. SBS Nagar Have Changed My Name to Singh Kuljit. Singh is My Surname. All Please Note.

I RAKESH S/o Sh. Nikka Ram R/o New Hardyal Nagar, Gali No 4, Kali Mata Mandir, PO. Sheikhe Pind, Distt Jalandhar, Punjab India have changed my name from RAKESH to RAKESH RAJBHAR. Please note.

I, Jaskaran S/o Mangat Ram R/o Village Chaharke, PO. Bhogpur, Distt. Jalandhar - 144201, Punjab have changed my name from Jaskaran to Jaskaran Singh. All concerned please note.

I, Meena W/o Sarjiwan Mehta R/o VPO Chabbewal Distt. Hoshiarpur Punjab have changed my name from Meena to Meena Mehta. Concerned note.

## Change of Name

I, Gurshan Singh Sangha S/o Gurjant Singh Sangha R/O Vill. Jadli, PO. Garle Dhaha, Tehsil Balachaur, Distt. S.B.S Nagar - 144526, Punjab have changed my name from Gurshan Singh Sangha to Sangha As Surname and Gurshan Singh As Given name. All note.

I, Daniel S/o Rajinder Singh R/o VPO Tanuli, Tehsil and Distt. Hoshiarpur (Pin -146001) Punjab, have changed my name from Dainel to Daniel Heer. Concerned note.

I, Meena Mehta W/o Sarjiwan Mehta R/o VPO Chabbewal Distt. Hoshiarpur Punjab have changed the name of my minor daughter from Jiya to Jiya Mehta. Concerned note.

I, Sukhdav Kaur W/oTarsem Singh, R/o Village Ramidi, District Kapurthala-144802 (Punjab) have changed my name from Sukhdav Kaur to Sukhdev Kaur. All Concerned please note. (12973)

I, Hajinder Kaur W/O Ravel Singh, Residence of ITI Road VPO Kalanaur, Tehsil Kalanaur, Gurdaspur, Punjab, India, Pincode 143512. Have changed my name from Hajinder Kaur To Harjinder Kaur.

I, Fateh Singh S/o Mukhwinder Singh residence of Mohalla Zaildara VPO Kalanaur, Tehsil Kalanaur, Distt. Gurdaspur, Punjab, india. Pincode 143512. Have changed my name from Fateh Singh to Singh Fateh, Surname as Singh and given name as Fateh.

I, Balram S/o Ravinder Nath R/o House No. E.F. 78, Mandi Road Jalandhar have changed my name from Balram to Balram Mahendru. That I also have changed my minor daughter name from Diya to Diya Mahendru.

I, Hitherto Known as Rajwinder Kaur W/o Davinder Singh R/o VPO Maksudpur, Teh. Bholath, Distt. Kapurthala, Punjab-144819 have changed my name and shall here-after be known as Kaur Rajwinder. Please note.

## ਬੇਦਖਲੀ ਨੋਟਿਸ

ਮੈਂ, ਵਿਕਾਸ ਕੁਮਾਰ ਪੁੱਤਰ ਸਤੀਸ਼ ਕੁਮਾਰ ਵਾਸੀ ਪਿੰਡ ਮਹਿੰਦੀਪੁਰ, ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨੈਤਿਕ ਕੁਮਾਰ ਮੇਰਾ ਨਾਲ ਲੜਾਈ-ਝਗੜਾ ਕਰਦਾ ਹੈ ਅਤੇ ਮੇਰੀ ਕੋਈ ਵੀ ਗੱਲ ਨਹੀਂ ਮੰਨਦਾ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ-ਚੰਗੇ ਕੰਮ ਦਾ ਮੈਂ ਜਾਂ ਮੇਰੇ ਪਰਵਾਰ ਦਾ ਕੋਈ ਵੀ ਮੈਂਬਰ ਜ਼ਿੰਮੇਵਾਰ ਨਹੀਂ ਹੋਵੇਗਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਵਰਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ 2849, ਵਡਾਲੀ ਰੋਡ, ਗਲੀ ਨੰ: 4, ਹਰਗੋਬਿੰਦਪੁਰਾ, ਛੇਹਰਟਾ, ਅੰਮ੍ਰਿਤਸਰ, ਪੰਜਾਬ-143105 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਸ਼ਪ੍ਰੀਤ ਸਿੰਘ ਅਤੇ ਇਸ ਦੀ ਪਤਨੀ ਚੰਦਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਜੁਗਲ ਕਿਸ਼ੋਰ ਪੁੱਤਰ ਆਰਤੀ ਲਾਲ ਅਤੇ ਕਿਰਨ ਬਾਲਾ ਪਤਨੀ ਜੁਗਲ ਕਿਸ਼ੋਰ, ਵਾਸੀਆਨ 812, ਗਲੀ ਨੰ: 1, ਕੋਟ ਆਤਮਾ ਸਿੰਘ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅੰਸ਼, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਚਨ ਲਾਲ ਪੁੱਤਰ ਸ੍ਰੀ ਬਾਵਾ ਰਾਮ ਵਾਸੀ ਮਕਾਨ ਨੰਬਰ 26, ਗਲੀ ਨੰਬਰ 2, ਪ੍ਰੇਮ ਨਗਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਕੁਮਾਰ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਘਰ ਵਿਚ ਕਲਾ-ਕਲੇਸ਼ ਪਾਈ ਰੱਖਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਲਵੰਤ ਸਿੰਘ ਪੁੱਤਰ ਸੁਰਤਾ ਸਿੰਘ ਵਾਸੀ ਮਕਾਨ ਨੰ: 215, ਵਾਰਡ ਨੰ: 4, ਅਜਨਾਲਾ ਰੋਡ, ਮੀਰਾਂ ਕੋਟ ਚੌਕ, ਸੁੰਦਰ ਨਗਰ, ਅੰਮ੍ਰਿਤਸਰ ਹਾਲ ਵਾਸੀ ਸੰਧੂ ਐਵੀਨਿਊ, ਕੈਨਰਾ ਬੈਂਕ, ਮੀਰਾਂ ਕੋਟ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਦੋ ਲੜਕੇ ਸੂਰਜ ਪ੍ਰਕਾਸ਼ ਉਰਫ ਬੰਟੀ ਅਤੇ ਕੁਲਜੀਤ ਸਿੰਘ ਉਰਫ ਸੋਨੂੰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਲੜਾਈ-ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਰਿਸ਼ਤੇ-ਨਾਤੇ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦਾ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਹਰਦੇਵ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਗੋਹਲਵੜ, ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਜਬੀਰ ਸਿੰਘ ਉਰਫ ਸੋਨੂੰ (ਸ਼ਾਦੀਸ਼ੁਦਾ), ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਪਤਨੀ ਕੰਵਲਜੀਤ ਕੌਰ ਅਤੇ ਆਪਣਾ ਲੜਕੇ ਪ੍ਰਿੰਸਦੀਪ ਸਿੰਘ ਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਸੁਖਦੇਵ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਗਲੀ ਭਗਤਾਂ ਵਾਲੀ, ਮਜੀਠਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰਿੰਦਰ ਸਿੰਘ, ਜੋ ਸਾਡੇ ਨਾਲੋਂ ਵੱਖ ਰਹਿੰਦਾ ਹੈ। ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਚੰਗੇ-ਮਾੜੇ ਕੰਮਾਂ ਅਤੇ ਲੈਣ-ਦੇਣ ਦੀ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਲਾਲ ਚੰਦ ਪੁੱਤਰ ਲੇਟ ਨਜ਼ਰ ਰਾਮ ਵਾਸੀ ਪਿੰਡ ਤੇ ਡਾਕਖਾਨਾ ਸੁਧਾਨਾ, ਜ਼ਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਦਵਿੰਦਰ ਦੇਵੀ ਅਤੇ ਬੱਚੇ ਚੰਦਨ ਸਹੋਤਾ ਅਤੇ ਪਾਇਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਮਾੜੇ ਵਿਵਹਾਰ ਕਰਨ ਕਰਕੇ ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੇਰਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ

## ਨਾਂਅ ਦੀ ਬਦਲੀ

ਮੈਂ, ਰਣਜੀਤ ਕੌਰ ਪਤਨੀ ਕੇਸ਼ੋ ਰਾਮ, ਪਿੰਡ ਬੁਗਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰਣਜੀਤ ਰਾਣੀ ਰੱਖ ਲਿਆ ਹੈ।

## Change of Name

I, Sarika D/o Vinod Kumar W/o Deepak Sharma R/o H.No. 50, Kala Singha Road, Thind Enclave, P.O. Basti Guzan, Jalandhar, Punjab-144002 changed my name from Sarika to Sarika Sharma after marriage Sharma as Surname.

I Sushil Paul Arora alias Sushil Arora w/o Dharampaul Arora, R/o H.No. 109, Gali No. 2, friends colony, near wadala chowk, Jalandhar have changed my name from Sushil Paul Arora alias Sushil Arora to Sushil Arora. Sushil as given name and Arora as surname.

## PUBLIC NOTICE

I, Gaganpreet Singh S/o Gurdayal Singh R/o Village Hemrajpur, Tehsil Gurdaspur-143521,Punjab, India, declare that my given name as Gaganpreet and my Surname as Singh.

I, Harpinder Singh s/o Jaswant Singh. R/o Village Khokhar Rajput. PO- Dorangla, Gurdaspur pin-143526, Punjab, India. Declare that my given name as Harpinder and my surname as Singh.

## ਆਮ ਸੂਚਨਾ

ਮੈਂ, ਰਾਮ ਰੱਖਾ ਪੁੱਤਰ ਕਿਰਪਾਲ ਸਿੰਘ ਪੁੱਤਰ ਜੱਗੂ ਸਿੰਘ ਵਾਸੀ ਨੈਸਲੇ ਡੇਅਰੀ ਦੇ ਪਿੱਛੇ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹਾਂ, ਉਕਤ ਪਤੇ ਦਾ ਪੱਕਾ ਵਸਨੀਕ ਹਾਂ ਅਤੇ ਮੇਰੀ ਪਤਨੀ ਸ਼ਿੰਦਰ ਕੌਰ ਜੋ ਕਿ 34-35 ਸਾਲ ਤੋਂ ਮੇਰੇ ਤੋਂ ਵੱਖਰੀ ਰਹਿੰਦੀ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਹੁਣ ਮੇਰਾ ਮੇਰੀ ਪਤਨੀ ਸਿੰਦਰ ਕੌਰ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਮੈਂ, ਆਪਣੀ ਪਤਨੀ ਸਿੰਦਰ ਕੌਰ ਨਾਲੋਂ ਪਤੀ/ਪਤਨੀ ਵਾਲੇ ਸਾਰੇ ਰਿਸ਼ਤੇ ਖਤਮ ਕਰ ਦਿੱਤੇ ਹਨ। ਹੁਣ ਮੈਂ ਰਣਜੀਤ ਕੌਰ ਅਤੇ ਇਸ ਦੇ ਬੱਚੇ ਚਮਕੌਰ ਸਿੰਘ, ਮਾਜਾ ਸਿੰਘ ਨਾਲ 30-35 ਸਾਲ ਤੋਂ ਰਹਿ ਰਿਹਾ ਹਾਂ ਅਤੇ ਹੁਣ ਮੇਰੇ ਰਣਜੀਤ ਕੌਰ ਅਤੇ ਚਮਕੌਰ ਸਿੰਘ ਅਤੇ ਮਾਜਾ ਸਿੰਘ ਵਾਰਸ ਹੋਣਗੇ ਅਤੇ ਮੈਂ ਉਨ੍ਹਾਂ ਦਾ ਵਾਰਸ ਹਾਂ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 01/109 ਸੁਖਬੀਰ ਸਿੰਘ, ਪੁੱਤਰ ਤਾਰਾ ਸਿੰਘ, ਪਿੰਡ ਅੰਗਾਕੀੜੀ ਤੋਂ ਨਾਂਅ ਬਦਲੀ ਕਰਕੇ ਕੁਲਵਿੰਦਰ ਸਿੰਘ ਮੋਮੀ ਪੁੱਤਰ ਕਪੂਰ ਸਿੰਘ, ਪਿੰਡ ਅੰਗਾਕੀੜੀ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਤਸਦੀਕ ਕੀਤਾ ਜਾਂਦਾ ਹੈ ਕਿ ਉਪ ਮੰਡਲ ਦਫ਼ਤਰ ਅਜਨਾਲਾ ਵਿਚ ਚਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 732 (3003372816) ਅਤੇ ਖਾਤਾ ਨੰਬਰ ਜੋ ਕਿ ਸ੍ਰੀ ਦਲਬੀਰ ਸਿੰਘ ਪੁੱਤਰ ਵਿਸਾਖਾ ਸਿੰਘ ਪਿੰਡ ਧਾਰੀਵਾਲ ਕਲੇਰ ਦੇ ਨਾਂਅ ਚੱਲਦਾ ਹੈ, ਨੂੰ ਸ੍ਰੀ ਜਸਪਾਲ ਸਿੰਘ ਪੁੱਤਰ ਦਲਬੀਰ ਸਿੰਘ ਪਿੰਡ ਧਾਰੀਵਾਲ ਕਲੇਰ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫ਼ਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਸੁਨੀਤਾ ਰਾਣੀ ਪਤਨੀ ਦੀਪਕ ਮਸੀਹ ਵਾਸੀ ਮਕਾਨ ਨੰ. 340, ਏਕਤਾ ਨਗਰ, ਰਾਮਾ ਮੰਡੀ, ਸ਼ਮਸ਼ਾਨ ਘਾਟ ਵਾਲੀ ਗਲੀ, ਜਲੰਧਰ-2, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਕਰਨਦੀਪ ਸਿੰਘ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਤਪਾਲ ਪੁੱਤਰ ਬਲਦੇਵ ਰਾਜ ਵਾਸੀ ਮਹਿੰਦਰਾ ਕਲੋਨੀ ਨਜਦੀਕ ਰੇਲਵੇ ਸਟੇਸ਼ਨ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਸੰਦੀਪ ਅਤੇ ਉਸਦੀ ਪਤਨੀ ਹਰਮਨ ਉਰਫ ਰੱਜੋ ਮੇਰੇ ਕਹਿਣੇ ਤੋ ਬਾਹਰ ਹਨ । ਮੈ ਇਨ੍ਹਾ ਨੂੰ ਆਪਣੀ ਚਲ ਤੇ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾ ਨਾਲ ਲੈਣ ਦੇਣ ਕਰਨ ਜਾਂ ਕਿਸੇ ਵੀ ਮਾੜੇ ਚੰਗੇ ਕੰਮ ਦਾ ਮੈਂ ਤੇ ਮੇਰਾ ਪਰਿਵਾਰ ਜਿਮੇਵਾਰ ਨਹੀਂ ਹੋਵੇਗਾ ।

ਮੈਂ ਮਲਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਹਾਉਸ ਨੰ: 77 ਭੱਕਨਾ ਕਲਾਂ ਸਬ ਤਹਿਸੀਲ ਅਟਾਰੀ ਜਿਲ੍ਹਾਂ ਅੰਮ੍ਰਿਤਸਰ ਆਪਣੇ ਬੇਟੇ ਸੰਜੀਵਨਜੀਤ ਸਿੰਘ ਜੋ ਕਿ ਸ਼ਾਦੀ ਸ਼ੁਦਾ ਹੈ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀ ਹੋਵੇਗਾ। ਮੇਰਾ ਸੰਜੀਵਨਜੀਤ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਪੂਰਨ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਤਾਰ ਸਿੰਘ ਅਤੇ ਮੇਰੀ ਨੂੰਹ ਸ਼ਿੰਦਰਪਾਲ ਕੌਰ ਪਤਨੀ ਜਗਤਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਵਿੰਦਰ ਸਿੰਘ ਪੁੱਤਰ ਜਗਦੀਸ਼ ਸਿੰਘ, ਵਾਸੀ ਪਿੰਡ ਰੱਤੀਆਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਅਵਤਾਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਕਿਸੇ ਵੀ ਕੀਤੇ ਗਏ ਕੰਮ ਜਾਂ ਹੋਰ ਲੈਣ-ਦੇਣ ਦਾ ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗਿਆਨ ਚੰਦ ਪੁੱਤਰ ਸਰਦਾਰਾ ਰਾਮ, ਵਾਸੀ ਪਿੰਡ ਹਮੀਰੀ ਖੇੜਾ, ਡਾਕ. ਉਦੇਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਸਨੀ, ਅਕਾਸ਼, ਕਿਰਨਦੀਪ ਲੜਕੀ, ਸਿਮਰਨ ਲੜਕੀ ਅਤੇ ਕੁਲਵਿੰਦਰ ਪਤਨੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਾਬਾ ਅਮਰੀਕ ਮਹੰਤ ਚੇਲਾ ਮਾਈ ਧੰਨੀ ਵਾਸੀ ਅਮੀਰਕੇ (ਅਮਰਕੋਟ) ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰਾ ਚੇਲਾ ਚਾਹਤ ਮਹੰਤ ਜਿਸਨੂੰ ਮੈ ਚੇਲਾ ਨਿਯੁਕਤ ਕੀਤਾ ਸੀ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਚੇਲੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾਂ ਖ਼ੁਦ ਜ਼ੁੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਜਗਸੀਰ ਸਿੰਘ ਬਨਾਮ ਇੰਦਰਜੀਤ ਸਿੰਘ

ਖੇਵਟ ਨੰਬਰ 302,303 ਖਤੌਨੀ ਨੰਬਰ 514, 516, ਜਮ੍ਹਾਂਬੰਦੀ ਸਾਲ 2022-2023, ਪਿੰਡ ਰਣੀਆ-1, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ 07-02-2026 ਮੁਕੱਰਰ ਹੈ। ਉਪਰੋਕਤ ਕੇਸ ਵਿਚ ਹੇਠ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ। ਇਸ ਲਈ ਉਨ੍ਹਾਂ ਦੇ ਖਿਲਾਫ ਆਰਡਰ 5 ਰੂਲ 20 ਸੀ ਪੀ ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1. ਇੰਦਰਜੀਤ ਸਿੰਘ 2. ਜੋਗਿੰਦਰ ਸਿੰਘ, 3. ਪਾਲ ਸਿੰਘ ਪੁੱਤਰਾਨ ਸੇਵਕ ਸਿੰਘ ਪੁੱਤਰ ਸ਼ਾਮ ਸਿੰਘ, 4. ਸਰੂਪ ਕੌਰ, 5. ਪਰਮਜੀਤ ਕੌਰ ਪੁੱਤਰੀਆਂ ਜੋਰਾ ਸਿੰਘ ਪੁੱਤਰ ਗੁਰਦਿਆਲ ਸਿੰਘ, ਸਾਰੇ ਵਾਸੀਆਨ ਪਿੰਡ ਰਣੀਆ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ, (ਮੋਗਾ)

## ਅਦਾਲਤੀ ਇਸ਼ਤਿਹਾਰ

Proclamation under order 5 Rule 20 CPC

ਬਾ: ਅਦਾਲਤ ਸ੍ਰੀ ਪੁਸ਼ਪਿੰਦਰ ਸਿੰਘ ਨਾਇਬ ਤਹਿਸੀਲਦਾਰ ਬਾ ਅਖਤਿਆਰਾਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਸਿੱਧਵਾਂ ਬੇਟ

ਮਿਸਲ ਨੰਬਰ 40 ਅਤੇ 41/2025

ਵਾਕਿਆ ਪਿੰਡ ਮੁਨੱਵਰਪੁਰਾ, ਤਹਿਸੀਲ ਜਗਰਾਉਂ

1. ਲਵਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਚੱਕ ਕੰਨੀਆਂ ਕਲਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ (99152-08335) ਬਿਨੈਕਾਰ/ਸਾਇਲ

ਬਨਾਮ

1. ਆਸ਼ਾ ਰਾਣੀ ਪਤਨੀ ਭੁਪਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਹਾਦਰਕੇ ਤਹਿਸੀਲ ਜਗਰਾਉਂ 2. ਜੈਸਪ੍ਰੀਤ ਕੌਰ ਵਿਧਵਾ ਤੇਜਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ 3. ਨਾਸ਼ੈਨ ਟੈਰੀ ਪੁੱਤਰ ਤੇਜਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ 4. ਦਮਨ ਸਿੰਘ ਸਿੱਧੂ ਪੁੱਤਰ ਤੇਜਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ ਵਾਸੀਆਨ ਮਲਸੀਹਾਂ ਭਾਈਕੇ ਹਾਲ ਵਾਸੀ 4008 Calais Ct Modesto CA-95356, Canada, 5. ਸਤਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਘੱਲ ਕਲਾਂ ਤਹਿਸੀਲ ਤੇ ਜ਼ਿਲ੍ਹਾ ਮੋਗਾ 6. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਗਿੱਦੜਵਿੰਡੀ ਰਾਹੀਂ ਮੈਨੇਜਰ।

ਉੱਤਰਵਾਦੀਆਨ/ਮੁਦੈਅਲਮ

ਕੇਸ ਤਕਸੀਮ ਅਰਾਜੀ ਵਾਕਿਆ ਪਿੰਡ ਮੁਨੱਵਰਪੁਰਾ, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦੈਅਲਮ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮੁਸ਼ਕਲ ਹੈ।ਇਸ ਲਈ ਮਿਤੀ 05.02.2026 ਨੂੰ ਸਵੇਰੇ 10.00 ਵਜੇ ਦੀ ਤਾਰੀਖ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦੈਅਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਉੱਤੇ ਆਪ ਜਾਂ ਕਿਸੇ ਵਕੀਲ ਰਾਹੀਂ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।

ਅੱਜ ਮਿਤੀ 20.01.2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ 1537/ਰੀਡਰ ਮਿਤੀ 20.01.2026

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ

## COURT NOTICE

(U/o 5 Rule 20 CPC)
In The Court of
Ms. Daljeet Kaur
Additional Civil Judge (Senior Division), Dhuri
CNR No. PBSGB0-000023-2026
Next Date:- 20-03-2026
Jagjit Singh
Vs.
General Public
Publication Issued To:
General Public
:- General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 20-03-2026 at 10:00 a.m.

For details logon to https://highcourtchd.gov.in/?mod=district_notice&district=Sangrur

Additional Civil Judge (Senior Division), Dhuri
Dated, this day of 23-01-2026

## ਖੁੱਲ੍ਹੀ ਬੋਲੀ

ਸਰਕਾਰੀ ਮਿਡਲ ਸਕੂਲ ਲਖਮੀਰਵਾਲਾ (ਸੰਗਰੂਰ) ਵਿਚ ਇਕ ਕਮਰਾ (18×21) ਨੂੰ ਢਾਹੁਣ ਸੰਬੰਧੀ ਖੁੱਲ੍ਹੀ ਬੋਲੀ 4 ਫਰਵਰੀ 2026 ਨੂੰ ਸਕੂਲ ਵਿਚ ਸਵੇਰੇ 11.00 ਵਜੇ ਕੀਤੀ ਜਾਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਸੰਪਰਕ ਕਰੋ : 99151-99344

## General Body Meeting

A General Body Meeting of Northern Railway Employees House Building Co-operative Society Ltd., Rail Vihar, Jalandhar will be held on 29-01-2026 at 11:00 AM at Main Park, Rail Vihar, Jalandhar regarding registries of plots/houses on concessional rates as per Punjab Govt. policy. Members are requested to attend.

## COURT NOTICE

In The Court of Sh. Sparsh Puri
Civil Judge Junior Division, Amritsar
CNR NO. PBAS02-0042582023
CASE NO. CS/2756/2025
NEXT DATE: 13-02-2026

Canara Bank having its Head Office at Bangalore and Inter Alia a Branch Office at retail assests Hub, 80 Court Road, Tehsil and District Amritsar through its Manager/Authorized Person Sh. Ashish Chopra. ........plaintiff

Versus

Sajanpreet Singh and anothers .........defendants

Notice To Defendant :-

1. Sajanpreet Singh Son of S. Lakhwinder Singh, Resident of House No. 134, Small Town, Diamand Estate, Sultanwind Canal, Tehsil and District Amritsar also Proprietor of M/S Sajan Jewellers, Tali Wala Chowk, Amritsar.

2. Jagjit Singh Son of S. Balbir Singh Resident of House No. 22, Angel Heart School, Fatehgarh Churian Road, Amritsar.

In The Above Titled Case, The Defendants Could not be Served Through ordinary Process. It is ordered That Defendants Should Appear in Person or Through Counsel on 13-02-2026.

For details logon to https://highcourtchd.gov.in/?trs-district_notice&district=amritsar.

Given under my hand and the seal of the Court, this 21-01-2026.

Civil Judge Junior Division Amritsar

## ਸੂਚਨਾ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ ਦੂਜਾ-ਕਮ-ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਜ਼ਿਲ੍ਹਾ ਰੂਪਨਗਰ।

ਵਿਸ਼ਾ-ਮਾਲ ਰਿਕਾਰਡ ਵਿੱਚ ਨਾਮ ਦਰੁਸਤ ਕਰਨ ਸਬੰਧੀ। ਦ/ਵਲੋਂ ਅਸ਼ਵਨੀ ਕੁਮਾਰ ਪੁੱਤਰ ਸੱਤਪਾਲ ਪਿੰਡ ਅਬਿਆਣਾ ਕਲਾਂ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ।

ਉਪਰੋਤਕ ਵਿਸ਼ੇ ਦੇ ਸੰਬੰਧ ਵਿੱਚ ਆਮ, ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸ਼ਵਨੀ ਕੁਮਾਰ ਪੁੱਤਰ ਸਤਪਾਲ ਪਿੰਡ ਅਬਿਆਣਾ ਤਹਿਸੀਲ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਨੇ ਨਿਮਨਹਸਤਾਖਰ ਦੇ ਦਫਤਰ ਵਿਖੇ ਲਿਖਤੀ ਦਰਖਾਸਤ ਪੇਸ਼ ਕੀਤੀ ਹੈ ਕਿ ਉਸਦੀ ਪਿੰਡ ਝਾਡੀਆਂ ਤਹਿਸੀਲ ਅਨੰਦਪੁਰ ਸਾਹਿਬ ਵਿੱਚ ਜਮੀਨ ਪੈਂਦੀ ਹੈ। ਮਾਲ ਰਿਕਾਰਡ ਅਨੁਸਾਰ ਜਮਾਬੰਦੀ ਸਾਲ 2021-22 ਪਿੰਡ ਝਾਂਡੀਆਂ ਤਹਿਸੀਲ ਆਨੰਦਪੁਰ ਸਾਹਿਬ ਦੇ ਮਾਲ ਰਿਕਾਰਡ ਵਿੱਚ ਪ੍ਰਾਰਥੀ ਦੇ ਪੜਦਾਦੇ ਦਾ ਨਾਮ ਨਿਸ਼ਾ ਰਾਮ ਦਰਜ ਹੈ ਜਦਕਿ ਪ੍ਰਾਰਥੀ ਦਾ ਅਸਲ ਨਾਮ ਸੱਤਪਾਲ ਪੁੱਤਰ ਦਿਆ ਰਾਮ ਪੁੱਤਰ ਕਿਰਪਾ ਹੈ। ਇਹ ਦੋਵੇਂ ਨਾਮ ਇਕੋ ਵਿਅਕਤੀ ਦੇ ਹੀ ਹਨ। ਦਰਖਾਸਤ ਕਰਤਾ ਮਾਲ ਰਿਕਾਰਡ ਪਿੰਡ ਝਾਂਡੀਆਂ ਵਿੱਚ ਆਪਣੇ ਪੜਦਾਦੇ ਦਾ ਨਾਮ ਨਿਸ਼ਾ ਰਾਮ ਉਰਫ ਕਿਰਪਾ ਕਰਵਾਉਣਾ ਚਾਹੁੰਦਾ ਹੈ। ਰਿਪੋਰਟ ਲਈ ਪਟਵਾਰੀ ਹਲਕਾ ਨੂੰ ਲਿਖਿਆ ਗਿਆ। ਪਟਵਾਰੀ ਹਲਕਾ ਵੱਲੋਂ ਪੜਤਾਲ ਉਪਰੰਤ ਲਿਖਿਆ ਗਿਆ ਕਿ ਮਾਲ ਰਿਕਾਰਡ ਪਿੰਡ ਝਾਡੀਆਂ ਪਿੰਡ ਦਾ ਮਾਲ ਰਿਕਾਰਡ ਵਾਚਿਆ ਗਿਆ ਜਿਸ ਤੋਂ ਪਾਇਆ ਗਿਆ ਕਿ ਪ੍ਰਾਰਥੀ ਦਾ ਨਾਮ ਸੱਤਪਾਲ ਪੁੱਤਰ ਦਿਆ ਰਾਮ ਪੁੱਤਰ ਨਿਸ਼ਾ ਦਰਜ ਹੈ ਇਸ ਸੰਬਧੀ ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੇ ਦਫਤਰ ਦੇ ਮੀਮੋ ਨੰਬਰ 25/78/2012-ਭ.ਮ.-2/12445-71 ਮਿਤੀ 26-07-2013 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਪਿੰਡ ਝਾਂਡੀਆਂ ਦੇ ਮਾਲ ਰਿਕਾਰਡ ਵਿੱਚ ਉਕਤ ਦਰੁਸਤੀ ਕਰਨ ਸਬੰਧੀ ਕਿਸੇ ਆਮ ਅਤੇ ਖਾਸ ਨੂੰ ਵੀ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਦੇ 15 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਸਮਾਂ ਗੁਜਰਨ ਤੋਂ ਬਾਅਦ ਕਿਸੇ ਦੇ ਇਤਰਾਜ਼ ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਸਹੀ/-ਨਾਇਬ ਤਹਿਸੀਲਦਾਰ- ਕਮ- ਸਹਾਇਕ ਕੁਲੈਕਟਰ ਦਰਜਾ ਦੂਜਾ, ਨੂਰਪੁਰ ਬੇਦੀ।

ਨੰਬਰ 112/ਰੀਡਰ

## ਪਬਲਿਕ ਨੋਟਿਸ

ICICI Bank — Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 7 ਫਰਵਰੀ 2026 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199962004905 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਜਗਰਾਉਂ | |
| 087962002930 | ਰੁਪਿੰਦਰਦੀਪ ਸਿੰਘ |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਕਰਤਾਰਪੁਰ | |
| 163405002640 | ਪੂਜਾ ਰਾਣੀ |
| ਬਰਾਂਚ ਦਾ ਨਾਂਅ : ਨਿਹਾਲ ਸਿੰਘ ਵਾਲਾ, ਪੰਜਾਬ | |
| 357357000044 | ਹਰਦੀਪ ਸਿੰਘ |

ਮਿਤੀ : 28.01.2026
ਸਥਾਨ : ਜਲੰਧਰ, ਲੁਧਿਆਣਾ, ਮੋਗਾ, ਮੁਕਤਸਰ

ਸਹੀ/- ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

## GLOBAL GROUP OF INSTITUTES

### SCHOOL OF LEGAL STUDIES

(Affiliated to Guru Nanak Dev University, Amritsar)
11th Km Stone, Sohian Khurd, Batala Road, Amritsar

Online applications are invited for the post of Professor/ Associate Professor/Assistant Professor/ Demonstrator for Bachelor of Physiotherapy course on regular/contractual basis at https://www.globalinstitutes.edu.in/career-with-us/. Qualification and Grade as per UGC/Punjab Govt./GNDU/NCAHP norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Proforma (as per Annexure-IV) available in CDC Portal on University Website (www.gndu.ac.in) and submit it alongwith the application.

Advt.No.GGI/SLS/280126 CHAIRMAN

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਵਿਕਾਸ ਸ਼ਰਮਾ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-2, ਮੋਗਾ (ਪੰਜਾਬ)
(ਪਬਲੀਕੇਸ਼ਨ ਨੋਟਿਸ)

ਕੇਸ ਅਨੁਵਾਨ : ਕੁਲਦੀਪ ਕੌਰ ਬਨਾਮ ਕੁਲਦੀਪ ਸਿੰਘ

ਕੇਸ ਨੰਬਰ : 229 / ਏ.ਸੀ.-1, 230/ਏ.ਸੀ.-1, 231/ਏ.ਸੀ.-1, 232/ਏ.ਸੀ.-1, 233/ਏ.ਸੀ.-1, 234/ਏ.ਸੀ.-1, 235/ਏ.ਸੀ.-1,

ਰਜੂਆ ਮਿਤੀ : 04-11-2025 ਵਾਕਿਆ ਪਿੰਡ : ਦਾਰਾਪੁਰ

ਖੇਵਟ ਨੰਬਰ : 17, 18, 146,149,150,221,517, ਜਮ੍ਹਾਂਬੰਦੀ ਸਾਲ 2019-2020

ਕੁਲਦੀਪ ਕੌਰ ਪੁੱਤਰੀ ਸਾਧੂ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਦਾਰਾਪੁਰ, ਤਹਿਸੀਲ ਵਾ ਜ਼ਿਲ੍ਹਾ ਮੋਗਾ ਹਾਲ ਆਬਾਦ ਪਤਨੀ ਬੂਟਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਆਲਮਵਾਲਾ ਤਹਿਸੀਲ ਬਾਘਾਪੁਰਾਣਾ, ਜ਼ਿਲ੍ਹਾ ਮੋਗਾ। .....ਦਰਖਾਸਤੀ

ਬਨਾਮ

ਕੁਲਦੀਪ ਸਿੰਘ ਪੁੱਤਰ ਜੈ ਸਿੰਘ ਪੁੱਤਰ ਗੁਰਦਿਆਲ ਸਿੰਘ ਵਗੈਰਾ। .....ਉੱਤਰਵਾਦੀ ਧਿਰ

ਉਕਤ ਅਨੁਦਾਨ ਤਹਿਤ ਕੇਸ ਨਿਮਨਹਸਤਾਖਰ ਦੀ ਅਦਾਲਤ ਵਿੱਚ ਸੁਣਵਾਈ ਅਧੀਨ ਹੈ। ਇਸ ਕੇਸ ਵਿੱਚ ਹੇਠ ਲਿਖੇ ਫਰੀਕਸਾਨੀ ਉੱਤਰਵਾਦੀ ਧਿਰ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 13/02/2026 ਲਈ ਮੁਕਰਰ ਹੈ। ਇਸ ਪਬਲਿਕ ਨੋਟਿਸ ਰਾਹੀਂ ਹੇਠ ਲਿਖਤ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਆਪਣਾ ਪੱਖ ਪੇਸ਼ ਕਰਨ ਲਈ ਨਿਮਨਹਸਤਾਖਰ ਦੀ ਅਦਾਲਤ (ਕਮਰਾ ਨੰ ਸੀ-105, ਪਹਿਲੀ ਮੰਜ਼ਲ, ਚਹਨਾਬ ਜੇਹਲਮ ਬਲਾਕ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮੋਗਾ) ਵਿੱਚ ਹਾਜਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੀਤਾ ਗਿਆ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ 27/01/2026 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ : 25/ਰੀਡਰ-2 ਮਿਤੀ: 27-01-2026

ਸਹਾਇਕ ਕੁਲੈਕਟਰ ਦਰਜਾ-1, ਮੋਗਾ

ਉੱਤਰਵਾਦੀ ਧਿਰ ਦਾ ਨਾਂਅ ਅਤੇ ਪਤਾ :-

ਕੁਲਦੀਪ ਸਿੰਘ ਪੁੱਤਰ ਜੈ ਸਿੰਘ ਪੁੱਤਰ ਗੁਰਦਿਆਲ ਸਿੰਘ ਪ੍ਰੀਤਮ ਸਿੰਘ ਪੁੱਤਰ ਸੁਰੈਣ ਸਿੰਘ ਪੁੱਤਰ ਬਾਬੂ ਸਿੰਘ, ਓਮਕਾਰ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਪ੍ਰੀਤਮ ਸਿੰਘ ਕੁਲਵੰਤ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਪ੍ਰੀਤਮ ਸਿੰਘ, ਹਰਦੀਪ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਸਾਧੂ ਸਿੰਘ, ਗੁਰਦਿੱਤ ਸਿੰਘ ਪੁੱਤਰ ਦਲੇਲ ਸਿੰਘ ਪੁੱਤਰ ਚਤਰ ਸਿੰਘ, ਭਗਵਾਨ ਸਿੰਘ ਪੁੱਤਰ ਪਾਖਰ ਸਿੰਘ ਪੁੱਤਰ ਰਾਮ ਸਿੰਘ ਨਾਹਰ ਸਿੰਘ ਪੁੱਤਰ ਸਰੈਣ ਸਿੰਘ ਪੁੱਤਰ ਪਾਖਰ ਸਿੰਘ ਸਾਰੇ ਵਾਸੀਆਨ ਪਿੰਡ ਦਾਰਾਪੁਰ ਤਹਿ. ਵਾ ਜ਼ਿਲ੍ਹਾ ਮੋਗਾ। ਜਗਦੀਪ ਸਿੰਘ ਪੁੱਤਰ ਸੁਰੈਣ ਸਿੰਘ ਪੁੱਤਰ ਚੰਦਾ ਸਿੰਘ ਵਾਸੀ ਪਿੰਡ ਤਲਵੰਡੀ ਭਾਈ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਕਰਮਜੀਤ ਕੌਰ ਵਿਧਵਾ ਪ੍ਰੀਤਮ ਸਿੰਘ ਪੁੱਤਰ ਸੁਰੈਣ ਸਿੰਘ ਕੁਲਵਿੰਦਰ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਸਰੈਣ ਸਿੰਘ ਵਾਸੀਆਨ ਪਿੰਡ ਮੁੱਦਕੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਰਾਜਵਿੰਦਰ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਸੁਰੈਣ ਸਿੰਘ, ਵੀਰਪਾਲ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਸੁਰੈਣ ਸਿੰਘ ਵਾਸੀਆਨ ਪਿੰਡ ਮੁੱਦਕੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ। ਜਸਵੀਰ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਸਰੈਣ ਸਿੰਘ ਵਾਸੀ ਪਿੰਡ ਮੁਦਕੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ, ਸੁਖਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਸੁਰੈਣ ਸਿੰਘ, ਰਣਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਦਲੇਲ ਸਿੰਘ ਰਣਧੀਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਦਲੇਲ ਸਿੰਘ ਸਾਰੇ ਵਾਸੀਆਨ ਪਿੰਡ ਦਾਰਾਪੁਰ, ਤਹਿਸੀਲ ਵਾ ਜ਼ਿਲ੍ਹਾ ਮੋਗਾ। ਬਲਵੀਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਜੰਗੀਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤਲਵੰਡੀ ਭਾਈ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਕੇਹਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਕੇਹਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਰੇਸ਼ਮ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਦਾਰਾਪੁਰ ਤਹਿਸੀਲ ਤੇ ਜ਼ਿਲ੍ਹਾ ਮੋਗਾ। ਕੁਲਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਮਹਿੰਗਾ ਸਿੰਘ, ਬਲਵਿੰਦਰ ਸਿੰਘ ਪੁੱਤਰ ਕੇਹਰ ਸਿੰਘ ਪੁੱਤਰ ਮੋਹਨ ਸਿੰਘ ਸੁਖਮੰਦਰ ਸਿੰਘ ਪੁੱਤਰ ਕੇਹਰ ਸਿੰਘ ਪੁੱਤਰ ਮੋਹਨ ਸਿੰਘ, ਜਗਰਾਜ ਸਿੰਘ ਪੁੱਤਰ ਕੇਹਰ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਤਲਵੰਡੀ ਭਾਈ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਬਲਵਿੰਦਰ ਸਿੰਘ ਪੁੱਤਰ ਬਾਬੂ ਸਿੰਘ ਪੁੱਤਰ ਤਾਰਾ ਸਿੰਘ, ਮੱਖਣ ਸਿੰਘ ਪੁੱਤਰ ਕੇਹਰ ਸਿੰਘ ਪੁੱਤਰ ਹੀਰਾ ਸਿੰਘ ਸਾਰੇ ਵਾਸੀਆਨ ਪਿੰਡ ਦਾਰਾਪੁਰ, ਤਹਿਸੀਲ ਵਾ ਜ਼ਿਲ੍ਹਾ ਮੋਗਾ। ਅਮਰਜੀਤ ਕੌਰ ਪਤਨੀ ਨਿਰਮਲ ਸਿੰਘ ਪੁੱਤਰ ਸਾਧੂ ਸਿੰਘ ਸਾਰੇ ਵਾਸੀਆਨ ਪਿੰਡ ਦਾਰਾਪੁਰ ਤਹਿ. ਵਾ ਜ਼ਿਲ੍ਹਾ ਮੋਗਾ। ਮਨਜੀਤ ਕੌਰ ਪਤਨੀ ਗੁਰਦੇਵ ਸਿੰਘ ਪੁੱਤਰ ਦਲੇਲ ਸਿੰਘ ਵਾਸੀ ਪਿੰਡ ਦਾਰਾਪੁਰ, ਤਹਿ. ਤੇ ਜ਼ਿਲ੍ਹਾ ਮੋਗਾ। ਸਹਦੇਵ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਤਲਵੰਡੀ ਭਾਈ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਗੁਰਚਰਨ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਪਾਲ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਉੱਤਮ ਸਿੰਘ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਸੁਖਦੇਵ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਭਗਤ ਸਿੰਘ ਪੁੱਤਰ ਭੂਸ਼ਨ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਪਾਲ ਸਿੰਘ ਪੁੱਤਰ ਚੰਨਨ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਧਰਮ ਸਿੰਘ ਪੁੱਤਰ ਚੰਨਨ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਪਿੰਡ ਮੁਦਕੀ ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ। ਗੁਰਦੇਵ ਸਿੰਘ ਪੁੱਤਰ ਚੰਨਨ ਸਿੰਘ ਪੁੱਤਰ ਉੱਤਮ ਸਿੰਘ ਪਿੰਡ ਤਲਵੰਡੀ ਭਾਈ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਅਮ੍ਰਿਤਪਾਲ ਕੌਰ ਪਤਨੀ ਜਗਦੀਪ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਪਿੰਡ ਤਲਵੰਡੀ ਭਾਈ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਫਿਨੀ ਪੁੱਤਰੀ ਸੁਰੈਣ ਸਿੰਘ ਪੁੱਤਰ ਪਾਖਰ ਸਿੰਘ ਰਾਹੀਂ ਵਾਰਸਾਨ-(ੳ) ਟਿੱਟੂ ਸਿੰਘ ਪੁੱਤਰ ਫਿਨੀ ਪਤਨੀ ਜਰਨੈਲ ਸਿੰਘ ਵਾਸੀ ਪਿੰਡ ਭੰਗਾਲੀ ਤਹਿ. ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ।(ਅ) ਜਗਰੂਪ ਸਿੰਘ ਪੁੱਤਰ ਫਿਨੀ ਪਤਨੀ ਜਰਨੈਲ ਸਿੰਘ ਵਾਸੀ ਪਿੰਡ ਭੰਗਾਲੀ, ਤਹਿ. ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ।

## AXIS BANK LTD.

Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001.

Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025, Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਸ਼ਚਿਤ ਮਿਤੀ 'ਤੇ ਮੂਲ ਰਕਮ ਅਤੇ ਇਸ 'ਤੇ ਵਿਆਜ ਦੀ ਮੁੜ ਅਦਾਇਗੀ ਲਈ ਅਨੇਕਾਂ ਭੁੱਲਾਂ ਕੀਤੀਆਂ ਹਨ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਮੁਤਾਬਿਕ ਅਜਿਹੇ ਖਾਤੇ ਨਾਨ-ਪਰਫਾਰਮਿੰਗ ਐਸਟ ਵਜੋਂ ਕਲਾਸੀਫਾਈਡ ਕਰ ਦਿੱਤੇ ਗਏ ਹਨ।

ਸਰਫੇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਜੋ ਕਿ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਸੂਚਨਾ ਇਸ ਦੇ ਸੰਬੰਧ 'ਚ ਹੀ ਜਨਤਕ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ/ ਕਾਨੂੰਨੀ ਵਾਰਸਾਂ ਦਾ ਨਾਂਅ | 1. ਐੱਨ ਪੀ ਏ ਦੀ ਮਿਤੀ<br>2. ਡਿਮਾਂਡ ਨੋਟਿਸ ਦੀ ਮਿਤੀ<br>3. ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ)<br>4. ਮਨਜ਼ੂਰ ਕਰਜ਼ਾ ਰਕਮ /ਭੁਗਤਾਨ |
|---|---|---|
| 1 | (1) ਸ੍ਰੀ ਦਰਪਨ ਬੇਰੀ ਪੁੱਤਰ ਸਤੀਸ਼ ਇੰਦਰ ਬੇਰੀ (ਮੁਢਲਾ ਅਰਜ਼ੀਕਾਰ)<br>(2) ਸ੍ਰੀ ਕੁਨਾਲ ਬੇਰੀ ਪੁੱਤਰ ਸਤੀਸ਼ ਇੰਦਰ ਬੇਰੀ (ਸਹਿ-ਅਰਜ਼ੀਕਾਰ)<br>(3) ਸ੍ਰੀਮਤੀ ਸੋਨਾਕਸ਼ੀ ਪਤਨੀ ਸ੍ਰੀ ਦਰਪਨ ਬੇਰੀ (ਸਹਿ-ਅਰਜ਼ੀਕਾਰ) | 1. 23-12-2025<br>2. 13-01-2026<br>3. ਰੁਪਏ 98,45,268.91 (ਅਠਾਨਵੇਂ ਲੱਖ ਪੰਜਤਾਲੀ ਹਜ਼ਾਰ ਦੋ ਸੌ ਅਠਾਹਠ ਰੁਪਏ ਅਤੇ ਇਕਾਨਵੇਂ ਪੈਸੇ ਕੇਵਲ)<br>4. (1) ਪ੍ਰਡਕਸ਼ਨ ਕ੍ਰੈਡਿਟ ਰੁਪਏ 5,00,000/- (ਪੰਜ ਲੱਖ ਰੁਪਏ ਕੇਵਲ)<br>(2) ਕਿਸਾਨ ਸਮਰੱਥ ਓਵਰ ਡਰਾਫਟ 95,00,000/-(ਪਚਾਨਵੇਂ ਲੱਖ ਰੁਪਏ ਕੇਵਲ) |
| | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : ਬੈਨਾਮਾ ਨੰ. 2019-20/145/1/3058 ਮਿਤੀ 11.02.2020 ਅਨੁਸਾਰ ਸ੍ਰੀ ਦਰਪਨ ਬੇਰੀ ਅਤੇ ਕੁਨਾਲ ਬੇਰੀ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ ਰਕਬਾ 3.5 ਮਰਲੇ, ਖਸਰਾ ਨੰ. 275 (0-8), ਖੇਵਟ ਨੰ. 274, ਖਤੌਨੀ ਨੰ. 340, ਹੱਦਬਸਤ ਨੰ. 290, ਜਮ੍ਹਾਂਬੰਦੀ ਸਾਲ 2017-18, ਪਿੰਡ ਦੀਨਾਨਗਰ ਵਿਖੇ ਸਥਿਤ, ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਮਾਲਕ (15'-0''), ਪੱਛਮ : ਸੜਕ ਦੀਨਾਨਗਰ (15'-0''), ਉੱਤਰ : ਮਾਲਕ (60'-0'') ਦੱਖਣ : ਗਲੀ 20 ਫੁੱਟ।<br>(2) ਏ-ਤਬਾਦਲਾ ਬੈਨਾਮਾ ਨੰ. 2023-24/145/1/632 ਮਿਤੀ 30.05.2023 ਅਨੁਸਾਰ ਸ੍ਰੀ ਕੁਨਾਲ ਬੇਰੀ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ ਰਕਬਾ 7.5 ਮਰਲਾ, ਖਸਰਾ ਨੰ. 443 (32-3) ਜਿਸ 'ਚੋਂ 15/1286 ਹਿੱਸਾ (0-7.5) ਮਰਲੇ, ਹੱਦਬਸਤ ਨੰ. 290, ਜਮ੍ਹਾਂਬੰਦੀ ਸਾਲ 2018-19, ਪਿੰਡ ਦੀਨਾਨਗਰ ਵਿਖੇ ਸਥਿਤ, ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੁਖਵਿੰਦਰ ਸਿੰਘ (84'-2''), ਪੱਛਮ : ਸ਼ਾਮ ਲਾਲ (84'-2''), ਉੱਤਰ : ਗਲੀ 15 ਫੁੱਟ (49'-2''), ਦੱਖਣ : ਪੰਨਾ ਲਾਲ (49'-2''<br>(2) ਬੀ-ਤਬਾਦਲਾ ਬੈਨਾਮਾ ਨੰ. 2023-24/145/1/633 ਮਿਤੀ 30.05.2023 ਅਨੁਸਾਰ ਸ੍ਰੀ ਦਰਪਨ ਬੇਰੀ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ 7.5 ਮਰਲੇ, ਖਸਰਾ ਨੰ. 443 (32-3), ਜਿਸ 'ਚੋਂ 15/1286 ਹਿੱਸਾ (0-7.5) ਮਰਲੇ, ਹੱਦਬਸਤ ਨੰ. 290, ਜਮ੍ਹਾਂਬੰਦੀ ਸਾਲ 2018-19, ਪਿੰਡ ਦੀਨਾਨਗਰ ਵਿਖੇ ਸਥਿਤ, ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੁਖਵਿੰਦਰ ਸਿੰਘ (84'-2''), ਪੱਛਮ : ਸ਼ਾਮ ਲਾਲ (84'-2''), ਉੱਤਰ : ਗਲੀ 15 ਫੁੱਟ (49'-2''), ਦੱਖਣ : ਪੰਨਾ ਲਾਲ (49'-7'') | |
| 2 | (1) ਸ੍ਰੀ ਕੁਨਾਲ ਬੇਰੀ ਪੁੱਤਰ ਸਤੀਸ਼ ਇੰਦਰ ਬੇਰੀ (ਮੁੱਢਲਾ ਅਰਜ਼ੀਕਾਰ)<br>(2) ਸ੍ਰੀ ਦਰਪਨ ਬੇਰੀ ਪੁੱਤਰ ਸਤੀਸ਼ ਇੰਦਰ ਬੇਰੀ (ਸਹਿ-ਅਰਜ਼ੀਕਾਰ)<br>(3) ਸ੍ਰੀਮਤੀ ਪ੍ਰਿਆ ਬੇਰੀ ਉਰਫ ਪ੍ਰਿਆ ਮੱਕੜ ਪਤਨੀ ਕੁਨਾਲ ਬੇਰੀ (ਸਹਿ-ਅਰਜ਼ੀਕਾਰ) | 1. 23-12-2025<br>2. 15-01-2026<br>3. ਰੁਪਏ 99,89, 928.29 (ਨੜਿਨਵੇਂ ਲੱਖ ਉਨਾਨਵੇਂ ਹਜ਼ਾਰ ਨੌਂ ਸੌ ਅਠਾਈ ਰੁਪਏ ਅਤੇ ਉਨੱਤੀ ਪੈਸੇ ਕੇਵਲ)<br>4. (1) ਪ੍ਰਡਕਸ਼ਨ ਕ੍ਰੈਡਿਟ ਰੁਪਏ 5,00,000/- (ਪੰਜ ਲੱਖ ਰੁਪਏ ਕੇਵਲ)<br>(2) ਕਿਸਾਨ ਸਮਰੱਥ ਓਵਰ ਡਰਾਫਟ 95,00,000/-(ਪਚਾਨਵੇਂ ਲੱਖ ਰੁਪਏ ਕੇਵਲ) |
| | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : ਬੈਨਾਮਾ ਨੰ. 2019-20/145/1/3058 ਮਿਤੀ 11.02.2020 ਅਨੁਸਾਰ ਸ੍ਰੀ ਦਰਪਨ ਬੇਰੀ ਅਤੇ ਕੁਨਾਲ ਬੇਰੀ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ ਰਕਬਾ 3.5 ਮਰਲੇ, ਖਸਰਾ ਨੰ. 275 (0-8), ਖੇਵਟ ਨੰ. 274, ਖਤੌਨੀ ਨੰ. 340, ਹੱਦਬਸਤ ਨੰ. 290, ਜਮ੍ਹਾਂਬੰਦੀ ਸਾਲ 2017-18, ਪਿੰਡ ਦੀਨਾਨਗਰ ਵਿਖੇ ਸਥਿਤ, ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਮਾਲਕ (15'-0''), ਪੱਛਮ : ਸੜਕ ਦੀਨਾਨਗਰ (15'-0''), ਉੱਤਰ : ਮਾਲਕ (60'-0''), ਦੱਖਣ : ਗਲੀ 20 ਫੁੱਟ।<br>2-ਏ ਤਬਾਦਲਾ ਬੈਨਾਮਾ ਨੰ. 2023-24/145/1/632 ਮਿਤੀ 30.05.2023 ਅਨੁਸਾਰ ਸ੍ਰੀ ਕੁਨਾਲ ਬੇਰੀ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ ਰਕਬਾ 7.5 ਮਰਲੇ, ਖਸਰਾ ਨੰ. 443 (32-3) ਜਿਸ 'ਚੋਂ 15/1286 ਹਿੱਸਾ (0-7.5) ਮਰਲੇ, ਹੱਦਬਸਤ ਨੰ. 290, ਜਮ੍ਹਾਂਬੰਦੀ ਸਾਲ 2018-19, ਪਿੰਡ ਦੀਨਾਨਗਰ ਵਿਖੇ ਸਥਿਤ, ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੁਖਵਿੰਦਰ ਸਿੰਘ (84'-2''), ਪੱਛਮ : ਸ਼ਾਮ ਲਾਲ (84'-2''), ਉੱਤਰ ਗਲੀ 15 ਫੁੱਟ (49'-2''), ਦੱਖਣ : ਪੰਨਾ ਲਾਲ (49'-7'')<br>2-ਬੀ-ਤਬਾਦਲਾ ਬੈਨਾਮਾ ਨੰ. 2023-24/145/1/633 ਮਿਤੀ 30.05.2023 ਅਨੁਸਾਰ ਸ੍ਰੀ ਦਰਪਨ ਬੇਰੀ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਮਕਾਨ ਰਕਬਾ 7.5 ਮਰਲੇ ਖਸਰਾ ਨੰ. 443 (32-3) ਜਿਸ 'ਚੋਂ 15/1286 ਹਿੱਸਾ (0-7.5) ਮਰਲੇ ਹਦਬਸਤ ਨੰ. 290 ਜਮ੍ਹਾਂਬੰਦੀ ਸਾਲ 2018-19 ਪਿੰਡ ਦੀਨਾਨਗਰ ਵਿਖੇ ਸਥਿਤ ਤਹਿਸੀਲ ਦੀਨਾਨਗਰ, ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੁਖਵਿੰਦਰ ਸਿੰਘ (84'-2''), ਪੱਛਮ ਸ਼ਾਮ ਲਾਲ (84'-2''), ਉੱਤਰ : ਗਲੀ 15' (49'-2'') ਦੱਖਣ : ਪੰਨਾ ਲਾਲ (49'-7'') | |
| 3 | (1) ਸ੍ਰੀ ਇਕਬਾਲਜੀਤ ਸਿੰਘ ਪੂਨੀਆ ਪੁੱਤਰ ਕਰਨੈਲ ਸਿੰਘ (ਮੁੱਢਲਾ ਅਰਜ਼ੀਕਾਰ)<br>(2) ਸ੍ਰੀਮਤੀ ਸਿਮਰਤ ਰਾਣਾ ਪਤਨੀ ਇਕਬਾਲਜੀਤ ਸਿੰਘ ਪੂਨੀਆ (ਸਹਿ-ਅਰਜ਼ੀਕਾਰ)<br>(3) ਸ੍ਰੀ ਨੌਨਿਹਾਲ ਸਿੰਘ ਪੂਨੀਆ ਪੁੱਤਰ ਇਕਬਾਲਜੀਤ ਸਿੰਘ ਪੂਨੀਆ (ਸਹਿ-ਅਰਜ਼ੀਕਾਰ) | 1. 08-01-2026<br>2. 16-01-2026<br>3. ਰੁਪਏ 74,69,700.40 (ਚੁਹੱਤਰ ਲੱਖ ਉਨੱਤਰ ਹਜ਼ਾਰ ਸੱਤ ਸੌ ਰੁਪਏ ਅਤੇ ਚਾਲੀ ਪੈਸੇ ਕੇਵਲ)<br>4. ਰੁਪਏ 74,75,000(ਚੁਹੱਤਰ ਲੱਖ ਪਝੱਤਰ ਹਜ਼ਾਰ ਰੁਪਏ ਕੇਵਲ) |
| | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : ਤਬਾਦਲਾ ਬੈਨਾਮਾ ਨੰ. 2019-20/128/1/2975 ਮਿਤੀ 10.12.2019 ਅਨੁਸਾਰ ਸ੍ਰੀ ਨੌਨਿਹਾਲ ਸਿੰਘ ਪੁੱਤਰ ਇਕਬਾਲਜੀਤ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਰਕਬਾ 940 ਵਰਗ ਗਜ਼, ਜੋ ਕਿ 1 ਕਨਾਲ 11-1/3 ਮਰਲਾ, ਖੱਤਾ ਨੰ. 79/112, ਖਸਰਾ ਨੰ. 68//24/15 ਮਿਨ/1-11-1/3 ਪੂਨੀਆ ਕਾਲੋਨੀ ਵਿਖੇ ਸਥਿਤ, ਸੰਗਰੂਰ ਨਾਲ ਸੰਬੰਧਤ ਸਭ ਕੁਝ। ਪੂਰਬ : 105'-8'' ਅਤੇ 17'-0'', ਮਕਾਨ ਇਕਬਾਲਜੀਤ ਸਿੰਘ, ਪੱਛਮ : 58'-9'' ਰਸਤਾ 16'-6'' ਚੌੜਾ, ਉੱਤਰ : 95'-0'' ਰਸਤਾ 50'-0'' ਚੌੜਾ, ਦੱਖਣ : 95'-0'' ਪਲਾਟ ਬਲਦੇਵ ਸਿੰਘ। | |
| 4 | (1) ਸ੍ਰੀ ਗੁਰਮੀਤ ਸਿੰਘ ਪੁੱਤਰ ਜੋਗਾ ਸਿੰਘ (ਮੁੱਢਲਾ ਅਰਜ਼ੀਕਾਰ)<br>(2) ਸ੍ਰੀਮਤੀ ਕੁਲਜੀਤ ਕੌਰ ਪਤਨੀ ਗੁਰਮੀਤ ਸਿੰਘ (ਸਹਿ-ਅਰਜ਼ੀਕਾਰ) | 1. 08-01-2026<br>2. 16-01-2026<br>3. ਰੁਪਏ 35,66,999/- (ਪੈਂਤੀ ਲੱਖ ਛਿਆਹਠ ਹਜ਼ਾਰ ਨੌਂ ਸੌ ਨੜਿਨਵੇਂ ਰੁਪਏ ਕੇਵਲ)<br>4. ਰੁਪਏ 35,70,000/- (ਪੈਂਤੀ ਲੱਖ ਸੱਤਰ ਹਜ਼ਾਰ ਰੁਪਏ ਕੇਵਲ) |
| | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : ਬੈਨਾਮਾ ਨੰ. 3979 ਮਿਤੀ 16.11.2017 ਅਤੇ ਤਬਾਦਲਾ ਨੰ. 5660 ਮਾਲੀਆ ਰਿਕਾਰਡ ਮੁਤਾਬਕ ਸ੍ਰੀ ਗੁਰਮੀਤ ਸਿੰਘ ਪੁੱਤਰ ਜੋਗਾ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 56, ਰਕਬਾ 0-8 ਮਰਲੇ, ਜੋ ਕਿ 242 ਵਰਗ ਗਜ਼, ਖੇਵਟ/ਖਤੌਨੀ ਨੰ. 330/382, ਖਸਰਾ ਨੰ. 59//21 (7-1), ਕਿੱਤਾ 1, ਕੁੱਲ ਖੇਤਰ 7 ਕਨਾਲਾਂ 1 ਮਰਲਾ, ਜਿਸ ਵਿੱਚੋਂ 0-8 ਮਰਲੇ, ਜੋ ਕਿ 242 ਵਰਗ ਗਜ਼ ਹੀਰਾ ਨਗਰ ਵਿਖੇ ਸਥਿਤ, ਨੇੜੇ ਨਰੇਸ਼ ਵਿਹਾਰ, ਅੰਬਾਲਾ ਸਿਟੀ ਪਿੰਡ ਪੱਤੀ ਰੰਗੜਾਂ, ਹੱਦਬਸਤ ਨੰ. 40, ਤਹਿਸੀਲ ਤੇ ਜ਼ਿਲ੍ਹਾ ਅੰਬਾਲਾ ਨਾਲ ਸੰਬੰਧਤ ਸਭ ਕੁਝ। ਪੂਰਬ : ਹੋਰ ਮਾਲਕ ਦੀ ਜ਼ਮੀਨ (66'-0''), ਪੱਛਮ : ਹੋਰ ਮਾਲਕ ਦਾ ਪਲਾਟ (66'-0''), ਉੱਤਰ : ਲਾਂਘਾ ਚੌੜਾਈ 4 ਕਰਮਾਂ (33'-0''), ਦੱਖਣ : ਹੋਰ ਦਾ ਪਲਾਟ (33'-0'') | |
| 5 | (1) ਸ੍ਰੀ ਗੌਰਵ ਮਹਾਜਨ ਪੁੱਤਰ ਓਮ ਪ੍ਰਕਾਸ਼ ਮਹਾਜਨ (ਮੁੱਢਲਾ ਅਰਜ਼ੀਕਾਰ ਅਤੇ ਰਹਿਣਕਾਰ)<br>(2) ਆਦਰਸ਼ ਬਾਲਾ ਪਤਨੀ ਓਮ ਪ੍ਰਕਾਸ਼ ਮਹਾਜਨ (ਸਹਿ-ਅਰਜ਼ੀਕਾਰ ਅਤੇ ਰਹਿਣਕਾਰ)<br>(3) ਓਮ ਪ੍ਰਕਾਸ਼ ਮਹਾਜਨ ਪੁੱਤਰ ਟੇਕ ਚੰਦ (ਸਹਿ-ਅਰਜ਼ੀਕਾਰ)<br>(4) ਪੂਜਾ ਗੁਪਤਾ ਪਤਨੀ ਓਮ ਗੌਰਵ ਮਹਾਜਨ (ਸਹਿ-ਅਰਜ਼ੀਕਾਰ) | 1. 07-01-2026<br>2. 17-01-2026<br>3. ਰੁਪਏ 29,71,943.24 (ਉਨੱਤੀ ਲੱਖ ਇਕੱਤਰ ਹਜ਼ਾਰ ਨੌਂ ਸੌ ਤਰਤਾਲੀ ਰੁਪਏ ਅਤੇ ਚੌਵੀ ਪੈਸੇ ਕੇਵਲ)<br>4. ਰੁਪਏ 28,00,000/- (ਅਠਾਈ ਲੱਖ ਰੁਪਏ ਕੇਵਲ) |
| | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : ਬੈਨਾਮਾ ਨੰ. 2018-19/44/1/213 ਮਿਤੀ 24.08.2018 ਅਨੁਸਾਰ ਸ੍ਰੀ ਗੌਰਵ ਮਹਾਜਨ ਪੁੱਤਰ ਓਮ ਪ੍ਰਕਾਸ਼ ਮਹਾਜਨ ਦੇ ਪੱਖ 'ਚ ਪਲਾਟ/ਜਾਇਦਾਦ ਰਕਬਾ 3.33 ਮਰਲੇ ਰੈਕਟ 4 ਕਿੱਲਾ 22/2 (1-8) 'ਚੋਂ ਜਮ੍ਹਾਂਬੰਦੀ ਸਾਲ 2014-15,ਪਿੰਡ ਪੱਖੋ ਚੱਕ ਵਿਖੇ ਸਥਿਤ, ਹੱਦਬਸਤ ਨੰ. 148, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਨਾਲ ਸੰਬੰਧਤ ਸਭ ਕੁਝ। ਉੱਤਰ : ਰਾਮ ਕਿਸ਼ਨ (60'-0''), ਦੱਖਣ : ਯਸ਼ਪਾਲ (60'-0''), ਪੱਛਮ : ਗਲੀ/ਸੜਕ (14'-8''), ਪੂਰਬ : ਕੁਲਦੀਪ ਸਿੰਘ (14'-8'')<br>ਬੈਨਾਮਾ ਨੰ. 7796 ਮਿਤੀ 01.03.2013 ਅਨੁਸਾਰ ਸ੍ਰੀਮਤੀ ਆਦਰਸ਼ ਬਾਲਾ ਪਤਨੀ ਓਮ ਪ੍ਰਕਾਸ਼ ਮਹਾਜਨ ਦੇ ਪੱਖ 'ਚ ਪਲਾਟ/ਜਾਇਦਾਦ ਰਕਬਾ 225 ਵਰਗ ਫੁੱਟ ਰੈਕਟ 29 ਕਿੱਲਾ 6/2 (0-1)-7/2/1(1-5)-14/2(6-15)-15(6-13)-16/2(4-3)-17/1 (0-15) 'ਚੋਂ, ਜਮ੍ਹਾਂਬੰਦੀ ਸਾਲ 2016-17, ਪਿੰਡ ਤਾਰਾਗੜ੍ਹ ਵਿਖੇ ਸਥਿਤ, ਹੱਦਬਸਤ ਨੰ. 146, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਨਾਲ ਸੰਬੰਧਤ ਸਭ ਕੁਝ। (ਉੱਤਰ : ਸੁਖਵਿੰਦਰ ਕੌਰ ਦਾ ਪਲਾਟ (10'-0''), ਦੱਖਣ : ਗਲੀ/ਸੜਕ (10'-0''), ਪੱਛਮ : ਸ਼ੇਰ ਸਿੰਘ/ਹੋਰ ਦਾ ਪਲਾਟ (22'-6''), ਪੂਰਬ : ਦੁਕਾਨ (22'-6'') | |

ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਤਹਿਤ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਹਵਾਲਾ ਲੈਣ ਲਈ ਕਿਹਾ ਜਾਂਦਾ ਹੈ।

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (13) ਅਧੀਨ ਕਰਜ਼ਦਾਰ ਇਸ ਨੋਟਿਸ ਦੇ ਹਵਾਲੇ ਵਾਲੇ ਉਸ ਦੇ ਸਕਿਉਰਡ ਐੱਸਟਸ, ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ, ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 28-01-2026, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

28 Jan Page 8.qxd 1/27/2026 10:44 PM Page 1



# ਲਾਸਾਨੀ ਸ਼ਹਾਦਤ ਬਾਰੇ ਪੰਜਾਬ ਦੀ ਝਾਕੀ 'ਤੇ ਸਮੁੱਚੇ ਦੇਸ਼ ਨੇ ਮਾਣ ਮਹਿਸੂਸ ਕੀਤਾ : ਕੇਜਰੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਗਣਤੰਤਰ ਦਿਵਸ ਮੌਕੇ ਕਰਤਵਿਆ ਪੱਥ 'ਤੇ ਪੰਜਾਬ ਦੀ ਝਾਕੀ ਰਾਹੀਂ ਪੇਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਪੇਸ਼ ਕੀਤਾ ਗਿਆ ਜਿਸ ਨੂੰ ਸਭ ਨੇ ਕਰਤੱਵਿਆ ਪੱਥ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਦੀ ਪੰਜਾਬ ਦੀ ਸ਼ਾਨਦਾਰ ਝਾਕੀ 'ਤੇ ਦੇਸ਼ ਭਰ ਨੇ ਮਾਣ ਮਹਿਸੂਸ ਕੀਤਾ ਤੇ ਸਮੁੱਚੇ ਦੇਸ਼ ਨੂੰ ਉਨ੍ਹਾਂ ਦੀ ਕੁਰਬਾਨੀ ਅਤੇ ਮਨੁੱਖਤਾ ਦੇ ਸਦੀਵੀ ਸੰਦੇਸ਼ ਦੀ ਯਾਦ ਦਿਵਾਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ 'ਹਿੰਦ ਦੀ ਚਾਦਰ' ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਝਾਕੀ ਗਣਤੰਤਰ ਦਿਵਸ ਪਰੇਡ ਵਿੱਚ ਪ੍ਰਦਰਸ਼ਿਤ ਕੀਤੀ ਗਈ।



ਸ਼ਰਧਾਂਜਲੀ ਦਿੱਤੀ, ਇਸ ਝਾਂਕੀ ਨੇ ਆਪਣੇ ਵੱਲ ਧਿਆਨ ਖਿੱਚਦਿਆਂ ਸਮੁੱਚੇ ਦੇਸ਼ ਨੂੰ ਮਾਨਵਤਾ, ਨਿਆਂ ਅਤੇ ਧਰਮ ਦੀ ਰਾਖੀ ਦੇ ਸੰਦੇਸ਼ ਦਿੱਤਾ।ਸੋਸ਼ਲ ਮੀਡੀਆ ਐਪ 'ਐਕਸ' 'ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗਣਤੰਤਰ ਦਿਵਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਮਨੁੱਖੀ ਅਧਿਕਾਰਾਂ, ਧਰਮ ਦੀ ਰਾਖੀ ਅਤੇ ਨਿਆਂ ਦਾ ਇੱਕ ਸਦੀਵੀ ਪ੍ਰਤੀਕ ਹੈ ਅਤੇ ਸਾਨੂੰ ਅਨਿਆਂ ਅਤੇ ਜ਼ੁਲਮ ਵਿਰੁੱਧ ਦ੍ਰਿੜਤਾ ਨਾਲ ਖੜ੍ਹੇ ਹੋਣ ਲਈ ਪ੍ਰੇਰਿਤ ਕਰਦੀ ਹੈ।

# ਐੱਸ ਕੇ ਐੱਮ ਦੇ ਸੱਦੇ 'ਤੇ ਵਿਸ਼ਾਲ ਟਰੈਕਟਰ ਮਾਰਚ ਕੱਢਿਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਐੱਸ ਕੇ ਐੱਮ ਵਿੱਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਵੱਲੋਂ ਸੋਮਵਾਰ ਨੂੰ ਤਹਿਸੀਲ ਸ਼ਾਹਕੋਟ ਦੇ ਵੱਖ-ਵੱਖ ਪਿੰਡਾਂ ਵਿੱਚ 26 ਜਨਵਰੀ ਦੀ ਇਤਿਹਾਸਿਕ ਦਿੱਲੀ ਟਰੈਕਟਰ ਮਾਰਚ ਦੀ ਤਰਜ 'ਤੇ ਟਰੈਕਟਰ ਮਾਰਚ ਕੀਤਾ ਗਿਆ। ਸਮੁੱਚੇ ਵਰਗ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ ਉੱਥੇ ਹੀ ਆਉਣ ਵਾਲੇ ਸਮੇਂ ਵਿੱਚ ਲੋਕਾਂ ਦਾ ਪੱਕੇ ਰੁਜ਼ਗਾਰ ਦੇ ਸਾਧਨ ਸਦਾ ਲਈ ਖਤਮ ਹੋ ਜਾਣਗੇ। ਐੱਸ ਕੇ ਐੱਮ ਦੇ ਬੁਲਾਰਿਆਂ ਨੇ ਸਪਸ਼ਟ ਕੀਤਾ ਕਿ ਕਿਵੇਂ ਇਹ ਕਾਨੂੰਨ ਸਾਰੇ ਪਬਲਿਕ ਸੈਕਟਰ ਦੇ ਅਦਾਰਿਆਂ



ਟਰੈਕਟਰ ਮਾਰਚ ਨੇ ਵੱਖ-ਵੱਖ ਪਿੰਡਾਂ ਵਿੱਚੋਂ ਜਾਂਦੇ ਹੋਏ ਸਰਕਾਰ ਵੱਲੋਂ ਮਾਰੂ ਬਿੱਲਾਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਬਿਜਲੀ ਬਿਲ 2025, ਬੀਜ ਬਿਲ 2025, ਕਿਰਤ ਕਾਨੂੰਨ ਰੱਦ ਕਰਕੇ ਕਿਰਤ ਕੋਡ ਲਾਗੂ ਕਰਨਾ, ਮਨਰੇਗਾ ਨੂੰ ਬੰਦ ਕਰਕੇ ਉਸ ਦੀ ਥਾਂ 'ਤੇ ਜੀ ਰਾਮ ਜੀ ਦਾ ਨਵਾਂ ਕਾਨੂੰਨ ਬਣਾਉਣ ਲੋਕ ਵਿਰੋਧੀ ਹਨ। ਮੰਗਾਂ ਸਬੰਧੀ ਬੋਲਦੇ ਹੋਏ ਬੁਲਾਰਿਆਂ ਨੇ ਦੱਸਿਆ ਕਿ ਇਹ ਸਾਰੇ ਲੋਕ ਵਿਰੋਧੀ ਬਿਲ ਜਿੱਥੇ ਨੂੰ ਨਿੱਜੀ ਹੱਥਾਂ ਵਿੱਚ ਕਾਰਪੋਰੇਟ ਕੰਪਨੀਆਂ ਨੂੰ ਸੌਂਪਣ ਦਾ ਰਾਹ ਪੱਧਰਾ ਕਰਨ ਵਾਲੇ ਹਨ। ਉਹਨਾਂ ਦੱਸਿਆ ਕਿ ਟਰੈਕਟਰ ਮਾਰਚ ਉਸ ਵੱਡੇ ਸੰਘਰਸ਼ ਦੀ ਸ਼ੁਰੂਆਤ ਹੈ, ਜੋ ਕੇਂਦਰ ਸਰਕਾਰ ਵਿਰੁੱਧ ਸ਼ੁਰੂ ਹੋਣ ਜਾ ਰਿਹਾ ਹੈ। ਟਰੈਕਟਰ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਵੱਲੋਂ ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਚਾਹਲ, ਬਲਾਕ ਸਕੱਤਰ ਮਨਜੀਤ ਸਿੰਘ ਸਾਬੀ, ਬਲਾਕ ਸ਼ਾਹਕੋਟ ਦੇ ਪ੍ਰਧਾਨ ਬਲਕਾਰ ਸਿੰਘ ਫਾਜ਼ਲਵਾਲ, ਜ਼ਿਲ੍ਹਾ ਖਜਾਨਚੀ ਜਸਪਾਲ ਸਿੰਘ ਸੰਘਵਾਲ, ਆਲ ਇੰਡੀਆ ਕਿਸਾਨ ਸਭਾ ਵੱਲੋਂ ਵਰਿੰਦਰ ਪਾਲ ਕਾਲਾ, ਬਚਿੱਤਰ ਸਿੰਘ ਤੱਗੜ, ਸੰਤੋਖ ਸਿੰਘ ਸਿੱਧੜ, ਬੀਕੇਯੂ ਲੱਖੋਵਾਲ ਵੱਲੋਂ ਬਲਦੇਵ ਸਿੰਘ ਗੱਟੀ, ਬੂਟਾ ਸਿੰਘ ਮੁਰੀਦਵਾਲ, ਬਲਕਾਰ ਸਿੰਘ ਪੂਨੀਆ, ਸੁਰਿੰਦਰ ਸਿੰਘ ਇੰਸਪੈਕਟਰ, ਮੁਲਾਜ਼ਮ ਜਥੇਬੰਦੀਆਂ ਵੱਲੋਂ ਡੀਟੀਐੱਫ ਜ਼ਿਲਾ ਜਲੰਧਰ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ ਕੋਟਲੀ, ਅਮਨ ਬਾਗਪੁਰ, ਦੇਸਰਾਜ ਜਾਫਰਵਾਲ, ਰਿਟਾਇਰਡ ਜਥੇਬੰਦੀਆਂ ਵੱਲੋਂ ਮਨਵੀਰ ਸਿੰਘ ਮਲਸੀਆਂ, ਪਰਮਿੰਦਰ ਸਿੰਘ ਸੰਘਵਾਲ, ਸਤਪਾਲ ਪੀਟੀਆਈ ਸ਼ਾਹਕੋਟ, ਰਿਟਾਇਰਡ ਖੇਤੀਬਾੜੀ ਅਫਸਰ ਸੁਖਜੀਤ ਸਿੰਘ ਮੀਏਂਵਾਲ, ਅਵਤਾਰ ਸਿੰਘ ਸਾਂਗਵਾਲ, ਤਰਕਸ਼ੀਲ ਸੁਸਾਇਟੀ ਇਕਾਈ ਸ਼ਾਹਕੋਟ ਵੱਲੋਂ ਇਕਾਈ ਮੁਖੀ ਮਨਜੀਤ ਸਿੰਘ, ਅਮੀਸ਼ ਬਾਗਪੁਰ, ਜ਼ਿੰਦਰ ਬਾਗਪੁਰ, ਬਿੱਟੂ ਰੂਪੇਵਾਲੀ, ਗੁਰਦੇਵ ਨਵਾਂ ਕਿਲਾ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਸ਼ਾਮਿਲ ਸਨ।

# ਦਸੂਹਾ ਵਿਖੇ ਗਣਤੰਤਰ ਦਿਵਸ ਮੌਕੇ ਐੱਸ ਡੀ ਐੱਮ ਨੇ ਝੰਡਾ ਲਹਿਰਾਇਆ

**ਦਸੂਹਾ (ਕਰਨੈਲ ਮਾਂਗਟ)**- ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਗਣਤੰਤਰ ਦਿਵਸ ਤੇ ਝੰਡਾ ਲਹਿਰਾਉਣ ਦੀ ਰਸਮ ਐੱਸ ਡੀ ਐੱਮ ਦਸੂਹਾ ਕੰਵਲਜੀਤ ਸਿੰਘ ਨੇ ਨਿਭਾਈ। ਇਸ ਮੌਕੇ ਤੇ ਉਨ੍ਹਾਂ ਪਰੇਡ ਦਾ ਨਿਰੀਖਣ ਕੀਤਾ ਅਤੇ ਸਲਾਮੀ ਲਈ। ਇਸ ਮੌਕੇ ਤੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਮੌਕੇ ਤੇ ਇਸ ਮੌਕੇ ਬੀ ਡੀ ਪੀ ਓ ਗੁਰਮੀਤ ਸਿੰਘ ਚਾਹਲ, ਡੀ ਐੱਸ ਪੀ ਦਸੂਹਾ ਬਲਵਿੰਦਰ ਸਿੰਘ ਜੋੜਾ, ਹਰਕਮਲ ਸਿੰਘ ਰੰਧਾਵਾ



ਤਹਿਸੀਲਦਾਰ ਦਸੂਹਾ, ਨਾਇਬ ਤਹਿਸੀਲਦਾਰ ਰਮੇਸ਼ ਚੀਗਰਾ, ਨਾਇਬ ਤਹਿਸੀਲਦਾਰ ਰਵਿੰਦਰਜੀਤ ਕੌਰ ਗੜ ਦੀਵਾਲਾ, ਅਮਰਜੀਤ ਸਿੰਘ ਭੂਮੀ ਰੱਖਿਆ ਅਫ਼ਸਰ, ਸੰਦੀਪ ਸਿੰਘ ਢਿੱਲੋਂ,ਬਾਵਾ ਸਿੰਘ, ਸੁਖਵਿੰਦਰ ਸਿੰਘ, ਜਸਕਰਨ ਸਿੰਘ, ਰਮਨ ਕੁਮਾਰ, ਹਰਮਨ ਸਿੰਘ, ਸਤਨਾਮ ਸਿੰਘ, ਪ੍ਰਿੰਸੀਪਲ ਗੁਰਵਿੰਦਰ ਸਿੰਘ, ਲੈਕਚਰਾਰ ਜਸਵੀਰ ਸਿੰਘ ਵਿਰਦੀ, ਲੈਕਚਰਾਰ ਬਲਜੀਤ ਸਿੰਘ, ਐੱਸ ਐੱਮ ਓ ਸਿਵਲ ਹਸਪਤਾਲ ਦਸੂਹਾ ਡਾ.ਮਨਮੋਹਨ ਸਿੰਘ,ਵੱਖ-ਵੱਖ ਪਿੰਡਾਂ ਦੇ ਪੰਚ, ਸਰਪੰਚ, ਨੰਬਰਦਾਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

# ਆਰ ਬੀ ਯੂ ਵਿਖੇ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ


**ਮੁਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਵਿੱਚ 77ਵਾਂ ਗਣਤੰਤਰ ਦਿਵਸ ਬੜੇ ਉਤਸ਼ਾਹ, ਦੇਸ਼ਭਗਤੀ ਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਚਾਂਸਲਰ ਤੇ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਵੱਲੋਂ ਤਿਰੰਗਾ ਲਹਿਰਾਉਣ ਨਾਲ ਹੋਈ। ਇਸ ਮੌਕੇ ਗਰੁੱਪ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਮਾਗਮ ਨੂੰ ਸੰਬੋਧਨ ਕਰਦਿਆਂ ਚਾਂਸਲਰ ਸ. ਗੁਰਵਿੰਦਰ ਸਿੰਘ ਬਾਹਰਾ



ਨੇ ਦੇਸ਼ ਦੇ ਅਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਅਜ਼ਾਦੀ ਤੇ ਲੋਕਤੰਤਰਕ ਹੱਕਾਂ ਦਾ ਆਨੰਦ ਮਾਣ ਰਹੇ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਸੰਵਿਧਾਨਿਕ ਮੁੱਲਾਂ ਨੂੰ ਅਪਣਾਉਂਦਿਆਂ ਦੇਸ਼ ਦੀ ਖੁਸ਼ਹਾਲੀ, ਏਕਤਾ ਅਤੇ ਤਰੱਕੀ ਲਈ ਸਰਗਰਮ ਭੂਮਿਕਾ ਨਿਭਾਉਣ।ਸਮਾਗਮ ਵਿੱਚ ਪ੍ਰੋ-ਵਾਈਸ ਚਾਂਸਲਰ ਪ੍ਰੋ. (ਡਾ.) ਐਸ. ਕੇ. ਬਾਂਸਲ, ਵੱਖ-ਵੱਖ ਵਿਭਾਗਾਂ ਦੇ ਡਾਇਰੈਕਟਰ ਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਰਹੇ।

# ਗਣਤੰਤਰ ਦਿਵਸ ਮੌਕੇ ਉੱਘੇ ਸਮਾਜ ਸੇਵੀ ਅਸ਼ੋਕ ਭਾਟੀਆ ਨੂੰ ਪ੍ਰਸ਼ੰਸਾ ਪੱਤਰ

**ਔੜ/ਬੰਗਾ (ਜਸਵੀਰ ਕਾਜਲ)**- ਰਾਜ ਪੱਧਰੀ 26 ਜਨਵਰੀ ਗਣਤੰਤਰ ਦਿਵਸ ਸਮਾਰੋਹ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਪਿੰਡ ਹਰਚੰਦਾਂ ਤੋਂ ਮਾਸਟਰ ਅਸ਼ੋਕ ਭਾਟੀਆ ਜਿਨਾਂ ਨੂੰ ਵੱਖ-ਵੱਖ ਖੇਤਰਾਂ ਦੇ ਵਿੱਚ ਸੇਵਾਵਾਂ ਕਰਨ ਦੇ ਬਦਲੇ,ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਹੋਵੇ, ਵੱਖ ਵੱਖ ਮੁਹਿੰਮ ਅਤੇ ਕੈਂਪਾਂ ਸਬੰਧੀ





ਹੋਵੇ, ਅਤੇ ਸਮਾਜਿਕ ਸੇਵਾਵਾਂ ਦੀਆਂ ਗਤੀਵਿਧੀਆਂ ਦੇ ਵਿੱਚ ਵਡਮੁੱਲਾ ਯੋਗਦਾਨ ਪਾਉਣ ਦੇ ਬਦਲੇ ਮੁੱਖ ਮੰਤਰੀ ਪੰਜਾਬ ਵੱਲੋਂ ਸਨਮਾਨਤ ਕੀਤਾ ਗਿਆ।

# ਗਣਤੰਤਰ ਦਿਵਸ ਮਨਾਇਆ

**ਮਾਹਿਲਪੁਰ (ਰਜ਼ਦੀ)**- ਬਲਾਕ ਮਾਹਿਲਪੁਰ ਅਧੀਨ ਪੈਂਦੇ ਸਰਕਾਰੀ ਹਾਈ ਸਕੂਲ ਟੂਟੋਮਜਾਰਾ ਵਿਖੇ ਗਣਤੰਤਰ ਦਿਵਸ ਮਨਾਇਆ ਗਿਆ। ਮੁੱਖ ਅਧਿਆਪਕ ਬਲਬੀਰ ਸਿੰਘ ਨੇ ਗਣਤੰਤਰ ਦਿਵਸ ਦੀ ਮਹਾਨਤਾ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ



ਦੇਸ਼ ਪਿਆਰ ਦੇ ਗੀਤ, ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਵਰਿੰਦਰ ਕੌਰ ਨੇ ਸਟੇਜ ਦਾ ਸੰਚਾਲਨ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ, ਸਕੂਲ ਦੇ ਸਟਾਫ ਮੈਂਬਰ ਪੂਨਮ ਬੇਦੀ, ਰੇਨੂੰ ਬਾਲਾ, ਅਮਰੀਕ ਸਿੰਘ, ਵਨੀਤਾ ਜੱਸਲ, ਪ੍ਰਵੀਨ ਕੌਰ ,ਕੁਲਵਿੰਦਰ ਕੌਰ, ਅਨੀਤਾ ਰਾਣੀ, ਕੁਲਦੀਪ ਸਿੰਘ ਮਨਦੀਪ ਸਿੰਘ , ਦਰਸ਼ਨ ਕੌਰ , ਭੁਪਿੰਦਰ ਕੌਰ ਹਾਜ਼ਰ ਸਨ।

# ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪਿੰਡ ਕਰਾੜੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਭਵਨ ਕਰਾੜੀ ਦੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਰੁਮਾਲੇ ਭੇਟ ਕੀਤੇ ਗਏ। ਨਗਰ ਕੀਰਤਨ ਦੌਰਾਨ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਇਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਸ੍ਰੀ ਨਨਕਸਰ ਸਾਹਿਬ ਕਰਾੜੀ ਵਿਖੇ ਪਹੁੰਚਿਆ। ਪਿੰਡ ਦੇ ਵਿਚਕਾਰ ਇੱਕ ਸ਼ਰਧਾਲੂ ਪਰਿਵਾਰ ਵੱਲੋਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ।ਲੰਗਰ ਛਕਣ ਉਪਰੰਤ ਸੰਗਤਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਮਹਿਮਾ ਦਾ ਗੁਣਗਾਨ ਕਰਦੀਆਂ ਹੋਇਆ ਸ੍ਰੀ ਗੁਰੂ ਰਵਿਦਾਸ ਭਵਨ ਵਿੱਚ ਪਹੁੰਚੀਆਂ। ਜਿੱਥੇ ਨਗਰ ਕੀਰਤਨ ਦੀ ਸਰਬੱਤ ਦੇ ਭਲੇ ਅਰਦਾਸ ਉਪਰੰਤ ਸਮਾਪਤੀ ਹੋਈ। ਇਸ ਮੌਕੇ ਪ੍ਰਬੰਧਕ



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਇਆ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਨਗਰ ਕੀਰਤਨ ਸੁੰਦਰ ਪਾਲਕੀ ਸਾਹਿਬ 'ਚ ਸਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਕਰਾੜੀ ਤੋਂ ਸ਼ੁਰੂ ਹੋ ਕੇ ਪਹਿਲਾਂ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਪ੍ਰਗਟ ਸਿੰਘ ਜੀ ਸਾਧਾਵਾਲੀ ਪਹੁੰਚਿਆ! ਜਿੱਥੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ, ਬਾਦੇਵਾਨ ਮੰਗਾ ਕਰਾੜੀ, ਮਾਸਟਰ ਪ੍ਰਵੀਨ ਕੁਮਾਰ, ਮਾਸਟਰ ਜਸਵਿੰਦਰ ਕੁਮਾਰ ਵਾਟ ਗੁਰਦੇਵ ਸਿੰਘ (ਸਾਰੇ ਕਮੇਟੀ ਮੈਂਬਰ) ਤੋਂ ਇਲਾਵਾ ਸਰਪੰਚ ਸਰੋਜ ਬਾਲਾ ਗੁਰਵਿੰਦਰ ਕੌਰ, ਜਸਬੀਰ ਕੌਰ, ਜਸਵਿੰਦਰ ਕੁਮਾਰ, ਗੁਰਦੇਵ ਲਾਲ ( ਸਾਰੇ ਪੰਚ) ਕਰਨੈਲ ਚੰਦ (ਸੈਕਟਰੀ ਆਪ), ਬਲਾਕ ਪ੍ਰਧਾਨ ਆਮ ਪਾਰਟੀ ਪਰਮਜੀਤ ਸਿੰਘ ਮਿਨਹਾਸ ਆਦਿ ਤੋਂ ਇਲਾਵਾ ਪਿੰਡ ਦੀ ਵੱਡੀ ਗਿਣਤੀ ਵਿੱਚ ਸੰਗਤ ਹਾਜਰ ਸੀ!

# ਦੇਸ਼ ਭਗਤੀ ਦੇ ਰੰਗ 'ਚ ਰੰਗਿਆ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ



**ਸੁਲਤਾਨਪੁਰ ਲੋਧੀ, (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ 77ਵਾਂ ਗਣਤੰਤਰ ਦਿਵਸ ਬਹੁਤ ਉਤਸ਼ਾਹ, ਮਾਣ ਤੇ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ ਗਿਆ ਜਿਸ ਵਿੱਚ ਰਾਸ਼ਟਰੀ ਕਦਰਾਂ-ਕੀਮਤਾਂ, ਨਾਗਰਿਕ ਚੇਤਨਾ ਅਤੇ ਸੰਪੂਰਨ ਸਿੱਖਿਆ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਦੀ ਪੁਸ਼ਟੀ ਕੀਤੀ ਗਈ।ਸਕੂਲ ਕੈਂਪਸ ਵਿੱਚ ਜਸ਼ਨ ਦੀ ਸ਼ੁਰੂਆਤ ਸਕੂਲ ਦੇ ਪ੍ਰਬੰਧਕ ਇੰਜੀਨੀਅਰ ਨਿਮਰਤਾ ਕੌਰ ਦੁਆਰਾ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ, ਉਪਰੰਤ ਰਾਸ਼ਟਰੀ ਗੀਤ ਪੇਸ਼ ਕੀਤਾ ਗਿਆ। ਸਮਾਰੋਹ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਵਿੱਚ ਸੰਵਿਧਾਨ ਪ੍ਰਤੀ ਮਾਣ, ਏਕਤਾ ਤੇ ਸ਼ਰਧਾ ਦੀ ਡੂੰਘੀ ਭਾਵਨਾ ਭਰ ਦਿੱਤੀ। ਵਿਦਿਆਰਥੀਆਂ ਵੱਲੋਂ ਕੀਤੀ ਗਈ ਰਸਮੀ ਮਾਰਚ ਪਾਸਟ ਨੇ ਦੇਸ਼ ਭਗਤੀ, ਕੁਰਬਾਨੀ ਤੇ ਰਾਸ਼ਟਰੀ ਸਦਭਾਵਨਾ ਦੇ ਆਦਰਸ਼ਾਂ ਨਾਲ ਇੱਕ ਡੂੰਘਾ ਭਾਵਨਾਤਮਕ ਸਬੰਧ ਪੈਦਾ ਕੀਤਾ। ਇਸ ਸਮਾਗਮ ਵਿੱਚ ਸਭ ਤੋਂ ਖਾਸ ਖਿੱਚ ਦਾ ਕੇਂਦਰ ਤਿਰੰਗੇ ਰੰਗ ਦੀਆਂ ਪੋਸ਼ਾਕਾਂ ਪਹਿਨੇ ਹੋਏ ਨੰਨ੍ਹੇ-ਮੁੰਨ੍ਹੇ ਬੱਚੇ ਸਨ। ਬੱਚੇ ਕੇਸਰੀ, ਸਫੇਦ ਅਤੇ ਹਰੇ ਰੰਗ ਦੀਆਂ ਡਰੈੱਸਾਂ ਵਿੱਚ ਸਜੇ ਹੋਏ ਸਨ। ਕਈਆਂ ਨੇ ਤਿਰੰਗੇ ਵਾਲੀਆਂ ਪੱਗਾਂ, ਰਿਬਨ ਅਤੇ ਬੈਜ ਲਗਾਏ ਹੋਏ ਸਨ, ਜੋ ਦੇਸ਼ ਭਗਤੀ ਦਾ ਅਦਭੁਤ ਨਜ਼ਾਰਾ ਪੇਸ਼ ਕਰ ਰਹੇ ਸਨ।

# ਭਗਤ ਰਵਿਦਾਸ ਦਾ ਜਨਮ ਦਿਹਾੜਾ 1 ਨੂੰ ਮਨਾਇਆ ਜਾਵੇਗਾ

**ਮੁਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼੍ਰੋਮਣੀ ਭਗਤ ਰਵਿਦਾਸ ਜੀ ਜਨਮ ਦਿਹਾੜਾ ਮਿਤੀ 1 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਜਨਮ ਦਿਹਾੜਾ ਦੀ ਖੁਸ਼ੀ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਪੰਥਕ ਢਾਡੀ ਜੱਥੇ, ਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ ਜੀ।

# ਸੜਕ ਹਾਦਸੇ 'ਚ ਪਤੀ-ਪਤਨੀ ਦੀ ਮੌਤ

**ਫਿਲੌਰ, (ਨਿਰਮਲ)**- ਤਲਵਣ ਰੋਡ ਫਿਲੌਰ ਵਿਖੇ ਟਰੈਕਟਰ ਟਰਾਲੀ ਤੇ ਮੋਟਰਸਾਈਕਲ ਦੀ ਟੱਕਰ 'ਚ ਪਤੀ ਪਤਨੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਤਲਵਣ ਰੋਡ ਫਿਲੌਰ ਵਿਖੇ ਇੱਕ ਦਰਦਨਾਕ ਹਾਦਸਾ ਹੋਇਆ ਜਿਸ ਦੌਰਾਨ ਟਰੈਕਟਰ ਟਰਾਲੀ ਤੇ ਮੋਟਰਸਾਈਕਲ ਦੀ ਭਿਆਨਕ ਟੱਕਰ ਹੋਈ ਜਿਸਦੇ ਵਿੱਚ ਪਤਨੀ ਪਤਨੀ ਗੰਭੀਰ ਜਖਮੀ ਹੋ ਗਏ ਜਿਨ੍ਹਾਂ ਨੂੰ



ਇਲਾਜ ਲਈ ਫਿਲੌਰ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਹੋਇਆ ਉਨ੍ਹਾਂ ਨੂੰ ਡੀ ਐੱਮ ਸੀ ਲੁਧਿਆਣਾ ਰੈਫਰ ਕੀਤਾ ਗਿਆ ਜਿੱਥੇ ਡਾਕਟਰਾਂ ਵੱਲੋਂ ਦੋਵਾਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ। ਮ੍ਰਿਤਕਾਂ ਦੀ ਪਹਿਚਾਣ ਉਮਾ ਸ਼ੰਕਰ ਅਤੇ ਉਸ ਦੀ ਪਤਨੀ ਇੰਦੂ ਦੇਵੀ ਵਾਸੀ ਇੰਦਰਾ ਕਲੋਨੀ ਵਜੋਂ ਹੋਈ। ਪਿੰਡ ਦੇ ਸਰਪੰਚ ਖੁਸ਼ੀ ਰਾਮ, ਅਜੇ ਕੁਮਾਰ ਨੇ ਦੱਸਿਆ ਕਿ ਉਹ ਨੰਗਲ ਕਰਿਆਨੇ ਦੀ ਦੁਕਾਨ ਤੋਂ ਆਪਣੇ ਘਰ ਦਾ ਸਮਾਨ ਲੈ ਕੇ ਦਵਾਈ ਲੈਣ ਜਾ ਰਹੇ ਸਨ ਤੇ ਘਟਨਾ ਵਾਪਰੀ। ਮ੍ਰਿਤਕ ਵਿਅਕਤੀ ਪੇਂਟ ਦਾ ਰੰਗ ਦਾ ਕੰਮ ਕਰਕੇ ਆਪਣੇ ਪਰਵਾਰ ਦਾ ਗੁਜਾਰਾ ਕਰਦਾ ਸੀ। ਮੌਕੇ ਤੇ ਪਹੁੰਚੇ ਥਾਣਾ ਫਿਲੌਰ ਦੇ ਗੋਬਿੰਦਰ ਸਿੰਘ ਸਬ ਇੰਸਪੈਕਟਰ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦਾ ਪੋਸਟਮਾਰਟਮ ਕਰਕੇ ਲਾਸ਼ਾਂ ਬਾਰਸਾਂ ਦੇ ਹਵਾਲੇ ਕੀਤੀਆਂ ਜਾਣਗੀਆਂ।

# ਡਾ. ਬਲਬੀਰ ਸਿੰਘ ਨੇ ਨਵਾਂਸ਼ਹਿਰ 'ਚ ਲਹਿਰਾਇਆ ਤਿਰੰਗਾ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਨੇ ਆਈ ਟੀ ਆਈ ਗਰਾਊਂਡ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਇਆ।ਕੌਮੀ ਝੰਡਾ ਲਹਿਰਾਉਣ ਉਪਰੰਤ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ



ਨੇ ਮਾਰਚ ਪਾਸਟ ਦੀਆਂ ਟੁਕੜੀਆਂ ਦਾ ਨਿਰੀਖਣ ਕਰਦਿਆਂ ਪਰੇਡ ਤੋਂ ਸਲਾਮੀ ਲਈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਂਕੀਆਂ ਵੀ ਕੱਢੀਆਂ ਗਈਆਂ।ਇਸ ਮੌਕੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਐਸ.ਐਸ.ਪੀ ਤੁਸ਼ਾਰ ਗੁਪਤਾ ਵੀ ਮੌਜੂਦ ਸਨ। ਸਮਾਗਮ ਵਿੱਚ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਪ੍ਰਿਆ ਸੂਦ, ਬਲਾਚੌਰ ਤੋਂ ਵਿਧਾਇਕ ਸੰਤੋਸ਼ ਕਟਾਰੀਆ, ਬੰਗਾ ਤੋਂ ਵਿਧਾਇਕ ਸੁੱਖਵਿੰਦਰ ਕੁਮਾਰ ਸੁਖੀ, ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ, ਵਾਇਸ ਚੇਅਰਮੈਨ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਲਲਿਤ ਮੋਹਨ ਪਾਠਕ, ਵਾਇਸ ਚੇਅਰਮੈਨ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕੁਲਜੀਤ ਸਰਹਾਲ, ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ, ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀ ਹੋਤਰੀ, ਮੈਡਮ ਹਰਜੋਤ ਲੋਹਟਿਆ ਵਾਇਸ ਚੇਅਰਮੈਨ ਐਸ ਸੀ ਕਮਿਸ਼ਨ ਪੰਜਾਬ, ਮਾਰਕੀਟ ਕਮੇਟੀ ਚੇਅਰਮੈਨ ਬੰਗਾ ਬਲਬੀਰ ਕਰਨਾਨਾ, ਅਧਿਕਾਰੀ/ ਕਰਮਚਾਰੀ ਅਤੇ ਲੋਕ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਨੌਜਵਾਨਾਂ ਨੂੰ ਅੰਮ੍ਰਿਤਪਾਨ ਕਰਵਾਉਣ ਸੰਬੰਧੀ ਮੀਟਿੰਗਾਂ

**ਨਕੋਦਰ (ਮਨਜੀਤ ਮਾਨ)**- ਸ਼੍ਰੋਮਣੀ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ, ਮਿਸਲ ਕਮ ਸੁਲਤਾਨ 1300 ਘੋੜ ਸਵਾਰ ਜਥੇਦਾਰ ਬਾਬਾ ਬੀਰ ਸਿੰਘ ਰੰਘਰੇਟਾ ਚੱਲਦਾ ਵਹੀਰ ਚੱਕਰਵਤੀ ਨਿਹੰਗ ਸਿੰਘਾਂ ਕਮ ਸੁਲਤਾਨ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬੀਰ ਸਿੰਘ ਰੰਘਰੇਟਾ ਦਾ 261ਵਾਂ ਸ਼ਹੀਦੀ ਦਿਹਾੜਾ ਅਤੇ ਸੱਚਖੰਡ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਕਾਰ ਸਿੰਘ ਦੀ 12ਵੀਂ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ 7 ਫਰਵਰੀ ਨੂੰ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਸ਼੍ਰੋਮਣੀ ਨਿਹੰਗ ਸਿੰਘਾਂ ਪਿੰਡ ਚਾਟੀਵਿੰਡ ਲੇਹਲ, ਪਿੰਡ ਮਾਗਾਂ ਸਰਾਏ ਮਹਿਤਾ ਰੋਡ ਅੰਮ੍ਰਿਤਸਰ ਵਿਖੇ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ ਹੇਠ ਮਨਾਏ ਜਾ ਰਹੇ ਹਨ।ਬਾਬਾ ਮੇਜਰ ਸਿੰਘ ਸੋਢੀ ਨਨਕਾਣਾ ਸਾਹਿਬ ਵਾਲੇ ਤੇ ਬਾਬਾ ਬਲਵੀਰ ਸਿੰਘ ਚੀਮਾ ਚੇਅਰਮੈਨ ਨਿਹੰਗ ਸਿੰਘ ਜਥੇਬੰਦੀਆਂ ਨੇ ਦੱਸਿਆ ਕਿ ਸਮਾਗਮਾਂ ਦੇ ਸੰਦਰਭ ਵਿਚ ਦੋਆਬੇ ਦੇ ਪਿੰਡ-ਪਿੰਡ ਜਾ ਕੇ ਉਨ੍ਹਾਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਜਿਹੀਆਂ ਬਲਾਮਤਾਂ ਤੋਂ ਬਚਾਅ ਕੇ ਗੁਰੂ ਦੇ ਲੜ ਲੱਗਣ ਤੇ ਅੰਮ੍ਰਿਤ ਪਾਨ ਕਰਵਾਉਣ ਲਈ ਉਹ ਪ੍ਰੇਰਤ ਕਰ ਰਹੇ ਹਨ, ਜਿਸ ਸਬੰਧੀ ਉਨ੍ਹਾਂ ਨੂੰ ਭਾਰੀ ਹੁੰਗਾਰਾ ਪ੍ਰਾਪਤ ਹੋ ਰਿਹਾ ਹੈ। ਇਨ੍ਹਾਂ ਗੁਰਮਤਿ ਸਮਾਗਮਾਂ ਦੇ ਵਿਚ ਤਖਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਅਤੇ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨ, ਸੰਤ ਸਮਾਜ, ਨਿਰਮਲ ਪੰਥ, ਨਾਮਧਾਰੀ ਪੰਥ, ਉਦਾਸੀ ਸੰਪਰਦਾਵਾਂ, ਧਾਰਮਿਕ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸ਼ਖਸ਼ੀਅਤਾਂ ਸ਼ਮੂਲੀਅਤ ਕਰ ਰਹੀਆਂ ਹਨ, ਜਿਸ ਦੌਰਾਨ ਸਵੇਰੇ 10 ਵਜੇ ਤੋਂ ਭਾਰੀ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਾ ਕੇ ਨਿਹਾਲ ਕਰਨਗੇ।ਉਨ੍ਹਾਂ ਦੱਸਿਆ ਕਿ 4 ਤੇ 5 ਫਰਵਰੀ ਨੂੰ ਵਿਰਸਾ ਸੰਭਾਲ ਮਹਾਨ ਨਗਰ ਕੀਰਤਨ ਆਯੋਜਿਤ ਕੀਤਾ ਜਾ ਰਿਹਾ ਹੈ, ਜਦ ਕਿ 6 ਫਰਵਰੀ ਨੂੰ ਕਬੱਡੀ ਕੱਪ ਵੀ ਕਰਵਾਇਆ ਜਾ ਰਿਹਾ ਹੈ।

# ਵਿਧਾਇਕ ਵੱਲੋਂ ਡੋਰ-ਟੂ-ਡੋਰ ਕਚਰਾ ਛਾਂਟ ਮੁਹਿੰਮ ਦਾ ਉਦਘਾਟਨ ਅੱਜ

**ਮੋਹਾਲੀ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੀ ਦੂਰਦਰਸ਼ੀ ਸੋਚ ਅਧੀਨ ਤੇ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ, ਮਿਊਂਸਿਪਲ ਕਾਰਪੋਰੇਸ਼ਨ ਮੋਹਾਲੀ (ਐਮ.ਸੀ.) ਵੱਲੋਂ 28 ਜਨਵਰੀ ਨੂੰ ਸਵੇਰੇ 9 ਵਜੇ ਐਮ.ਸੀ. ਦਫ਼ਤਰ ਇਮਾਰਤ ਤੋਂ ਫਲੈਗਸ਼ਿਪ ਡੋਰ-ਟੂ-ਡੋਰ ਛਾਂਟਿਆ ਹੋਇਆ ਕਚਰਾ ਇਕੱਠਾ ਕਰਨ ਦੀ ਯੋਜਨਾ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਇਤਿਹਾਸਕ ਪਹਿਲ ਤਹਿਤ ਘਰਾਂ ਤੇ ਦਫ਼ਤਰਾਂ 'ਚ ਹੀ ਕਚਰੇ ਨੂੰ ਗਿੱਲਾ, ਸੁੱਕਾ ਤੇ ਖ਼ਤਰਨਾਕ ਸ਼੍ਰੇਣੀਆਂ ਵੱਚ ਛਾਂਟਣਾ ਲਾਜ਼ਮੀ ਹੋਵੇਗਾ, ਜਿਸ ਨਾਲ ਮਿਲਿਆ-ਜੁਲਿਆ ਕਚਰਾ ਘੱਟੇਗਾ, ਪ੍ਰਕਿਰਿਆ ਤੇਜ਼ ਹੋਵੇਗੀ ਤੇ ਕਚਰਾ ਵਿਗਿਆਨਕ ਢੰਗ ਨਾਲ ਰਿਸੋਰਸ ਮੈਨੇਜਮੈਂਟ ਸੈਂਟਰਾਂ ਤੇ ਜਗਤਪੁਰਾ ਵਿਖੇ ਸਥਿਤ 150 ਟਨ ਸਮਰੱਥਾ ਵਾਲੇ ਅਧੁਨਿਕ ਪਲਾਂਟ ਨਾਲ ਜੋੜਿਆ ਜਾਵੇਗਾ। ਗਾਰਬੇਜ ਵਲਨਰੇਬਲ ਪੁਆਇੰਟਸ 'ਤੇ ਰੋਕ ਅਤੇ ਨਿੱਜੀ ਠੇਕੇਦਾਰਾਂ ਦੀਆਂ ਵਿਸ਼ੇਸ਼ ਗੱਡੀਆਂ ਨਾਲ ਮਕੈਨਿਕਲ ਸੜਕ ਸਫ਼ਾਈ ਦੇ ਏਕੀਕਰਨ ਰਾਹੀਂ ਤੇਜ਼, ਸੁਚੱਜਾ ਅਤੇ ਸਾਫ਼ ਕਚਰਾ ਪ੍ਰਬੰਧ ਯਕੀਨੀ ਬਣਾਇਆ ਜਾਵੇਗਾ, ਜੋ ਸਾਲਿਡ ਵੇਸਟ ਮੈਨੇਜਮੈਂਟ ਰੂਲਜ਼, 2016 ਅਧੀਨ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਹਦਾਇਤਾਂ ਦੀ ਪੂਰੀ ਪਾਲਣਾ ਕਰਦਾ ਹੈ।

# ਗੁਰੂ ਰਵਿਦਾਸ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਜਾਈ ਸ਼ੋਭਾ ਯਾਤਰਾ



**ਆਦਮਪੁਰ (ਪਰਮਜੀਤ)**- ਜਗਤ ਗੁਰੂ ਰਵਿਦਾਸ ਮਹਾਰਾਜ ਦੇ 649 ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਆਦਮੁਪੁਰ ਦੋਆਬਾ ਦੇ ਪਿੰਡ ਖੋਜਕੀਪੁਰ ਸਲਾਲਾ ਦੀਆਂ ਸਮੂਹ ਸੰਗਤਾਂ ਦੇ - ਸਹਿਯੋਗ ਨਾਲ ਪੰਜ ਪਿਆਰਿਆਂ ਦੀ ਹਾਜਰੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਹਾਨ ਸ਼ੋਭਾ ਯਾਤਰਾ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਗੁਰਦਵਾਰਾ ਸਾਹਿਬ ਤੋਂ ਜੈਕਾਰਿਆਂ ਤੇ ਬੈਂਡ ਵਾਜਿਆਂ - ਨਾਲ ਅਰੰਭ ਹੋਈ! ਵੱਖ ਵੱਖ ਨਗਰਾਂ ਮਨਸੂਰ ਪੁਰ ਬਡਾਲਾ, ਡੀਂਗਰੀਆਂ, ਨਾਹਲਾਂ, ਪੰਡੋਰੀ ਨਿੱਝਰਾਂ,- ਨਾਜਕਾ, ਭੇਲਾਂ, ਸਾਰੋਵਾਹਦ, ਮਹੱਦੀ ਪੁਰ, ਕੋਟਲੀ ਅਆਰੀਆਂ, ਧੁਦਿਆਲ ਤੋਂ ਹੁਦਿਆਂ ਹੋਇਆਂ ਵਾਪਿਸ ਗੁਰਦੁਆਰਾ ਖੋਜਕੀਪੁਰ ਵਿਖੇ ਸਮਾਪਤ ਹੋਈ। ਸ਼ੋਭਾ ਯਾਤਰਾ ਦੌਰਾਨ ਕੀਰਤਨੀ ਜੱਥੇ ਵੱਲੋਂ ਜਗਤ ਗੁਰੂ - ਰਵਿਦਾਸ ਦੀ ਮਹਿਮਾ ਦਾ ਗੁਣਗਾਨ ਕਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਵੱਖ ਵੱਖ ਸਭ ਨਗਰਾਂ ਵਲੋਂ ਸੋਭਾ ਯਾਤਰਾ ਦਾ ਸਤਿਕਾਰ ਕਰਦਿਆਂ ਸੰਗਤਾਂ ਲਈ ਫਲ ਵੰਡੇ ਤੇ ਲੰਗਰ ਲਗਾਏ ਗਏ! ਇਸ ਮੌਕੇ ਸੰਗਤਾਂ ਵਿੱਚ ਪਰਮਜੀਤ ਸਿੰਘ ਪੋਲਾ ਖੋਜਕੀਪੁਰ , ਅਮਨਵੀਰ ਸਿੰਘ ਮੀਰੀ , ਰਾਮ ਲੁਭਾਇਆ, ਮੋਹਣ ਲਾਲ ਸਿੰਘ, ਅਮਨਦੀਪ ਸਿੰਘ ਢਿੱਲੋਂ, ਮੱਖਣ ਸਿੰਣ ਯੂ ਐਸ ਏ,, ਸੋਢੀ ਰਾਮ, ਮੰਗਾ, ਰਾਜੂਕੁਮਾਰ, ਮਲਕੀਤ ਸਿੰਘ, ਬਲਵਿੰਦਰ ਸਿੰਘ,ਸਰਵਣ ਸਿੰਘ, ਜਸਕਰਨ ਸਿੰਘ , ਹੁਸਨ ਲਾਲ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਰਹੇ।

# ਸਰਕਾਰ ਪਾਣੀ ਦੇ ਬਿੱਲ ਦੁਬਾਰਾ ਲਾਗੂ ਕਰਨ ਦੇ ਯਤਨ 'ਚ : ਕਰਨ ਸਿੰਘ ਰਾਣਾ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਗੁਪਤ ਤਰੀਕੇ ਨਾਲ ਪੀਣ ਵਾਲੇ ਪਾਣੀ ਦੇ ਬਿੱਲਾਂ ਨੂੰ ਦੋਬਾਰਾ ਲਾਗੂ ਕਰਨ ਦਾ ਯਤਨ ਕਰ ਰਹੀ ਹੈ। ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ



ਦਸ ਸਾਲ ਲੰਬਾ ਸੰਘਰਸ਼ ਲੜ ਕੇ ਇਹਨਾਂ ਬਿੱਲਾਂ ਦੀ ਮਾਫੀ ਕਰਵਾਈ ਸੀ ਜੇ ਸਰਕਾਰ ਨੇ ਇਹਨਾਂ ਨੂੰ ਦੋਬਾਰਾ ਲਾਗੂ ਕਰਨ ਦਾ ਯਤਨ ਕੀਤਾ ਤਾਂ ਜਬਰਦਸਤ ਵਿਰੋਧ ਹੋਵੇਗਾ। ਪੀਣ ਵਾਲੇ ਪਾਣੀ ਦੇ ਬਿਲਾਂ ਦੀ ਮੁਆਫੀ ਦਾ ਸੰਘਰਸ਼ ਲੋਕਾਂ ਨੇ ਅਕਤੂਬਰ 2021 ਵਿੱਚ ਜਿੱਤਿਆ ਸੀ ਜਿਸ ਦਾ ਬਕਾਇਦਾ ਸਰਕਾਰੀ ਨੋਟੀਫਿਕੇਸ਼ਨ 18 ਅਕਤੂਬਰ 2021 ਨੂੰ ਹੋਇਆ ਸੀ।

# ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਮਤਿ ਸਮਾਗਮ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਗੋਪਾਲੀਆ ਵਿਖੇ ਗੁਰਦੁਆਰਾ ਬਾਬਾ ਜੋਹ ਚੰਦ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਅਨੋਖੇ ਅਮਰ ਸ਼ਹੀਦ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ 344ਵੇਂ ਪ੍ਰਕਾਸ਼ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਜਥੇਦਾਰ ਬਾਬਾ ਕੁਲਵਰਨ ਸਿੰਘ ਬੈਂਸ ਗੋਪਾਲੀਆ, ਜਥੇਦਾਰ ਬਾਬਾ ਹਰਵਿੰਦਰ ਸਿੰਘ ਰਾਣਾ ਭੁਬਿਆਣਾ ਦਲ ਪੰਥ ਸ਼ਹੀਦ ਬਾਬਾ ਦੀਪ ਸਿੰਘ ਛਾਉਣੀ ਨਿਹੰਗ ਸਿੰਘਾਂ ਹੈਂਡ ਆਫ਼ਿਸ ਗੋਪਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਦਿਹਾੜੇ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਉਂਕਾਰ ਸਿੰਘ ਮਾਨ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਬਲਜੋਤ ਸਿੰਘ ਚੱਬੇਵਾਲ, ਭਾਈ ਸਿਮਰਨ ਜੀਤ ਸਿੰਘ ਕਵੀਸ਼ਰ ਜੱਥਾ ਤੋਂ ਇਲਾਵਾ



ਹੋਰ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰ ਪ੍ਰਚਾਰਕ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਬਾਬਾ ਕੁਲਵਰਨ ਸਿੰਘ ਗੋਪਾਲੀਆ ਨੇ ਦੱਸਿਆ ਕਿ ਪ੍ਰਕਾਸ਼ ਦਿਹਾੜੇ ਸਮਾਗਮ ਦੌਰਾਨ ਸੰਗਤਾਂ ਦੀ ਸਹੂਲਤ ਲਈ ਦਾਦਰਾ ਹਸਪਤਾਲ ਭਾਮ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਸਮਾਗਮ ਦੌਰਾਨ ਜਥੇਦਾਰ ਕੁਲਵਰਨ ਸਿੰਘ ਸਿੰਘ ਬੈਂਸ ਗੋਪਾਲੀਆ, ਮੀਤ ਜਥੇਦਾਰ ਬਾਬਾ ਹਰਵਿੰਦਰ ਸਿੰਘ ਰਾਣਾ ਭੁਬਿਆਣਾ, ਜਥੇਦਾਰ ਅਜੀਤ ਸਿੰਘ ਬਾਸੀ ਦਿਹਾਣਾ, ਬਲਰਾਜ ਸਿੰਘ ਰਹੱਲੀ, ਬਲਜੀਤ ਸਿੰਘ, ਹਰਪ੍ਰੀਤ ਸਿੰਘ ਹੈਪੀ, ਅਵਤਾਰ ਸਿੰਘ ਰੂਪੋਵਾਲ, ਕੁਲਵੰਤ ਸਿੰਘ, ਨਿੱਕੂ,ਬਲਜੀਤ ਸਿੰਘ ਖਾਲਸਾ, ਹਰਜਿੰਦਰ ਸਿੰਘ, ਅਮਨਪ੍ਰੀਤ ਸਿੰਘ, ਅਮਰਜੀਤ ਸਿੰਘ, ਅਰਸ਼ਦੀਪ ਸਿੰਘ, ਮਨਜਿੰਦਰ ਸਿੰਘ, ਹਰਭਜਨ ਸਿੰਘ, ਗੁਰਦਿਆਲ ਸਿੰਘ, ਅਜੀਤ ਸਿੰਘ, ਪਰਮਜੀਤ ਸਿੰਘ ਜੌਹਲ, ਨੰਬਰਦਾਰ ਰਣਜੀਤ ਸਿੰਘ ਗੋਪਾਲੀਆ, ਜਥੇਦਾਰ ਮਨਜੀਤ ਸਿੰਘ ਖਾਲਸਾ ਸਰਹਾਲਾ ਕਲਾਂ, ਜਸਵਿੰਦਰ ਸਿੰਘ, ਸੁਖਜਿੰਦਰ ਸਿੰਘ ਸੁੱਖ, ਬਖਸ਼ੀਸ਼ ਸਿੰਘ, ਜਸਪ੍ਰੀਤ ਸਿੰਘ, ਅਮਰੀਕ ਸਿੰਘ, ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਚ ਸੰਗਤਾਂ ਹਾਜ਼ਰ ਸਨ।

# ਅਧਿਆਪਕ ਗੁਰਮੇਜਰ ਸਿੰਘ ਤੇ ਸੰਦੀਪ ਕੁਮਾਰ ਦਾ ਸਨਮਾਨ

ਆਦਮਪੁਰ (ਪਰਮਜੀਤ ਸਿੰਘ) ਭਾਰਤ ਦੇ 77ਵੇਂ ਗਣਤੰਤਰ ਦਿਵਸ ਦੇ ਪਵਿੱਤਰ ਮੌਕੇ 'ਤੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ 'ਤੇ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ, ਪੰਜਾਬ ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ, ਜਲੰਧਰ ਵਲੋਂ ਬਲਾਕ ਆਦਮਪੁਰ ਦੇ ਸਰਕਾਰੀ ਹਾਈ ਸਕੂਲ ਖੋਜਕੀ ਪੁਰ ਨੰਗਲ ਸਾਲਾਲਾ ਦੇ ਅਧਿਆਪਕ ਸ੍ਰੀ



ਗੁਰਮੇਜਰ ਸਿੰਘ ਤੇ ਸ਼੍ਰੀ ਸੰਦੀਪ ਕੁਮਾਰ ਨੂੰ ਆਪਣੇ ਕਿੱਤੇ ਸਿੱਖਿਆ ਖੇਤਰ,ਖੇਡ ਖੇਤਰ ਅਤੇ ਚੋਣ ਕਮਿਸ਼ਨ ਵਿੱਚ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਦੇ ਬਦਲੇ ਪ੍ਰਸ਼ੰਸਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਇਹਨਾਂ ਅਧਿਆਪਕ ਸਾਥੀਆਂ ਨੇ ਕਿਹਾ ਕਿ ਅਸੀਂ ਸ਼ੁਕਰ ਗੁਜ਼ਾਰ ਹਾਂ ਕਿ ਉਸ ਅਕਾਲ ਪੁਰਖ , ਆਪਣੇ ਮਾਤਾ-ਪਿਤਾ ਤੇ ਆਪਣੇ ਸਾਥੀਆਂ ਦੇ ਜਿਨ੍ਹਾਂ ਦੇ ਸਹਿਯੋਗ ਤੇ ਹੱਲ੍ਹਾ ਸ਼ੇਰੀ ਸਦਕੇ ਇਹ ਸਨਮਾਨ ਪੱਤਰ ਪ੍ਰਾਪਤ ਹੋਇਆ ਹੈ।

# ਗਣਤੰਤਰ ਦਿਵਸ ਮਨਾਇਆ




**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਪੀ ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਸਕੂਲ ਦੇ ਪ੍ਰਿੰਸੀਪਲ ਰਤਨਪਾਲ ਗੁਪਤਾ ਨੇ ਤਿਰੰਗਾ ਲਹਿਰਾਇਆ ਤੇ ਪਰੇਡ ਤੋਂ ਸਲਾਮੀ ਲਈ। ਸ਼ਾਨਦਾਰ ਪਰੇਡ ਤੋਂ ਬਾਅਦ, ਸਕੂਲ ਦੇ ਸੰਗੀਤ ਅਧਿਆਪਕ, ਰਵਿੰਦਰ ਸਿੰਘ ਦੀ ਨਿਗਰਾਨੀ ਹੇਠ ਦੇਸ਼ ਭਗਤੀ ਦੇ ਗੀਤ, ਮਹਾਰਾਸ਼ਟਰ ਰਾਜ ਨਾਚ (ਗੋਂਡਲ), ਪੰਜਾਬ ਦਾ ਗਿੱਧਾ, ਭੰਗੜਾ ਪੇਸ਼ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਕੇ ਕੇ ਸੂਦ, ਲੈਫਟੀਨੈਂਟ ਸ਼ਾਲਿਨੀ ਨੇਗੀ, ਹਰਦੀਪ ਸਿੰਘ, ਹੰਸਿਕਾ, ਉੱਨਤੀ ਸ਼ਰਮਾ ਤੇ ਸਕੂਲ ਦਾ ਸਮੁੱਚਾ ਸਟਾਫ਼ ਅਤੇ ਬੱਚੇ ਮੌਜੂਦ ਸਨ।

# ਗਣਤੰਤਰ ਦਿਵਸ ਮੌਕੇ ਕਿਸਾਨਾਂ ਵੱਲੋਂ ਵਿਸ਼ਾਲ ਟਰੈਕਟਰ ਮਾਰਚ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਗਣਤੰਤਰ ਦਿਵਸ ਮੌਕੇ ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਵਿੱਚ ਸ਼ਾਮਿਲ ਕਿਸਾਨ ਪੇਂਡੂ ਮਜ਼ਦੂਰ ਯੂਨੀਅਨ, ਖੇਤ ਮਜ਼ਦੂਰ ਯੂਨੀਅਨ ਤੇ ਮੁਲਾਜ਼ਮ ਯੂਨੀਅਨ, ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਟਰੈਕਟਰ ਰੋਸ ਮਾਰਚ ਕੀਤਾ ਗਿਆ। ਸੁਲਤਾਨਪੁਰ ਲੋਧੀ ਦਾਣਾ ਮੰਡੀ ਵਿੱਚ ਪਹਿਲਾਂ ਭਾਰੀ ਇਕੱਠ ਹੋਇਆ ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਕਿਸਾਨੀ ਮੰਗਾਂ ਬਿਜਲੀ ਬਿੱਲ 2025 ਵਾਪਸ ਲੈਣ ਤੇ ਬੀਜ ਬਿੱਲ ਰੱਦ ਕਰਨ, ਐਮ ਐਸ ਪੀ 'ਤੇ ਖਰੀਦ ਦਾ ਗਰੰਟੀ ਕਾਨੂੰਨ ਬਣਾਉਣ ,ਵੱਖ-ਵੱਖ ਮੁਲਕਾਂ ਨਾਲ ਕੀਤੇ ਜਾ ਰਹੇ ਟੈਕਸ ਮੁਕਤ ਵਪਾਰ ਸਮਝੌਤਿਆ ਵਿੱਚ ਖੇਤੀ ਅਤੇ ਖੇਤੀ ਨਾਲ ਸੰਬੰਧਿਤ ਹੋਰ ਖੇਤਰਾਂ ਨੂੰ ਬਾਹਰ ਰੱਖਣ, ਮਜ਼ਦੂਰ ਵਿਰੋਧੀ 4 ਲੇਬਰ ਕੋਡ ਰੱਦ ਕੀਤੇ ਜਾਣ, ਮਨਰੇਗਾ ਬਹਾਲ ਕਰੋ, ਕਿਸਾਨ ਦੀ ਮਰਜ਼ੀ ਬਿਨਾਂ ਜਮੀਨ ਅਕਵਾਇਰ ਨਾ ਹੋਵੇ, ਕਿਸਾਨ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਰੋਕਣ ਲਈ ਕਰਜੇ ਦੇ ਬੋਝ ਥੱਲੇ ਦੱਬੇ ਕਿਸਾਨਾਂ ਮਜ਼ਦੂਰਾਂ ਦੇ ਕਰਜੇ ਮਾਫ ਕੀਤੇ ਜਾਣ, ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸਲਾਂ, ਮਨੁੱਖੀ ਜਾਨਾਂ, ਘਰਾਂ ਤੇ ਪਸ਼ੂਆਂ ਦਾ ਪੂਰਾ ਮੁਆਵਜ਼ਾ ਤੇ ਹੜਾਂ ਦੀ ਰੋਕਥਾਮ ਲਈ ਪੱਕੇ ਪ੍ਰਬੰਧਾਂ ਦੀ ਮੰਗ ਕੀਤੀ। ਇਸ ਤੋਂ ਇਲਾਵਾ ਬੁਲਾਰਿਆਂ ਨੇ ਸਮਾਰਟ ਮੀਟਰਾਂ 'ਤੇ ਤੰਨਜ ਕਸਦਿਆਂ ਕਿਹਾ ਕਿ ਲੋਕਾਂ ਨੂੰ ਸਮਾਰਟ ਸਿੱਖਿਆ, ਸਮਾਰਟ ਸਿਹਤ ਸਹੂਲਤਾਂ ਤੇ ਰੁਜ਼ਗਾਰ ਚਾਹੀਦਾ ਹੈ। 77ਵੇਂ ਗਣਤੰਤਰ ਦਿਵਸ ਮੌਕੇ ਸੰਯੁਕਤ ਕਿਸਾਨ ਮੋਰਚਾ ਨੇ 26 ਜਨਵਰੀ ਨੂੰ ਲੋਕ ਅਧਿਕਾਰਾਂ ਦੀ ਰਾਖੀ ਨੂੰ ਸਮਰਪਿਤ ਕੀਤਾ। ਉਹਨਾਂ ਕਿਹਾ ਕਿ ਸੰਵਿਧਾਨ ਸਾਨੂੰ ਲਿਖਣ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਿੰਦਾ ਹੈ। ਕੇਂਦਰ ਸਰਕਾਰ ਸੰਵਿਧਾਨਿਕ ਹੱਕਾਂ ਨੂੰ ਤਾਨਾਸ਼ਾਹੀ ਤਰੀਕੇ ਨਾਲ ਕੁਚਲ ਰਹੀ



ਹੈ। ਕੇਂਦਰ ਸਰਕਾਰ ਸਾਰੇ ਰਾਜਨੀਤਕ ਕੈਦੀਆਂ ਨੂੰ ਰਿਹਾਅ ਕਰੇ, ਜਿਨਾਂ ਵਿੱਚ ਬਿਨਾਂ ਮੁਕਦਮਾ ਚਲਾਏ ਸਾਰੇ ਕੈਦੀ ਸ਼ਾਮਿਲ ਹਨ ਤੇ ਸਜਾਵਾਂ ਭੁਗਤ ਚੁੱਕੇ ਕੈਦੀ ਵੀ ਰਿਹਾਅ ਕੀਤੇ ਜਾਣ। ਪੰਜਾਬ ਸਰਕਾਰ ਵੱਲੋਂ ਪ੍ਰੈਸ ਦੀ ਆਜ਼ਾਦੀ ਅਤੇ ਪੱਤਰਕਾਰਾਂ 'ਤੇ ਦਬਾਅ ਪਾਉਣ ਲਈ ਕੀਤੇ ਜਾ ਰਹੇ ਪਰਚੇ ਦਰਜ ਕਰਨ ਦੀ ਸਖਤ ਨਿੰਦਾ ਕੀਤੀ ਗਈ। ਇਸ ਮੌਕੇ ਵਿਸ਼ਾਲ ਟਰੈਕਟਰ ਮਾਰਚ ਜੋ ਨਵੀਂ ਦਾਣਾ ਮੰਡੀ ਤੋਂ ਆਰੰਭ ਹੋ ਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਬੇਰ ਸਾਹਿਬ ਨੇੜੇ ਪੁੱਡਾ ਕਲੋਨੀ ਤੋਂ ਵਾਪਸ ਤਲਵੰਡੀ ਚੌਧਰੀਆਂ ਪੁਲ ਦੇ ਨਜ਼ਦੀਕ ਸਮਾਪਤ ਹੋਇਆ ਜਿਸ ਵਿੱਚ ਵੱਡੀ ਤਾਦਾਦ ਵਿੱਚ ਕਿਸਾਨਾਂ ਨੇ ਟਰੈਕਟਰਾਂ ਸਮੇਤ ਹਿੱਸਾ ਲਿਆ ਅਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਗੁਰੂ ਨਾਨਕ ਸੇਵਕ ਜਥਾ ਬਾਹਰਾ ਵੱਲੋਂ ਚਾਹ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਰਜਿੰਦਰ ਸਿੰਘ ਰਾਣਾ ਐਡਵੋਕੇਟ ਸੰਯੁਕਤ ਕਿਸਾਨ ਮੋਰਚਾ, ਅਮਰਜੀਤ ਸਿੰਘ ਟਿੱਬਾ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ, ਜਸਵਿੰਦਰ ਸਿੰਘ ਵਿੱਤ ਸਕੱਤਰ, ਆਲ ਇੰਡੀਆ ਕਿਸਾਨ ਸਭਾ ਮੁਕੰਦ ਸਿੰਘ ਭੁਲਾਨਾ, ਪਰਮਜੀਤ ਸਿੰਘ ਬਾਊਪੁਰ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਕਪੂਰਥਲਾ, ਨਿਰਮਲ ਸਿੰਘ ਸ਼ੇਰਪੁਰ ਸੱਦਾ ਸੂਬਾਈ ਆਗੂ ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਬਲਦੇਵ ਸਿੰਘ ਭਾਰਤ ਨਿਰਮਾਣ ਯੂਨੀਅਨ ਪੰਜਾਬ ਬਲਦੇਵ ਸਿੰਘ ਚੰਨਣ ਵਿੰਡੀ ਪ੍ਰਧਾਨ ਦੁਆਬਾ ਕਿਸਾਨ ਕਮੇਟੀ ਕਪੂਰਥਲਾ, ਸੁਖਦੇਵ ਸਿੰਘ ਪੈਨਸ਼ਨ ਯੂਨੀਅਨ ਪਾਵਰਕਾਮ, ਅਜੀਤ ਸਿੰਘ ਔਜਲਾ ਸਾਬਕਾ ਪ੍ਰਧਾਨ ਕਿਸਾਨ ਕਲੱਬ ਪੀ ਏ ਯੂ ਲੁਧਿਆਣਾ, ਸੁਰਜੀਤ ਸਿੰਘ ਟਿੱਬਾ ਵਾਤਾਵਰਨ ਕਮੇਟੀ, ਪ੍ਰਿੰਸੀਪਲ ਲਖਬੀਰ ਸਿੰਘ, ਕਰਨੈਲ ਸਿੰਘ ਸੱਦੂਵਾਲ ਕਿਰਤੀ ਕਿਸਾਨ ਯੂਨੀਅਨ , ਰਵਿੰਦਰ ਸਿੰਘ ਰਵੀ ਅਮਰਕੋਟ, ਬਲਵਿੰਦਰ ਸਿੰਘ ਬੱਗਾ,ਜਗਰੂਪ ਸਿੰਘ ਮੋਕੇ, ਅਮਰੀਕ ਸਿੰਘ ਟਿੱਬਾ, ਡਾ ਹਰਜਿੰਦਰ ਸਿੰਘ ਲਾਲੀ, ਮਾਸਟਰ ਜਸਬੀਰ ਸਿੰਘ ਸੂਜੋ ਕਾਲੀਆ, ਸੁਖਦੇਵ ਸਿੰਘ ਪੰਚ, ਜੱਗਾ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ, ਨਰਿੰਦਰ ਸਿੰਘ ਸੋਨੀਆ, ਬਲਵਿੰਦਰ ਸਿੰਘ ਫੌਜੀ ਕਲੋਨੀ, ਦਲਬੀਰ ਸਿੰਘ, ਦਵਿੰਦਰਪਾਲ ਸਿੰਘ, ਮਨਪ੍ਰੀਤ ਸਿੰਘ, ਗੁਰਮੀਤ ਸਿੰਘ ਚੱਕ ਕੋਟਲਾ, ਕਸ਼ਮੀਰ ਸਿੰਘ ਭੰਡਾਲ ਦੋਨਾਂ, ਗੁਰਦੀਪ ਸਿੰਘ ਨਬੀਪੁਰ, ਬਲਜਿੰਦਰ ਸਿੰਘ , ਸ਼ਿੰਦਰਪਾਲ ਸਿੰਘ ਚੰਨਣਵਿੰਡੀ, ਹਰਪ੍ਰੀਤ ਸਿੰਘ ਧੰਜੂ, ਮਹਿੰਗਾ ਸਿੰਘ ਠੱਟਾ, ਸੰਤਾ ਸਿੰਘ, ਬਲਦੇਵ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਸਿੰਘ ਭੋਲਾ, ਸੁਰਿੰਦਰ ਸਿੰਘ, ਗਿਆਨ ਸਿੰਘ, ਜਗਜੀਤ ਸਿੰਘ ਬੱਗਾ, ਰੇਸ਼ਮ ਸਿੰਘ ਨੰਬਰਦਾਰ, ਕੁਲਦੀਪ ਸਿੰਘ , ਮਾ ਸ਼ਿੰਗਾਰਾ ਸਿੰਘ, ਬਖਸ਼ੀਸ਼ ਸਿੰਘ, ਸ਼ੀਤਲ ਸਿੰਘ, ਵੀਰ ਸਿੰਘ, ਤਲਵਿੰਦਰ ਸਿੰਘ, ਅਮਰੀਕ ਸਿੰਘ, ਚਰਨਜੀਤ ਸਿੰਘ, ਸੁਰਜੀਤ ਕੁਮਾਰ, ਰਾਜਪ੍ਰੀਤ ਸਿੰਘ, ਮੁਖਤਿਆਰ ਸਿੰਘ, ਹਰਬੰਸ ਸਿੰਘ, ਸੁਖਵਿੰਦਰ ਸਿੰਘ, ਮੇਜਰ ਸਿੰਘ, ਸਮਰ ਸਿੰਘ, ਅੰਸ਼ਪ੍ਰੀਤ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

**• ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੀ ਕੀਤੀ ਕਰੜੀ ਨਿੰਦਾ**



ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਗਣਤੰਤਰ ਦਿਵਸ ਦੇ ਸਮਾਗਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਕਪੂਰਥਲਾ ਵੱਲੋਂ ਸਟੇਟ ਅਵਾਰਡੀ ਕਮਲੇਸ਼ ਕੁਮਾਰੀ ਲੈਕਚਰਾਰ ਇਕਨੌਮਿਕਸ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਫਗਵਾੜਾ ਨੂੰ ਸਿੱਖਿਆ ਵਿਭਾਗ ਵਿੱਚ ਉੱਤਮ ਸੇਵਾਵਾਂ ਲਈ ਮਾਨਯੋਗ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਜੀ ਵੱਲੋਂ ਸਨਮਾਨਤ ਕੀਤਾ ਗਿਆ।

(ਫੋਟੋ ਤੇ ਵੇਰਵਾ : ਜਸਵਿੰਦਰ ਢੱਡਾ, ਫਗਵਾੜਾ)

# ਪੰਜਾਬ ਸਰਕਾਰ ਸੂਬੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਜਾਣ ਲਈ ਵਚਨਬੱਧ : ਬਰਿੰਦਰ ਕੁਮਾਰ ਗੋਇਲ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਗਣਤੰਤਰ ਦਿਵਸ ਮੌਕੇ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ, ਮੇਅਰ ਵਿਨੀਤ ਧੀਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੀ ਮੌਜੂਦ ਸਨ।ਆਪਣੇ ਸੰਬੋਧਨ ਦੌਰਾਨ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੇਸ਼-ਵਿਦੇਸ਼ ਵਿੱਚ ਵਸਦੇ ਸਾਰੇ ਭਾਰਤੀਆਂ ਨੂੰ 77ਵੇਂ ਗਣਤੰਤਰ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਜਿਥੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਨਮਨ ਕੀਤਾ ਉਥੇ ਭਾਰਤੀ ਸੰਵਿਧਾਨ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਯੋਗਦਾਨ ਨੂੰ ਵੀ ਸਿੱਜਦਾ ਕੀਤਾ ਹੈ।ਪੰਜਾਬ ਨੂੰ ਵਿਕਾਸ ਦੀਆਂ ਉੱਚ ਲੀਹਾਂ 'ਤੇ ਲਿਜਾਣ ਦੀ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਦੀ ਵਚਨਬੱਧਤਾ ਦਹੁਰਾਉਂਦਿਆਂ ਕੈਬਨਿਟ ਮੰਤਰੀ ਨੇ ਸੂਬੇ ਦੇ ਵਿਕਾਸ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਬਿਹਤਰੀ ਲਈ ਰਾਜ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾਂ 'ਤੇ ਚਾਨਣਾ ਪਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈ ਜੀ ਪੀ ਇੰਟੈਲੀਜੈਂਸ ਪੰਜਾਬ ਬਾਬੂ ਲਾਲ ਮੀਨਾ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨਿਰਭਉ ਸਿੰਘ ਗਿੱਲ, ਚੇਅਰਮੈਨ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ, ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮੀਟਿਡ ਮੰਗਲ ਸਿੰਘ ਬੱਸੀ, ਚੇਅਰਮੈਨ ਪੰਜਾਬ ਮੁਸਲਿਮ ਵੈੱਲਫੇਅਰ ਡਿਵੈਲਪਮੈਂਟ ਬੋਰਡ ਅਬਦੁਲ ਬਾਹਰੀ ਸਲਮਾਨੀ, ਚੇਅਰਮੈਨ ਪੰਜਾਬ ਖਾਦੀ ਅਤੇ ਗ੍ਰਾਮ ਵਿਕਾਸ ਬੋਰਡ ਗਗਨਦੀਪ ਸਿੰਘ (ਕਾਕੂ ਆਹਲੂਵਾਲੀਆ) ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ, ਜੁਆਇੰਟ ਕਮਿਸ਼ਨਰ ਪੁਲਿਸ ਸੰਦੀਪ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ, ਜੁਆਇੰਟ ਕਮਿਸ਼ਨਰ ਨਗਰ ਨਿਗਮ ਮਨਦੀਪ ਕੌਰ ਅਤੇ ਸੁਮਨਦੀਪ ਕੌਰ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਤੋਂ ਇਲਾਵਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਬਸੰਤ ਪੰਚਮੀ ਤੇ ਗਣਤੰਤਰ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼, ਸ਼ਾਹਪੁਰ ਕੈਂਪਸ, ਮਕਸੂਦਾਂ ਕੈਂਪਸ, ਸੀ ਟੀ ਪਬਲਿਕ ਸਕੂਲ ਤੇ ਸੀ ਟੀ ਵਰਲਡ ਸਕੂਲ ਵਿੱਚ ਬਸੰਤ ਪੰਚਮੀ ਅਤੇ ਗਣਤੰਤਰ ਦਿਵਸ ਖੁਸ਼ੀ, ਸ਼ਰਧਾ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਏ ਗਏ। ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਦੀ ਸਰਗਰਮ ਭਾਗੀਦਾਰੀ ਨਾਲ ਹੋਏ ਇਨ੍ਹਾਂ ਸਮਾਰੋਹਾਂ ਨੇ ਸਰਸਵਤੀ ਪੂਜਾ, ਦੇਸ਼ਭਗਤੀ ਸਮਰਪਿਤ ਕਾਰਜਕ੍ਰਮਾਂ ਅਤੇ ਰੰਗ-ਬਿਰੰਗੀਆਂ ਸਾਂਸਕ੍ਰਿਤਕ ਪ੍ਰਸਤੁਤੀਆਂ ਰਾਹੀਂ ਭਾਰਤ ਦੀ ਸੱਭਿਆਚਾਰਕ ਵਿਰਾਸਤ ਅਤੇ ਮਜ਼ਬੂਤ ਰਾਸ਼ਟਰੀ ਆਤਮਾ ਨੂੰ ਉਜਾਗਰ ਕੀਤਾ।ਨੌਰਥ ਕੈਂਪਸ, ਮਕਸੂਦਾਂ ਵਿੱਚ ਬਸੰਤ ਪੰਚਮੀ ਬਹੁਤ ਹੀ ਸ਼ਾਂਤ ਤੇ ਆਧਿਆਤਮਿਕ ਮਾਹੌਲ ਵਿੱਚ ਮਨਾਈ ਗਈ। ਇਸ ਮੌਕੇ ਸਰਸਵਤੀ ਪੂਜਾ ਦਾ ਸੁਚੱਜਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਗਿਆਨ, ਬੁੱਧੀ ਅਤੇ ਸਿਰਜਣਸ਼ੀਲਤਾ ਦੀ ਦੇਵੀ ਮਾਂ ਸਰਸਵਤੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਾਂਝੀ ਭਗਤੀ ਨੇ ਪੂਰੇ ਕੈਂਪਸ ਨੂੰ ਸਕਾਰਾਤਮਕਤਾ ਅਤੇ ਸ਼ਾਂਤੀ ਨਾਲ ਭਰ ਦਿੱਤਾ।ਸੀ ਟੀ ਪਬਲਿਕ ਸਕੂਲ ਵਿੱਚ ਬਸੰਤ ਪੰਚਮੀ ਤੇ ਗਣਤੰਤਰ ਦਿਵਸ ਨੂੰ ਇਕੱਠੇ ਮਨਾਉਂਦਿਆਂ ਸੱਭਿਆਚਾਰ ਤੇ ਸੰਵਿਧਾਨ ਦੇ ਮੁੱਲ ਨੂੰ ਸੁੰਦਰ ਢੰਗ ਨਾਲ ਜੋੜਿਆ ਗਿਆ।



ਸਮਾਰੋਹ ਦੀ ਸ਼ੁਰੂਆਤ ਮਾਂ ਸਰਸਵਤੀ ਦੀ ਵੰਦਨਾ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਕਮਲ ਦੇ ਫੁੱਲ ਅਤੇ ਰੰਗੀਨ ਪਤੰਗਾਂ ਬਣਾਉਣ ਵਰਗੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਭਾਗ ਲਿਆ, ਜੋ ਗਿਆਨ ਅਤੇ ਨਵੇਂ ਆਰੰਭਾਂ ਦਾ ਪ੍ਰਤੀਕ ਹਨ। ਜਾਇੰਟ ਮੈਨੇਜਿੰਗ ਡਾਇਰੈਕਟਰ ਮਿਸ ਤਨਿਕਾ ਚੰਨੀ ਤੇ ਕਿੰਡਰਗਾਰਟਨ ਇੰਚਾਰਜ ਮਿਸ ਸੁਮਨ ਭੱਲਾ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਤੇ ਆਤਮਵਿਸ਼ਵਾਸ ਦੀ ਖੁੱਲ੍ਹ ਕੇ ਸਰਾਹਨਾ ਕੀਤੀ।ਸੀ ਟੀ ਵਰਲਡ ਸਕੂਲ ਵਿੱਚ ਗਣਤੰਤਰ ਦਿਵਸ ਬੜੇ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਗਿਆ। ਨੌਰਥ ਕੈਂਪਸ, ਮਕਸੂਦਾਂ ਦੇ ਡਾਇਰੈਕਟਰ ਡਾ. ਅਨੁਰਾਗ ਸ਼ਰਮਾ ਨੇ ਕਿਹਾ ਕਿ ਬਸੰਤ ਪੰਚਮੀ ਅਤੇ ਸਰਸਵਤੀ ਪੂਜਾ ਵਿਦਿਆਰਥੀਆਂ ਨੂੰ ਗਿਆਨ, ਸਿਰਜਣਸ਼ੀਲਤਾ ਅਤੇ ਆਜੀਵਨ ਸਿੱਖਣ ਵੱਲ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਆਧਿਆਤਮਿਕ ਸਮਾਰੋਹ ਅਕਾਦਮਿਕ ਮਾਹੌਲ ਵਿੱਚ ਏਕਤਾ, ਸ਼ਾਂਤੀ ਅਤੇ ਉਤਸ਼ਾਹ ਪੈਦਾ ਕਰਦੇ ਹਨ।ਸੀ ਟੀ ਪਬਲਿਕ ਸਕੂਲ ਦੀ ਪ੍ਰਿੰਸਿਪਲ ਮਨੀਸ਼ਾ ਬਾਸਨੇਟ ਨੇ ਕਿਹਾ ਕਿ ਇਸ ਦੋਹਰੇ ਸਮਾਰੋਹ ਨਾਲ ਵਿਦਿਆਰਥੀਆਂ ਨੂੰ ਭਾਰਤ ਦੀ ਸੱਭਿਆਚਾਰਕ ਵਿਰਾਸਤ ਅਤੇ ਸੰਵਿਧਾਨਕ ਮੁੱਲ ਨਾਲ ਡੂੰਘਾ ਨਾਤਾ ਬਣਾਉਣ ਦਾ ਮੌਕਾ ਮਿਲਿਆ। ਸੀ ਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਆਰਤੀ ਜੈਸਵਾਲ ਨੇ ਗਣਤੰਤਰ ਦਿਵਸ ਨੂੰ ਹਰ ਨਾਗਰਿਕ ਦੀ ਜ਼ਿੰਮੇਵਾਰੀ ਯਾਦ ਦਿਵਾਉਣ ਵਾਲਾ ਦਿਨ ਦੱਸਿਆ।

# ਭਾਜਪਾ ਆਗੂ ਅਸ਼ੋਕ ਦੁੱਗਲ ਨੇ ਕੌਮੀ ਪ੍ਰਧਾਨ ਨਾਲ ਕੀਤੀ ਮੁਲਾਕਾਤ

**ਫਗਵਾੜਾ (ਡਾ. ਰਮਨ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਦੁੱਗਲ ਨੇ ਪਾਰਟੀ ਦੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਤੇ ਇਸ ਨਵੀਂ ਜ਼ਿੰਮੇਵਾਰੀ ਨੂੰ ਸੰਭਾਲਣ 'ਤੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ। ਅਸ਼ੋਕ ਦੁੱਗਲ ਨੇ ਨਿਤਿਨ ਨਬੀਨ ਦੇ ਸੰਗਠਨਾਤਮਕ ਅਨੁਭਵ, ਸਮਰਪਣ ਤੇ ਦੂਰਦਰਸ਼ੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਪਾਰਟੀ ਨੂੰ ਉਨ੍ਹਾਂ ਦੀ ਅਗਵਾਈ ਵਿੱਚ ਨਵੀਂ ਊਰਜਾ ਅਤੇ ਦਿਸ਼ਾ ਮਿਲੇਗੀ। ਨਿਤਿਨ ਨਬੀਨ ਭਾਰਤੀ ਜਨਤਾ ਪਾਰਟੀ ਦੇ ਉਨ੍ਹਾਂ ਸਮਰਪਿਤ ਵਰਕਰਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੇ ਜ਼ਮੀਨੀ ਪੱਧਰ ਤੋਂ ਕੰਮ ਕਰਕੇ ਸੰਗਠਨ ਵਿੱਚ ਆਪਣੀ ਪਛਾਣ ਬਣਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਨਿਤਿਨ ਨਬੀਨ ਨੂੰ ਪਾਰਟੀ ਦੇ ਸਭ ਤੋਂ ਘੱਟ ਉਮਰ ਦੇ ਰਾਸ਼ਟਰੀ ਪ੍ਰਧਾਨ ਵਜੋਂ ਨਿਯੁਕਤ ਕਰਨ ਨਾਲ ਲੱਖਾਂ ਪਾਰਟੀ ਵਰਕਰਾਂ ਵਿੱਚ ਉਤਸ਼ਾਹ ਅਤੇ ਵਿਸ਼ਵਾਸ ਪੈਦਾ ਹੋਇਆ ਹੈ।

# ਰਾਸ਼ਟਰੀ ਵੋਟਰ ਦਿਵਸ ਮਨਾਇਆ



**ਫਗਵਾੜਾ (ਡਾ. ਰਮਨ)**-ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਬੀ ਐੱਲ ਓ ਧੀਰਜ ਕੁਮਾਰੀ ਦੀ ਪ੍ਰੇਰਣਾ ਸਦਕਾ ਰਾਸ਼ਟਰੀਆ ਬਾਲ ਵਿਦਿਆਲਿਆ ਵਿਖੇ 16ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਇਸ ਦੌਰਾਨ ਮੁੱਖ ਬੁਲਾਰੇ ਵਜੋਂ ਪਹੁੰਚੇ ਸਾਬਕਾ ਨਗਰ ਕੌਂਸਲ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਸ ਦਿਨ ਨੂੰ ਮਨਾਉਣ ਦਾ ਮਕਸਦ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨਾ ਤੇ ਵੋਟਰਾਂ ਨੂੰ ਉਹਨਾਂ ਦੀ ਵੋਟ ਦੇ ਮਹੱਤਵ ਬਾਰੇ ਜਾਗਰੂਕ ਕਰਨਾ ਹੈ। ਇਸ ਦੌਰਾਨ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਅਤੇ ਸਟਾਫ ਨੂੰ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਤੋਂ ਆਪਣੀ ਪਸੰਦ ਅਨੁਸਾਰ ਯੋਗ ਉਮੀਦਵਾਰ ਨੂੰ ਵੋਟ ਪਾਉਣ ਦਾ ਪਣ ਦੁਆਇਆ ਗਿਆ। ਮੁਹੱਲਾ ਪ੍ਰੇਮ ਨਗਰ ਦੇ ਵੋਟਰਾਂ ਨੇ ਵੀ ਵਿਦਿਆਰਥੀਆਂ ਦੇ ਨਾਲ ਪ੍ਰਣ ਲਿਆ। ਅਖੀਰ ਵਿੱਚ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਤੇ ਲੋਕ ਸੇਵਾ ਦਲ ਦੇ ਸਾਬਕਾ ਪ੍ਰਧਾਨ ਵਰਿੰਦਰ ਸ਼ਰਮਾ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਸੁਨੀਤਾ ਸ਼ਰਮਾ, ਮਾਨਸੀ ਸ਼ਰਮਾ, ਗੁਰਮੀਤ ਵਾਲੀਆ, ਰੁਚੀ ਪਰਾਸ਼ਰ, ਕਾਜਲ ਰਾਣਾ, ਵਾਣੀ ਸ਼ਰਮਾ ਤੋਂ ਇਲਾਵਾ ਸਕੂਲ ਪ੍ਰਿੰਸੀਪਲ ਦੇਵੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



# ਨਗਰ ਕੌਂਸਲ ਚੋਣਾਂ ਸੰਬੰਧੀ ਅੱਠ ਵਾਰਡਾਂ ਦੇ ਇੰਚਾਰਜ ਨਿਯੁਕਤ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ)**- ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਨਗਰ ਕੌਂਸਲ ਦੀਆਂ ਚੋਣਾਂ ਸੰਬਧੀ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਆਗੂਆਂ ਨੂੰ 8 ਵਾਰਡਾਂ ਦੇ ਇੰਚਾਰਜ ਨਿਯੁਕਤ ਕੀਤਾ ਹੈ। ਇਨ੍ਹਾਂ ਆਗੂਆਂ ਵਿੱਚ ਵਾਰਡ ਨੰਬਰ 6 ਤੋਂ ਕੌਂਸਲਰ ਭੁਪਿੰਦਰ ਸਿੰਘ ਭੂਰਾ, ਵਾਰਡ ਨੰਬਰ 3 ਤੋਂ ਵਿਸ਼ਾਲ ਕਸ਼ਪ, ਵਾਰਡ ਨੰਬਰ 10 ਤੋਂ ਸ਼ਮਸ਼ੇਰ ਸਿੰਘ ਮੰਗੀ, ਵਾਰਡ ਨੰਬਰ 7 ਗੁਰਮੀਤ ਸਿੰਘ, ਵਾਰਡ ਨੰਬਰ 1 ਤੋਂ ਕਰਨੈਲ ਸਿੰਘ, ਵਾਰਡ ਨੰਬਰ 12 ਤੋਂ ਸਤਵਿੰਦਰ ਸਿੰਘ ਬਿੱਲਾ, ਵਾਰਡ ਨੰਬਰ 9 ਤੋਂ ਰੀਟਾ ਕਸ਼ਅਪ ਤੇ ਪਰਮਜੀਤ ਕੌਰ ਇੰਚਾਰਜ ਲਗਾਏ ਗਏ ਹਨ। ਹਲਕਾ ਵਿਧਾਇਕ ਨੇ ਉਕਤ ਇੰਚਾਰਜਾਂ ਨੂੰ ਕਿਹਾ ਕਿ ਉਸ ਆਪਣੇ ਵਾਰਡਾਂ ਵਿੱਚ ਅਧੂਰੇ ਪਏ ਵਿਕਾਸ ਕਾਰਜ ਪਹਿਲ ਦੇ ਆਧਾਰ ਹੱਲ ਕਰਵਾਉਣ। ਉਨ੍ਹਾਂ ਕਿਹਾ ਕਿ ਚਮਕੌਰ ਸਾਹਿਬ ਦੇ ਵਾਰਡਾਂ ਵਿੱਚ ਅਧੂਰੇ ਪਏ ਵਿਕਾਸ ਕਾਰਜ ਚੋਣਾਂ ਤੋਂ ਪਹਿਲਾ ਮੁਕੰਮਲ ਕਰਵਾਏ ਜਾਣਗੇ, ਉੱਥੇ ਹੀ ਅਗਲੀ ਮੀਟਿੰਗ ਵਿੱਚ ਰਹਿੰਦੇ ਵਾਰਡ ਇੰਚਾਰਜ ਵੀ ਲਗਾਏ ਜਾਣਗੇ।

# ਲੋੜਵੰਦ ਪਰਵਾਰ ਦੀ ਲੜਕੀ ਦਾ ਵਿਆਹ ਕਰਵਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਬਸੰਤ ਪੰਚਮੀ ਦੇ ਸ਼ੁਭ ਅਵਸਰ ਤੇ ਦੇਵੀ ਸ਼ਾਰਦਾ ਸਰਸਵਤੀ ਦੇ ਸਥਾਪਨਾ ਦਿਵਸ ਮੌਕੇ ਡੇਰਾਬੱਸੀ ਦੇ ਸ੍ਰੀ ਸ਼ਾਰਦਾ ਮਾਤਾ ਪਰਿਵਾਰ (7249) ਵੱਲੋਂ ਚੌਥੀ ਵਾਰ ਸਮਾਜ ਸੇਵਾ ਦੀ ਇੱਕ ਵਿਲੱਖਣ ਅਤੇ ਪ੍ਰੇਰਨਾਦਾਇਕ ਮਿਸਾਲ ਕਾਇਮ ਕੀਤੀ ਗਈ। ਸੰਸਥਾ ਨੇ ਇੱਕ



ਲੋੜਵੰਦ ਪਰਵਾਰ ਦੀ ਧੀ ਦਾ ਵਿਆਹ ਪੂਰੇ ਧਾਰਮਿਕ ਰਸਮ-ਰਿਵਾਜਾਂ ਨਾਲ ਕਰਵਾਇਆ, ਕੰਨਿਆਦਾਨ ਦੀ ਰਸਮ ਨਿਭਾਈ ਅਤੇ 31 ਘਰੇਲੂ ਸਮਾਨ ਭੇਟ ਕੀਤੇ।ਪ੍ਰੋਜੈਕਟ ਚੇਅਰਮੈਨ ਅਮਰੀਸ਼ ਭੱਲਾ ਨੇ ਦੱਸਿਆ ਮੰਦਰ ਕਮੇਟੀ ਦੇ ਮੁਖੀ ਤੇ ਸਾਰੇ ਮੈਂਬਰਾਂ ਵੱਲੋਂ ਪ੍ਰਾਰਥਨਾ ਸੇਵਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਅਗਲੇ ਦਿਨ ਯੱਗ ਉਪਰੰਤ ਐਨ.ਕੇ. ਸ਼ਰਮਾ ਨੇ ਲਾੜਾ-ਲਾੜੀ ਦਾ ਸਤਿਕਾਰ ਨਾਲ ਸਵਾਗਤ ਕੀਤਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ ਅਤੇ ਨਰੇਸ਼ ਉਪਨੇਜਾ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਸ਼ੁਭ ਸੰਦੇਸ਼ ਪਹੁੰਚਾਇਆ ਤੇ ਮੰਦਰ ਵਿੱਚ ਭੰਡਾਰੇ ਦਾ ਪ੍ਰਬੰਧ ਕਰਕੇ ਲਾੜਾ-ਲਾੜੀ ਨੂੰ ਆਸ਼ੀਰਵਾਦ ਦਿੱਤਾ। 'ਆਪ' ਦੇ ਵਾਈਸ ਚੇਅਰਮੈਨ ਸੁਭਾਸ਼ ਸ਼ਰਮਾ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ। ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਤੇ ਅੰਕਿਤ ਜੈਨ ਨੇ ਆਏ ਹੋਏ ਮਹਿਮਾਨਾਂ ਤੇ ਸੰਸਥਾਵਾਂ ਦਾ ਸਨਮਾਨ ਕੀਤਾ। ਲਾੜਾ-ਲਾੜੀ ਦਾ ਕੰਨਿਆਦਾਨ ਸੰਸਥਾ ਮੁਖੀ ਰਾਕੇਸ਼ ਅਚਿੰਤ, ਸੰਸਥਾਪਕ ਰਵਿੰਦਰ ਕੌਸ਼ਿਕ ਤੇ ਮੰਦਰ ਮਹਿਲਾ ਮਾਂ ਕੇ ਲਾਡਲੇ ਕੀਰਤਨ ਮੰਡਲੀ ਵੱਲੋਂ ਕੀਤਾ ਗਿਆ।ਸ਼ੋਭਾ ਯਾਤਰਾ ਇੰਚਾਰਜ ਭੁਵਨੇਸ਼ ਚੌਹਾਨ ਨੇ ਦੱਸਿਆ ਕਿ ਸ਼ੋਭਾ ਯਾਤਰਾ ਨੂੰ ਭਾਜਪਾ ਨੇਤਾ ਮਨਪ੍ਰੀਤ ਸਿੰਘ ਬੰਨੀ ਸੰਧੂ ਤੇ ਪਵਨ ਪੰਮਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਅਤੇ ਬੈਂਡ ਸੰਗੀਤ ਨਾਲ ਰੱਥ ਯਾਤਰਾ ਪੂਰੇ ਸ਼ਹਿਰ ਵਿੱਚ ਕੱਢੀ ਗਈ।

# ਵੋਟਰ ਜਾਗਰੂਕਤਾ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ 15 ਅਧਿਕਾਰੀ/ਕਰਮਚਾਰੀ ਸਨਮਾਨਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਲੋਕਤੰਤਰ ਦੀ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਲਈ ਵਧੀਕ ਡਿਪਟੀ ਕਮਿਸ਼ਨਰ (ਜ)-ਕਮ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਨਿੰਦਰ ਕੌਰ ਨੇ ਨੌਜਵਾਨਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਸਮਝਦਾਰੀ ਨਾਲ ਕਰਨ ਲਈ ਪ੍ਰੇਰਿਤ ਕੀਤਾ।ਸਥਾਨਕ ਹੰਸ ਰਾਜ ਮਹਿਲਾ ਮਹਾਵਿਦਿਆਲਿਆ ਵਿਖੇ 16ਵੇਂ ਰਾਸ਼ਟਰੀ ਵੋਟਰ ਦਿਵਸ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ



ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰਾਸ਼ਟਰੀ ਵੋਟਰ ਦਿਵਸ ਮਨਾਉਣ ਦਾ ਮਕਸਦ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਸੋਚ ਸਮਝ ਕੇ ਕਰਨ। ਉਨ੍ਹਾਂ ਕਿਹਾ ਕਿ ਇਕ ਚੰਗੀ ਸਰਕਾਰ ਦੇ ਗਠਨ ਲਈ ਲੋਕਤੰਤਰੀ ਪ੍ਰਕਿਰਿਆ ਵਿੱਚ ਵੋਟਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਬਹੁਤ ਅਹਿਮੀਅਤ ਰੱਖਦੀ ਹੈ। ਇਸ ਦੌਰਾਨ ਮੁੱਖ ਚੋਣ ਕਮਿਸ਼ਨਰ ਤੇ ਜ਼ਿਲ੍ਹਾ ਚੋਣ ਅਫ਼ਸਰ ਦਾ ਸੰਦੇਸ਼ ਵੀ ਸੁਣਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਨਵੇਂ ਬਣੇ ਵੋਟਰਾਂ ਨੂੰ ਐਪਿਕ ਕਾਰਡਾਂ ਦੀ ਵੰਡ ਕੀਤੀ ਗਈ। ਉਪਰੰਤ ਵੋਟਰ ਜਾਗਰੂਕਤਾ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ 15 ਅਧਿਕਾਰੀਆਂ/ਕਰਮਚਾਰੀਆਂ ਦਾ ਸਨਮਾਨ ਕਰਨ ਦੇ ਨਾਲ-ਨਾਲ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦਰਮਿਆਨ ਕਰਵਾਏ ਗਏ ਵਿੱਦਿਅਕ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।

# ਖਿਡਾਰੀ ਅਮਰਿੰਦਰ ਸਿੰਘ ਸਨਮਾਨਤ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਸੰਤ ਅਤਰ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਪਾਲਦੀ ਵਿੱਚ ਇਸ ਸਾਲ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਯੂ-17 ਅਤੇ ਯੂ-19 ਸਟੇਟ ਚੈਪੀਅਨ ਹੋਣ ਦੀ ਖ਼ੁਸ਼ੀ ਵਿੱਚ ਸਕੂਲ ਵਿੱਚ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵੱਜੋਂ ਇਸੇ ਸਕੂਲ ਦਾ ਹੋਣਹਾਰ ਖਿਡਾਰੀ ਅਮਰਿੰਦਰ ਸਿੰਘ ਸੰਧੂ ਇਟਰਨੈਸ਼ਨਲ ਫੁੱਟਬਾਲ ਪਲੇਅਰ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਉਨ੍ਹਾਂ ਦੇ ਨਾਲ ਸਕੂਲ ਦੇ ਮੈਨੇਜਰ ਅਜੀਤ ਸਿੰਘ, ਕੁਲਵੰਤ ਸਿੰਘ ਜੰਗੀ ਤੇ ਪ੍ਰਧਾਨ ਗੁਰਬਚਨ ਸਿੰਘ ਤੇ ਸਕੂਲ ਦੇ ਸਮੂਹ ਸਟਾਫ ਨੇ ਮਿਲ ਕੇ ਜੇਤੂ ਖਿਡਾਰੀਆਂ ਨੂੰ ਟਰੈਕਸੂਟ ਵੰਡੇ ਅਤੇ ਅਮਰਿੰਦਰ ਸਿੰਘ ਸੰਧੂ ਦਾ ਸਕੂਲ ਪਹੁੰਚਣ ਤੇ ਵਿਸ਼ੇਸ਼ ਸਨਮਾਨ ਕੀਤਾ।ਇੰਟਰਨੈਸ਼ਨਲ ਫੁੱਟਬਾਲ ਖਿਡਾਰੀ ਅਮਰਿੰਦਰ ਸਿੰਘ ਸੰਧੂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੈਂ ਗੋਲਕੀਪਰ ਖੇਡਣਾ ਇਸੇ ਸਕੂਲ ਤੋਂ ਸ਼ੁਰੂ ਕੀਤਾ ਤੇ ਅੱਜ ਇਸ ਮੁਕਾਮ ਤੇ ਪਹੁੰਚਿਆ।ਅਮਰਿੰਦਰ ਸੰਧੂ ਨੇ ਸਕੂਲ ਨੂੰ 21000 ਰੁਪਏ ਦੀ ਰਾਸ਼ੀ ਦਿੱਤੀ।



# ਸਿਹਤ ਜਾਗਰੂਕਤਾ ਸੰਬੰਧੀ ਸੈਮੀਨਾਰ

**ਫਗਵਾੜਾ (ਡਾ. ਰਮਨ)**-ਪੰਜਾਬ ਸਕੂਲ ਸਿੱਖਿਆ ਵਿਭਾਗ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਿਹਾ ਹੈ।ਇਸ ਲੜੀ ਅਧੀਨ ਵਿਦਿਆਰਥੀਆਂ ਨੂੰ ਚੰਗੇਰੀ ਸਿਹਤ ਪ੍ਰਤੀ ਜਾਗਰੂਕ ਕਰਨ ਤੇ ਉਨ੍ਹਾਂ ਦੀਆਂ ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਦਾ ਹੱਲ ਲਈ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ ।ਪ੍ਰਿੰਸੀਪਲ ਮੀਨੂ



ਗੁਪਤਾ ਨੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਡਾਕਟਰ ਪ੍ਰਭਜੋਤ ਜੱਬਲ, ਡਾਕਟਰ ਜਤਿੰਦਰ ਸੰਧੂ ,ਲੈਬ ਟੈਕਨੀਸ਼ੀਅਨ ਮੈਡਮ ਖੁਸ਼ਬੂ ਵਲੋਂ ਜਿੱਥੇ ਸਾਰੇ ਸਕੂਲ ਦੇ ਵਿਦਿਆਰਥੀਆਂ ਦਾ ਚੈੱਕਅਪ ਹੋਇਆ ਉੱਥੇ ਨਾਲ ਹੀ ਇੱਕ ਵਿਸ਼ੇਸ਼ ਵਰਕਸ਼ਾਪ ਵੀ ਲਗਾਈ ਗਈ ਜਿਸ ਵਿੱਚ ਪ੍ਰਮੁੱਖ ਵਿਸ਼ਿਆਂ ਅਨੀਮੀਆ, ਭੋਜਨ ਦੀਆਂ ਚੰਗੇਰੀਆਂ ਸਿਹਤ ਆਦਤਾਂ, ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਜਾਗਰੂਕ ਕੀਤਾ ਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਚਾਨਣਾ ਪਾਇਆ।ਵਿਦਿਆਰਥਣਾਂ ਨੇ ਡਾਕਟਰ ਸਾਹਿਬਾਨ ਨਾਲ ਚਰਚਾ ਕਰਕੇ, ਪ੍ਰਸ਼ਨ ਪੁੱਛ ਕੇ ਅਗਵਾਈ ਲਈ ਤੇ ਪ੍ਰੀਖਿਆ ਦੇ ਦਿਨਾਂ ਵਿੱਚ ਚੰਗੀ ਸਿਹਤ ਲਈ ਅਗਵਾਈ ਲਈ ਦਲਜੀਤ ਕੌਰ ਪੰਜਾਬੀ ਲੈਕਚਰਾਰ ਨੇ ਸਮੁੱਚੀ ਟੀਮ ਦਾ ਲਈ ਧੰਨਵਾਦ ਕੀਤਾ।ਇਸ ਮੌਕੇ 'ਤੇ ਗੀਟਾ, ਮਨਜਿੰਦਰ ਕੌਰ, ਬੰਦਨਾ ਸ਼ਰਮਾ ਤੇ ਸਮੁੱਚਾ ਸਟਾਫ਼ ਹਾਜ਼ਰ ਸੀ।

# ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ



**ਬਲਾਚੌਰ (ਜਸਵਿੰਦਰ ਬੈਂਸ)**- ਇਲਾਕੇ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਤੇ ਨੌਜਵਾਨ ਪੀੜ੍ਹੀ ਨੂੰ ਇਸ ਲਾਹਨਤ ਤੋਂ ਬਚਾਉਣ ਲਈ ਪਿੰਡ ਜਲਾਲਪੁਰ ਵਿਖੇ ਨਿਵਾਸੀਆਂ ਅਤੇ ਨੌਜਵਾਨਾਂ ਵੱਲੋਂ ਇੱਕ ਵਿਸ਼ਾਲ 'ਨਸ਼ਾ ਵਿਰੋਧੀ ਜਾਗਰੂਕਤਾ ਰੈਲੀ' ਕੱਢੀ ਗਈ। ਇਸ ਰੈਲੀ ਵਿੱਚ ਪਿੰਡ ਦੀ ਪੰਚਾਇਤ, ਔਰਤਾਂ, ਪਤਵੰਤੇ ਸੱਜਣਾਂ ਅਤੇ ਸਕੂਲੀ ਬੱਚਿਆਂ ਨੇ ਭਾਰੀ ਉਤਸ਼ਾਹ ਨਾਲ ਸ਼ਿਰਕਤ ਕੀਤੀ। ਰੈਲੀ ਦੌਰਾਨ ਪਿੰਡ ਦੀਆਂ ਗਲੀਆਂ ਵਿੱਚੋਂ ਗੁਜ਼ਰਦਿਆਂ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਜਾਗਰੂਕਤਾ ਬੈਨਰ ਫੜੇ ਹੋਏ ਸਨ, ਜਿਨ੍ਹਾਂ ਰਾਹੀਂ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਲੋਕਾਂ ਨੂੰ ਸੁਚੇਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਦੀ ਸਰਪੰਚ ਬਿਮਲਾ ਚੇਚੀ ਨੇ ਕਿਹਾ ਕਿ ਨਸ਼ਾ ਅੱਜ ਸਾਡੀ ਨੌਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ, 'ਜੇਕਰ ਅਸੀਂ ਅੱਜ ਜਾਗਰੂਕ ਨਾ ਹੋਏ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਰੈਲੀ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਮਨਰੇਗਾ ਸੈਕਟਰੀ ਵਿਜੇ ਕੁਮਾਰ, ਮਾਸਟਰ ਨਰਿੰਦਰ ਬਜਾੜ, ਮਨਜੀਤ ਕੌਰ, ਰੇਖਾ, ਤਰਸੇਮ ਲਾਲ ਪੰਚ, ਸੁਖਦੇਵ ਰਾਜ ਪੰਚ, ਸੁਨੀਤਾ ਪੰਚ, ਪਲਵਿੰਦਰ ਸਿੰਘ, ਮੋਹਨ ਲਾਲ ਅਤੇ ਵਿਸ਼ਾਲ ਚੇਚੀ ਸਮੇਤ ਵੱਡੀ ਗਿਣਤੀ ਵਿੱਚ ਗ੍ਰਾਮ ਨਿਵਾਸੀ ਹਾਜ਼ਰ ਸਨ।

# ਵਿਦਿਆਰਥੀਆਂ ਦਾ ਵਿਦਾਈ ਸਮਾਰੋਹ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਨੇ ਭਾਵਨਾਵਾਂ, ਯਾਦਾਂ ਤੇ ਖੁਸ਼ੀਆਂ ਨਾਲ ਭਰਪੂਰ ਇਕ ਭਵਿਆ ਸਮਾਰੋਹ ਹਸਤਾ-ਲਾ-ਵਿਸਤਾ ਦੇ ਰੂਪ ਵਿੱਚ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਪਿਆਰ ਭਰੀ ਵਿਦਾਈ ਦਿੱਤੀ। ਇਸ ਸਮਾਰੋਹ ਵਿੱਚ ਮੈਨੇਜਮੈਂਟ ਮੈਂਬਰਾਂ ਸ਼ੈਲੀ ਬੌਰੀ (ਐਗਜ਼ਿਕਿਊਟਿਵ ਡਾਇਰੈਕਟਰ ਸਕੂਲਜ਼), ਆਰਾਧਨਾ ਬੌਰੀ (ਐਗਜ਼ਿਕਿਊਟਿਵ ਡਾਇਰੈਕਟਰ ਕਾਲਜ), ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ ਐੱਸ ਆਰ), ਗੁਰਵਿੰਦਰ ਕੌਰ (ਡਿਪਟੀ ਡਾਇਰੈਕਟਰ ਸਕੂਲਜ਼, ਅਕੈਡਮਿਕਸ ਐਂਡ ਏਗਜ਼ਾਮਿਨੇਸ਼ਨ), ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰਲ ਅਫੇਅਰਜ਼), ਰਾਹੁਲ ਜੈਨ (ਡਿਪਟੀ ਡਾਇਰੈਕਟਰ ਸਕੂਲਜ਼ ਐਂਡ ਕਾਲਜਜ਼) ਤੇ ਰਾਜੀਵ ਪਾਲੀਵਾਲ (ਪ੍ਰਿੰਸੀਪਲ) ਦੀ ਗੌਰਵਮਈ ਹਾਜ਼ਰੀ ਰਹੀ।ਸਮਾਰੋਹ ਦੀ ਸ਼ੁਰੂਆਤ ਗਰਮਜੋਸ਼ੀ ਭਰੇ ਸਵਾਗਤ ਨਾਲ ਹੋਈ, ਜਿਸ ਤੋਂ ਬਾਅਦ ਆਊਟਗੋਇੰਗ ਬੈਚ ਲਈ ਵਿਦਾਈ ਦੇ ਤੌਰ 'ਤੇ ਸੰਸਕ੍ਰਿਤਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ। ਲੜਕਿਆਂ ਲਈ ਉਪਾਧੀਆਂ-ਮਿਸਟਰ ਇੰਨੋਸੈਂਟ: ਰੁਦਰਾਕਸ਼, ਬੈਸਟ ਹੈਅਰਸਟਾਈਲ: ਯੁਵਰਾਜ, ਬੈਸਟ ਅਪੀਅਰੈਂਸ:ਜਯਨ, ਬੈਸਟ ਹੈਂਡਸਮ ਹੰਕ: ਅਕਸ਼ਤ, ਬੈਸਟ ਕਾਸਟਿਊਮ:ਆਰਯਨ। ਲੜਕੀਆਂ ਲਈ ਉਪਾਧੀਆਂ-ਮਿਸ ਇੰਨੋਸੈਂਟ: ਇਸ਼ੀਤਾ, ਬੈਸਟ ਹੈਅਰਸਟਾਈਲ: ਕਾਸ਼ਵੀ, ਬੈਸਟ ਅਪੀਅਰੈਂਸ: ਸਰਗੁਣ, ਪਲੀਜ਼ਿੰਗ ਪਰਸਨੈਲਿਟੀ: ਸਮਰਿਧੀ, ਬੈਸਟ ਕਾਸਟਿਊਮ:ਆਸਥਾ। ਇਸ ਮੌਕੇ ਹੋਰ ਯੋਗ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ ਜਿਨ੍ਹਾਂ 'ਚ ਪਰਫੈਕਟ ਅਟੈਂਡੈਂਸ: ਆਦਿਤਿਆ ਬੇਰੀ (ਕਾਮਰਸ), ਦਿਵਾਂਸ਼ (ਨਾਨ-ਮੈਡੀਕਲ), ਵੈਲ ਡਿਸਿਪਲਿੰਡ:ਸਮ੍ਰਿਧੀ ਸ਼ਰਮਾ (ਕਾਮਰਸ), ਭੂਵੀ (ਮੈਡੀਕਲ), ਵੈਲ ਗ੍ਰੂਮਡ: ਧ੍ਰੁਵ ਕੁਮਾਰ (ਕਾਮਰਸ), ਰਿਯਾਂਸ਼ ਸ਼ਰਮਾ (ਨਾਨ-ਮੈਡੀਕਲ), ਕੰਪਿਊਟਰ ਮਾਈਸਟਰੋ:ਟਵਿੰਕਲ ਬਾਹਰੀ (ਕਾਮਰਸ), ਇਕਬਾਲ ਸਿੰਘ (ਨਾਨ-ਮੈਡੀਕਲ) ਸ਼ਾਮਿਲ ਹਨ।



# ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚ ਕੇ ਅਸ਼ੀਰਵਾਦ ਲਿਆ



**ਜਲੰਧਰ (ਰਾਜੇਸ਼ ਥਾਪਾ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਘਰ ਘਰ ਤੱਕ ਪਹੁੰਚਾਉਣ ਵਾਲੇ ਰਵਿਦਾਸੀਆ ਧਰਮ ਦੇ ਸੰਸਥਾਪਕ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਨੂੰ ਕੇਂਦਰ ਦੀ ਮੋਦੀ ਸਰਕਾਰ ਵੱਲੋ ਪਦਮ ਸ਼੍ਰੀ ਅਵਾਰਡ ਦਾ ਸਨਮਾਨ ਮਿਲਣ 'ਤੇ ਸਾਬਕਾ ਕੇਂਦਰੀ ਮੰਤਰੀ ਮੰਤਰੀ ਵਿਜੇ ਸਾਂਪਲਾ, ਸੋਮ ਪ੍ਰਕਾਸ਼ ਸਾਬਕਾ ਮੰਤਰੀ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਸਾਬਕਾ ਸੰਸਦ ਸੁਸ਼ੀਲ ਕੁਮਾਰ ਰਿੰਕੂ, ਸਾਬਕਾ ਐਮ.ਐਲ.ਏ. ਕੇ.ਡੀ. ਭੰਡਾਰੀ, ਭਾਜਪਾ ਪੰਜਾਬ ਦੇ ਸੀਨੀਅਰ ਆਗੂ ਮਨਜੀਤ ਬਾਲੀ, ਰਾਜੇਸ਼ ਬਾਘਾ ਉੱਪ ਪ੍ਰਧਾਨ ਭਾਜਪਾ ਪੰਜਾਬ ਅਤੇ ਭਾਜਪਾ ਪੰਜਾਬ ਅਤੇ ਜ਼ਿਲਾ ਜਲੰਧਰ ਦੀ ਸਮੁੱਚੀ ਲੀਡਰਸ਼ਿਪ ਨੇ ਮਿਲ ਕੇ ਡੇਰਾ ਬੱਲਾ ਵਿਖੇ ਪਹੁੰਚ ਕੇ ਵਧਾਈ ਦਿੱਤੀ ਅਤੇ ਸੰਤਾਂ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ।


# ਹੈੱਡ ਕਾਂਸਟੇਬਲ ਸੰਜੀਵ ਕੁਮਾਰ ਬਣੇ ਏ ਐੱਸ ਆਈ



**ਬਲਾਚੌਰ (ਜਸਵਿੰਦਰ ਬੈਂਸ)**-ਪੰਜਾਬ ਪੁਲਿਸ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਹੈੱਡ ਕਾਂਸਟੇਬਲ ਸੰਜੀਵ ਕੁਮਾਰ ਨੂੰ ਵਿਭਾਗ ਵੱਲੋਂ ਤਰੱਕੀ ਦੇ ਕੇ ਏ ਐੱਸ ਆਈ ਬਣਾਇਆ ਗਿਆ ਹੈ। ਇਸ ਮੌਕੇ ਬਲਾਚੌਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਡੀ ਐੱਸ ਪੀ ਹਿੰਮਤ ਮਲਹੋਤਰਾ ਤੇ ਥਾਣਾ ਸਿਟੀ ਐੱਸ ਐੱਚ ਓ ਰਾਮਪਾਲ ਵੱਲੋਂ ਸਾਂਝੇ ਤੌਰ 'ਤੇ ਸੰਜੀਵ ਕੁਮਾਰ ਦੀ ਵਰਦੀ 'ਤੇ ਸਟਾਰ ਲਗਾਏ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ, (ਹਨੀ)**-ਐੱਸ ਡੀ ਕਾਲਜ ਫਾਰ ਵੂਮੈਨ ਦੇ ਸਵੀਪ ਵਿਭਾਗ, ਰੈੱਡ ਰਿਬਨ ਕਲੱਬ, ਐਨ.ਐਸ.ਐਸ ਵਿਭਾਗ ਤੇ ਈਕੋ ਕਲੱਬ ਵੱਲੋ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਇਹ ਸਮਾਗਮ ਵਿਦਿਆਰਥੀਆਂ ਵਿੱਚ ਵੋਟ ਪਾਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਯੋਜਿਤ ਕੀਤਾ ਗਿਆ ।



ਸਵੀਪ ਇੰਚਾਰਜ ਮੈਡਮ ਸੁਨੀਤਾ ਕਲੇਰ ਨੇ ਰਾਸ਼ਟਰੀ ਵੋਟਰ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ। ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਵੋਟ ਪਾਉਣ ਅਤੇ ਦੂਜਿਆਂ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਚੋਣਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰਨ ਦੀ ਸਹੁੰ ਚੁੱਕੀ।ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਤੇ ਬਹੁਤ ਦਿਲਚਸਪੀ ਦਿਖਾਈ।

# ਚੰਦਰ ਮੋਹਨ ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ



**ਬਲਾਚੌਰ, (ਜਸਵਿੰਦਰ ਬੈਂਸ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਮੀਡੀਆ ਇੰਚਾਰਜ ਚੰਦਰ ਮੋਹਨ ਜੇ.ਡੀ. ਦੀ ਨਮਿਤ ਰੱਖੀ ਗਈ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਸੰਪੰਨ ਹੋਇਆ। ਇਸ ਮੌਕੇ ਹਲਕਾ ਬਲਾਚੌਰ ਦੇ ਵਿਧਾਇਕ ਸੰਤੋਸ਼ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਵਿਧਾਇਕ ਸੰਤੋਸ਼ ਕਟਾਰੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਚੰਦਰ ਮੋਹਨ ਜੇ ਡੀ ਇੱਕ ਮਿਹਨਤੀ, ਇਮਾਨਦਾਰ ਅਤੇ ਪਾਰਟੀ ਨੂੰ ਪੂਰੀ ਤਰ੍ਹਾਂ ਸਮਰਪਿਤ ਸ਼ਖਸੀਅਤ ਸਨ। ਉਨ੍ਹਾਂ ਨੇ ਆਪਣੀਆਂ ਮੀਡੀਆ ਸੇਵਾਵਾਂ ਰਾਹੀਂ ਪਾਰਟੀ ਅਤੇ ਸਮਾਜ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦਾ ਅਚਾਨਕ ਚਲੇ ਜਾਣਾ ਆਮ ਆਦਮੀ ਪਾਰਟੀ ਅਤੇ ਪਰਿਵਾਰ ਲਈ ਅਜਿਹਾ ਘਾਟਾ ਹੈ ਜਿਸ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ, ਮ੍ਰਿਤਕ ਦੇ ਭਰਾ ਜਗਮੋਹਨ ਦੱਤ, ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਲਲਿਤ ਮੋਹਨ ਪਾਠਕ, ਵਾਈਸ ਚੇਅਰਮੈਨ ਸ਼ਿਵਕਰਨ ਚੇਚੀ, ਹਰਜੋਤ ਕੌਰ ਲੋਹਟੀਆ, ਅਤੇ ਕਈ ਹੋਰ ਆਗੂ ਸ਼ਾਮਲ ਹੋਏ। ?ਇਸ ਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਸੰਸਥਾਵਾਂ ਤੇ ਮੀਡੀਆ ਭਾਈਚਾਰੇ ਨੇ ਵੀ ਚੰਦਰ ਮੋਹਨ ਜੇ ਡੀ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਨਮ ਅੱਖਾਂ ਨਾਲ ਵਿਦਾਇਗੀ ਦਿੱਤੀ।

# ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੀ ਚੋਣ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਰਾਜ ਫਾਰਮੇਸੀ ਆਫੀਸਰਜ ਐਸੋਸੀਏਸ਼ਨ ਦੇ ਫੈਸਲੇ ਅਨੁਸਾਰ ਸੂਬਾ ਅਬਜਰਵਰਾਂ ਸੁਨੀਲ ਦੱਤ ਸ਼ਰਮਾ ਤੇ ਸੁਰਿੰਦਰ ਮੋਹਨ ਦੀ ਨਿਗਰਾਨੀ ਹੇਠ ਹੋਈ।ਜਥੇਬੰਦੀ ਦੇ ਸੰਵਿਧਾਨ ਅਨੁਸਾਰ 8 ਮੈਂਬਰ ਚੁਣੇ ਗਏ ਜਿਹਨਾਂ ਵਿੱਚ ਪ੍ਰਧਾਨ ਪਰਮਵੀਰ ਪ੍ਰਿੰਸ, ਸਕੱਤਰ ਗੁਰਤੇਜ ਸਿੰਘ, ਵਿਤ ਸਕੱਤਰ ਹਰਸਿਮਰਨ ਸਿੰਘ,ਐਡੀਟਰ ਮਨਦੀਪ ਕੁਮਾਰ, ਮੁੱਖ ਸਲਾਹਕਾਰ ਹਰਮੀਤ ਕੌਰ, ਮੀਤ ਪ੍ਰਧਾਨ ਕਰਨ ਸੈਣੀ, ਜੁਆਇੰਟ ਸਕੱਤਰ ਰਾਜਵਿੰਦਰ ਕੌਰ, ਸੀਨੀਅਰ ਮੀਤ ਪ੍ਰਧਾਨ ਕਮਲਜੀਤ ਕੌਰ ਚੁਣੇ ਗਏ।ਸਾਰੇ ਚੁਣੇ ਮੈਂਬਰਾਂ ਨੇ ਜਨਰਲ ਹਾਊਸ ਨੂੰ ਨਿਰਪੱਖ, ਅਨੁਸ਼ਾਸਨ ਵਿੱਚ ਰਹਿ ਕੇ,ਨਿਰਪੱਖਤਾ, ਇਮਾਨਦਾਰੀ ਅਤੇ ਦ੍ਰਿੜਤਾ ਨਾਲ ਉਮੀਦਾਂ ਤੇ ਪੂਰਾ ਉੱਤਰਨ ਦਾ ਵਿਸ਼ਵਾਸ ਦਿਵਾਇਆ। ਸੂਬਾ ਅਬਜ਼ਰਵਰਾਂ ਵੱਲੋਂ ਨਵੀਂ ਚੁਣੀ ਹੋਈ ਕਮੇਟੀ ਨੂੰ ਵਧਾਈਆਂ ਦਿੱਤੀਆਂ ਤੇ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਆਗੂ ਜਸਵਿੰਦਰ ਸਿੰਘ ਪੱਟੀ, ਦੁਰਗੇਸ਼ ਕੁਮਾਰ ਸ਼ਰਮਾ, ਜੋਗਿੰਦਰ ਦਾਸ ਦਾ ਕਮੇਟੀ ਵੱਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਜਸਵਿੰਦਰ ਸਿੰਘ ਪੱਟੀ ਵੱਲੋਂ ਆਪਣੇ ਕੈਰੀਅਰ ਦੌਰਾਨ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ ਗਿਆ।ਇਸ ਚੋਣ ਵਿੱਚ ਜ਼ਿਲ੍ਹੇ ਦੇ ਫਾਰਮੇਸੀ ਆਫੀਸਰ ਸੁਨੀਤਾ ਰਾਣੀ, ਈਸਟ ਦੀਪ ਕੌਰ ਪਹੁੰਚੇ।



# ਰਾਸ਼ਟਰੀ ਵੋਟਰ ਦਿਵਸ 'ਤੇ ਜ਼ਿਲ੍ਹਾ ਪੱਧਰੀ ਸਮਾਗਮ




**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 16ਵਾਂ ਰਾਸ਼ਟਰੀ ਵੋਟਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਬੜੇ ਉਤਸ਼ਾਹ ਨਾਲ ਡੀ ਏ ਐੱਨ ਕਾਲਜ ਵਿਖੇ ਉਪ ਮੰਡਲ ਮੈਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ ਤੇ ਨਵੇਂ ਵੋਟਰਾਂ ਨੂੰ ਵੋਟਰ ਫੋਟੋ ਪਹਿਚਾਣ ਪੱਛਰ ਵੰਡੇ ਗਏ। ਉਪ ਮੰਡਲ ਮੈਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਸੰਬੰਧੀ ਜਾਗਰੂਕ ਕਰਦਿਆਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਜਿਨ੍ਹਾਂ ਦੀ ਅਜੇ ਤੱਕ ਆਪਣੀ ਵੋਟ ਲਈ ਰਜਿਸਟ੍ਰੇਸ਼ਨ ਨਹੀ ਕਰਵਾਈ, ਉਹ ਵੀ ਆਪਣੀ ਵੋਟ ਬਣਾਉਣ ਲਈ ਆਪਣਾ ਫਾਰਮ ਆਨ ਲਾਈਨ (https://voters.eci.gov.in or Voter Helpline Mobile App) ਤੇ ਭਰ ਸਕਦੇ ਹਨ ਜਾਂ ਸਬੰਧ ਬੀ.ਐਲ.ਓਜ਼ ਜਾਂ ਈ.ਆਰ.ਓ ਦਫ਼ਤਰ ਵਿੱਚ ਵੀ ਆਪਣਾ ਫਾਰਮ ਭਰਕੇ ਦੇ ਸਕਦੇ ਹਨ।ਐੱਸ ਡੀ ਐੱਮ ਅਨਮਜਯੋਤ ਕੌਰ ਨੇ ਦੱਸਿਆ ਕਿ ਇਸ ਮੌਕੇ 'ਤੇ ਮੌਜੂਦ ਸਾਰੇ ਲੋਕਾਂ ਨੂੰ ਆਜ਼ਾਦ ਤੇ ਨਿਰਪੱਖ ਢੰਗ ਨਾਲ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੀ ਸਹੁੰ ਵੀ ਚੁਕਾਈ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਭਾਸ਼ਣ, ਲਘੂ ਨਾਟਕ, ਰੰਗੋਲੀ, ਗਿੱਧਾ, ਗੀਤ ਆਦਿ ਦੀ ਪੇਸ਼ਕਾਰੀ ਕੀਤੀ ਗਈ।

# ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਦ ਨੌਰਵੁੱਡ ਸਕੂਲ ਦਾ ਵਿਦਿਅਕ ਦੌਰਾ

**ਬਲਾਚੌਰ (ਜਸਵਿੰਦਰ ਬੈਂਸ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਤੇਵਾਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਪੀਐਮ ਸ੍ਰੀ ਸਕੀਮ ਦੁਆਰਾ ਸੰਚਾਲਿਤ ਸਕੂਲ ਟਵਿਨਿੰਗ ਪ੍ਰੋਗਰਾਮ ਦੀ ਯੋਜਨਾ ਦੇ ਤਹਿਤ ਦ ਨੌਰਵੁੱਡ ਸਕੂਲ ਦਾ ਇੱਕ ਵਿਦਿਅਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਵਿਭਿੰਨ ਅਧਿਆਪਨ ਸਿਖਲਾਈ ਵਿਧੀਆਂ ਦੇ ਨਾਲ-ਨਾਲ ਸਾਡੇ ਸਕੂਲ ਵਿੱਚ ਅਪਣਾਏ ਗਏ ਵਧੀਆ ਅਭਿਆਸਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀ, ਸ਼ੂਟਿੰਗ ਰੇਂਜ ਅਤੇ ਵੱਖ-ਵੱਖ ਖੇਡ ਦੇ ਮੈਦਾਨਾਂ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੇ ਕਲਾਸਰੂਮ ਅਧਿਆਪਨ ਅਤੇ ਡਿਜੀਟਲ ਸਰੋਤਾਂ ਜਿਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਤੇ ਆਡੀਓ ਸਪੀਚ ਲੈਬ (ਏ ਐੱਸ ਲੈਬ) ਨੂੰ ਅਜੋਕੇ ਸਮੇਂ ਵਿੱਚ ਕਿਸ ਤਰਾਂ ਵਰਤਿਆ ਜਾ ਸਕਦਾ ਹੈ ਇਸ ਸਬੰਧੀ ਜਾਣਕਾਰੀ ਵੀ ਪ੍ਰਾਪਤ ਕੀਤੀ।



# ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਪਿੰਡ ਕਰਾੜੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਭਵਨ ਕਰਾੜੀ ਦੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ



ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਚ ਸਜਾਇਆ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਨਗਰ ਕੀਰਤਨ ਸੁੰਦਰ ਪਾਲਕੀ ਸਾਹਿਬ ਚ ਸਸੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਕਰਾੜੀ ਤੋਂ ਸ਼ੁਰੂ ਹੋ ਕੇ ਪਹਿਲਾਂ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਪ੍ਰਗਟ ਸਿੰਘ ਜੀ ਸਾਧਾਵਾਲੀ ਪਹੁੰਚਿਆ। ਜਿੱਥੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਭੇਟ ਕੀਤੇ ਗਏ। ਨਗਰ ਕੀਰਤਨ ਦੌਰਾਨ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਇਸ ਉਪਰੰਤ ਨਗਰ ਕੀਰਤਨ ਪਰਕਰਮਾ ਕਰਦਾ ਹੋਇਆ ਪਿੰਡ ਵਿੱਚ ਵੱਖ ਵੱਖ ਪੜਾਅ ਕਰਦਾ ਹੋਇਆ। ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਕਰਾੜੀ ਵਿਖੇ ਪਹੁੰਚਿਆ ਤੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਤੇ ਸੁੰਦਰ ਰੁਮਾਲੇ ਭੇਟ ਕੀਤੇ ਗਏ ਨਗਰ ਕੀਰਤਨ ਦੇ ਰਸਤੇ ਵਿੱਚ ਸੰਗਤਾਂ ਦੁਆਰਾ ਵੱਖ ਵੱਖ ਪ੍ਰਕਾਰ ਦੇ ਪਕਵਾਨਾ ਦੇ ਲੰਗਰ ਲਗਾਏ ਗਏ ਸਨ। ਪਿੰਡ ਦੇ ਵਿਚਕਾਰ ਇੱਕ ਸ਼ਰਧਾਲੂ ਪਰਿਵਾਰ ਵੱਲੋਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ। ਲੰਗਰ ਛਕਣ ਉਪਰੰਤ ਸੰਗਤਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਮਹਿਮਾ ਦਾ ਗੁਣਗਾਨ ਕਰਦੀਆਂ ਹੋਈਆਂ ਸ੍ਰੀ ਗੁਰੂ ਰਵਿਦਾਸ ਭਵਨ ਵਿੱਚ ਪਹੁੰਚੀਆਂ ਜਿੱਥੇ ਨਗਰ ਕੀਰਤਨ ਦੀ ਸਰਬੱਤ ਦੇ ਭਲੇ ਅਰਦਾਸ ਉਪਰੰਤ ਸਮਾਪਤੀ ਹੋਈ ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ, ਥਾਣੇਦਾਰ ਮੰਗਾ ਕਰਾੜੀ, ਮਾਸਟਰ ਪ੍ਰਵੀਨ ਕੁਮਾਰ, ਮਾਸਟਰ ਜਸਵਿੰਦਰ ਕੁਮਾਰ ਵਾਟ ਗੁਰਦੇਵ ਸਿੰਘ (ਸਾਰੇ ਕਮੇਟੀ ਮੈਂਬਰ)। ਇਹਨਾਂ ਤੋਂ ਇਲਾਵਾ ਸਰਪੰਚ ਸਰੋਜ ਬਾਲਾ ਗੁਰਵਿੰਦਰ ਕੌਰ, ਜਸਬੀਰ ਕੌਰ ਜਸਵਿੰਦਰ ਕੁਮਾਰ, ਗੁਰਦੇਵ ਲਾਲ ( ਸਾਰੇ ਪੰਚ) ਕਰਨੈਲ ਚੰਦ( ਸੈਕਟਰੀ ਆਪ), ਬਲਾਕ ਪ੍ਰਧਾਨ ਆਮ ਪਾਰਟੀ ਪਰਮਜੀਤ ਸਿੰਘ ਮਿਨਹਾਸ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਸਰਹਿੰਦ ਰੇਲਵੇ ਸਟੇਸ਼ਨ 'ਤੇ ਹੋਏ ਬੰਬ ਧਮਾਕੇ ਦੀ ਨਿੰਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਇੱਥੇ ਸੀ.ਪੀ.ਆਈ.(ਐਮ) ਦੀ ਸੂਬਾ ਸਕੱਤਰੇਤ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਬੀ.ਵੀ. ਜੀ ਰਾਮ ਜੀ ਕਾਨੂੰਨ ਵਿਰੁੱਧ, ਚਾਰ ਲੇਬਰ ਕੋਡਾ ਵਿਰੁੱਧ, ਬਿਜਲੀ ਸੋਧ ਬਿਲ 2025 ਅਤੇ ਬੀਜ ਸੋਧ ਬਿੱਲ, ਪਰਮਾਣੂ ਊਰਜਾ ਆਦ ਮੁੱਦਿਆਂ 'ਤੇ ਮਹਾਤਮਾ ਗਾਂਧੀ ਦੇ ਸ਼ਹਾਦਤ ਦਿਵਸ 30 ਜਨਵਰੀ ਤੋਂ ਲੈ ਕੇ 5 ਫਰਵਰੀ ਤੱਕ ਇੱਕ ਹਫਤਾ ਮੁਹਿੰਮ ਚਲਾਈ ਜਾਵੇਗੀ ਇਸ ਮੁਹਿੰਮ ਵਿੱਚ ਕੇਂਦਰ ਦੀ ਮੋਦੀ ਸਰਕਾਰ ਦੇ ਮਨਸੂਬਿਆਂ ਨੂੰ ਆਮ ਜਨਤਾ ਵਿੱਚ ਨੰਗਾ ਕੀਤਾ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਸਾਥੀ ਜਤਿੰਦਰਪਾਲ ਸਿੰਘ ਨੇ ਕੀਤੀ। ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਰਿਲੀਜ਼ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਨੂੰ ਆਰਥਿਕ ਤੌਰ 'ਤੇ ਬਰਬਾਦ ਕਰਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿੱਚ 11 ਮਾਰਚ ਤੋਂ 20 ਮਾਰਚ ਤੱਕ ਸਾਰੇ ਸੂਬਿਆਂ ਵਿੱਚ ਇੰਨਾਂ ਭੱਖਵੇਂ ਮੰਗਾਂ ਅਤੇ ਮੁੱਦਿਆਂ ਨੂੰ ਲੈ ਕੇ ਜਥੇ ਮਾਰਚ ਕੀਤੇ ਜਾਣਗੇ ਅਤੇ ਮਾਰਚ ਦੇ ਆਖੀਰ ਵਿੱਚ ਰਾਮਲੀਲਾ ਮੈਦਾਨ ਦਿੱਲੀ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਸਰਹਿੰਦ ਰੇਲਵੇ ਸਟੇਸ਼ਨ 'ਤੇ ਹੋਏ ਬੰਬ ਧਮਾਕੇ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਅੱਤਵਾਦੀ ਤਾਕਤਾਂ ਸੂਬੇ ਵਿੱਚ ਮੁੜ ਪਨਪ ਰਹੀਆਂ ਹਨ।

# ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਕਾਲਜ ਦੇ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਧਾਰਮਿਕ ਸਮਾਗਮ ਵਿੱਚ ਆਪਣੀ ਹਾਜ਼ਰੀ ਭਰੀ। ਸਹਿਜ ਪਾਠ ਦੇ ਭੋਗ ਉਪਰੰਤ ਭਾਈ ਭਾਰਤ ਸਿੰਘ ਜੀ ਜਵੱਦੀ ਟਕਸਾਲ, ਲੁਧਿਆਣਾ ਨੇ ਰਵਾਇਤੀ ਤੰਤੀ ਸਾਜਾਂ ਨਾਲ ਆਪਣੀ ਰਸਭਿੰਨੀ ਅਤੇ ਮਧੁਰ ਵਾਣੀ ਨਾਲ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਖ਼ਾਲਸਾ ਪੰਥ ਦੀ ਸਾਜਨਾ ਅਤੇ ਸਿੱਖ ਧਰਮ ਨੂੰ ਦੇਣ ਨਾਲ ਸੰਬੰਧਤ ਸ਼ਬਦਾਂ ਦੇ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਮੀਤ ਪ੍ਰਧਾਨ ਸ. ਦੀਪਇੰਦਰ ਸਿੰਘ ਪੁਰੇਵਾਲ, ਸੰਯੁਕਤ ਸਕੱਤਰ ਸ. ਜਸਪਾਲ ਸਿੰਘ ਵੜੈਚ, ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਅਤੇ ਸ. ਰਸ਼ਪਾਲ ਸਿੰਘ ਪਾਲ ਨੇ ਭਾਈ ਭਾਰਤ ਸਿੰਘ ਜੀ ਜਵੱਦੀ ਟਕਸਾਲ ਦੇ ਕੀਰਤਨੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖਸੀਅਤ ਸੰਬੰਧੀ ਦੱਸਦਿਆਂ ਕਿਹਾ ਕਿ ਗੁਰੂ ਜੀ ਇੱਕ ਧਾਰਮਿਕ ਆਗੂ ਹੋਣ ਦੇ ਨਾਲ ਨਾਲ ਨਿਪੁੰਨ ਤੇ ਉੱਚ ਕੋਟੀ ਦੇ ਯੋਧੇ ਅਤੇ ਮਹਾਨ ਲਿਖਾਰੀ ਸਨ। ਸਮਾਗਮ ਵਿੱਚ ਰਸ਼ਪਾਲ ਸਿੰਘ ਪਾਲ ਜਿਨ੍ਹਾਂ ਨੂੰ ਪੰਜਾਬ ਦਾ ਰਫੀ ਹੋਣ ਦਾ ਖ਼ਿਤਾਬ ਵੀ ਹਾਸਿਲ ਹੈ ਨੇ ਆਪਣੀ ਸੁਹਜ ਭਰਪੂਰ ਆਵਾਜ਼ ਰਾਹੀਂ ਗੁਰੂ ਸਾਹਿਬ ਦੀ ਮਹਿਮਾ ਵਿੱਚ ਕਾਵਿ ਗਾਇਨ ਕੀਤਾ। ਇਸ ਸਮੇਂ ਸਮੂਹ ਸਟਾਫ, ਵਿਦਿਆਰਥੀ ਅਤੇ ਲਾਇਲਪੁਰ ਖ਼ਾਲਸਾ ਮੈਨੇਜਮੈਂਟ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਵੀ ਹਾਜ਼ਰ ਸਨ। ਸਮਾਰੋਹ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਸੇਖੋਂ ਨੇ ਬਾਖੂਬੀ ਨਿਭਾਈ। ਅਖੀਰ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਬਸਪਾ ਯੂਨਿਟ ਮੰਢਾਲੀ ਨੇ ਗਣਤੰਤਰ ਦਿਵਸ ਮਨਾਇਆ

**ਬੰਗਾ (ਅਵਤਾਰ ਕਲੇਰ)**- ਗਣਤੰਤਰ ਦਿਵਸ ਮੌਕੇ ਬਸਪਾ ਯੂਨਿਟ ਪਿੰਡ ਮੰਢਾਲੀ ਦੇ ਵਰਕਰਾਂ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਆਦਮਕੱਦ ਬੁੱਤ ਨੂੰ ਹਾਰ ਪਹਿਨਾ ਕੇ ਮਨਾਇਆ । ਯੂਨਿਟ ਦੇ ਪ੍ਰਧਾਨ ਕੁਲਵਿੰਦਰ ਗੋਰਾ, ਚਰਨਜੀਤ ਮੰਢਾਲੀ, ਮਹਿੰਦਰ ਬੈਂਸ, ਮਲਕੀਤ ਮੰਢਾਲੀ ਨੇ ਕਿਹਾ ਕਿ ਬਾਬਾ ਸਾਹਿਬ ਡਾ ਅੰਬੇਡਕਰ ਨੇ ਸੰਵਿਧਾਨ ਲਿਖ ਕੇ ਭਾਰਤ ਦੇਸ਼ ਨੂੰ 26 ਜਨਵਰੀ 1949 ਨੂੰ ਸਮਰਪਿਤ ਕੀਤਾ ਹੈ ਜੋ 26 ਜਨਵਰੀ 1950 ਨੂੰ ਲਾਗੂ ਹੋਇਆ ਹੈ । ਸੰਵਿਧਾਨ ਸਾਨੂੰ ਹਰ ਤਰ੍ਹਾਂ ਦੇ ਹੱਕ ਪ੍ਰਦਾਨ ਕਰਦਾ ਹੈ ਤੇ ਸਾਰੇ ਭਾਰਤੀਆਂ ਦੇ ਅਨੁਕੂਲ ਹੈ ਪਰ ਸਮੇਂ ਦੀਆਂ ਸਰਕਾਰਾਂ ਨੇ ਸੰਵਿਧਾਨ ਨੂੰ ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ।ਸਾਰੇ ਆਗੂਆਂ ਨੇ ਬਸਪਾ ਦਾ ਰਾਜ ਲਿਆਉਣ ਲਈ ਆਪਣਾ ਯੋਗਦਾਨ ਦੇਣ ਲਈ ਸਾਥੀਆਂ ਨੂੰ ਪ੍ਰੇਰਿਤ ਕੀਤਾ ।ਇਸ ਮੌਕੇ ਪ੍ਰਧਾਨ ਕੁਲਵਿੰਦਰ ਗੋਰਾ, ਚਰਨਜੀਤ ਮੰਢਾਲੀ, ਮਹਿੰਦਰ ਬੈਂਸ, ਮਲਕੀਤ ਮੰਢਾਲੀ, ਅਮਰਜੀਤ ਮੱਦੀ, ਨਵੀਨ ਕੁਮਾਰ, ਕਾਕਾ ਮੰਢਾਲੀ, ਗੁਰਮੁੱਖ ਗੋਮਾ, ਕਮਲਜੀਤ ਕੁਮਾਰ, ਸਤਨਾਮ ਸ਼ਾਮਾ, ਬਾਲੀ ਰਾਮ, ਚਮਨ ਲਾਲ, ਪਰਮਜੀਤ ਭੱਟੀ, ਮਨੋਹਰ ਲਾਲ, ਜਸਵਿੰਦਰ ਸੋਨੂੰ ਆਦਿ ਹਾਜ਼ਰ ਸਨ ।



## ਸਾਹਿਤ ਸਭਾ ਦੀ ਮੀਟਿੰਗ 'ਚ ਗ਼ਜ਼ਲ ਵਿਧਾ 'ਤੇ ਚਰਚਾ



**ਸਮਰਾਲਾ (ਸੁਰਜੀਤ ਸਿੰਘ)**-ਪ੍ਰਸਿੱਧ ਗ਼ਜ਼ਲਗੋ ਐੱਸ. ਨਸੀਮ ਦੀ ਪ੍ਰਧਾਨਗੀ ਵਿੱਚ ਹੋਈ ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਬੈਠਕ ਵਿੱਚ ਜਿੱਥੇ ਰਚਨਾਵਾਂ ਦਾ ਰਚਨਾਤਮਕ ਦੌਰ ਚੱਲਿਆ, ਉੱਥੇ ਵਿਸ਼ੇਸ਼ ਤੌਰ 'ਤੇ ਗ਼ਜ਼ਲ ਵਿਧਾ 'ਤੇ ਖੁੱਲ੍ਹ ਕੇ ਵਿਚਾਰਾਂ ਹੋਈਆਂ।ਹਾਜ਼ਰ ਲੇਖਕਾਂ ਵੱਲੋਂ ਪੇਸ਼ ਕੀਤੀਆਂ ਗ਼ਜ਼ਲਾਂ ਉੱਤੇ ਐੱਸ. ਨਸੀਮ, ਨਿਰੰਜਨ ਸੂਖਮ, ਬਲਜਿੰਦਰ ਸਿੰਘ ਮਾਛੀਵਾੜਾ ਤੇ ਹਰਨਾਮ ਸਿੰਘ ਡੱਲਾ ਵੱਲੋਂ ਵਿਸਥਾਰਪੂਰਵਕ ਵਿਚਾਰਾਂ ਹੋਈਆਂ।ਐੱਸ. ਨਸੀਮ ਨੇ ਗ਼ਜ਼ਲ ਵਿਧਾ ਬਾਰੇ ਹਾਜ਼ਰ ਲੇਖਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ਼ਜ਼ਲ ਦੇ ਦੋ ਸਕੂਲ 'ਦਿੱਲੀ' ਤੇ 'ਲਖਨਊ' ਹਨ।ਗ਼ਜ਼ਲ ਦੋ ਕਿਸਮ ਦੀ ਸ਼ਾਇਰੀ ਦੀ ਪ੍ਰਤੀਨਿਧਤਾ ਕਰਦੀ ਹੈ, ਜਿਸ ਵਿੱਚ 'ਖਾਰਜ਼ੀਆਤ' ਮਹਿਬੂਬ ਦੇ ਨਕ਼ਸ਼ ਤੇ ਸ਼ਿਖ ਦਾ ਵਰਨਣ ਕਰਦੀ ਹੈ ਤੇ 'ਦਾਖਲੀਆਤ' ਮਹਿਬੂਬ ਦੇ ਅੰਦਰੂਨੀ ਗੁਣਾਂ ਦਾ ਪ੍ਰਗਟਾਵਾ ਕਰਦੀ ਹੈ।ਉਨ੍ਹਾਂ ਕਿਹਾ ਕਿ ਗ਼ਜ਼ਲ ਵਿੱਚ ਬਹੁ-ਪਰਤੀ ਚੀਜ਼ਾਂ ਉਜਾਗਰ ਹੁੰਦੀਆਂ ਹਨ, ਜਿਸ ਨੂੰ ਗਹਿਰਾਈ ਨਾਲ ਪੜ੍ਹਨ ਦੀ ਲੋੜ ਹੈ।ਉਨ੍ਹਾਂ ਗੀਤ ਵਿਧਾ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਹਿਤ ਤੇ ਆਮ ਗੀਤਾਂ ਦੀ ਗਹਿਰਾਈ ਨੂੰ ਸਮਝਣਾ ਜ਼ਰੂਰੀ ਹੈ। ਗੀਤਕਾਰ ਨੂੰ ਗੀਤ ਦੀਆਂ ਗਹਿਰਾਈਆਂ ਸਮਝਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸਮਾਜ ਪ੍ਰਤੀ ਚਿੰਤਿਤ ਹੋਣਾ ਲੇਖਕ ਦਾ ਫਰਜ਼ ਹੈ।ਰਚਨਾਵਾਂ ਦੇ ਦੌਰ ਵਿੱਚ ਐੱਸ. ਨਸੀਮ, ਨਿਰੰਜਨ ਸੂਖਮ ਤੇ ਬਲਜਿੰਦਰ ਸਿੰਘ ਨੇ ਆਪਣੀਆਂ ਗ਼ਜ਼ਲਾਂ ਪੇਸ਼ ਕਰਕੇ ਹਾਜ਼ਰ ਲੇਖਕਾਂ ਤੋਂ ਵਾਹ-ਵਾਹ ਖੱਟੀ।ਇਸੇ ਦੌਰ ਵਿੱਚ ਨਵਦੀਪ ਨੇ ਕਵਿਤਾ ਤੇ ਗੀਤ ਅਤੇ ਨਛੱਤਰ ਸਿੰਘ ਗਿੱਲ ਤੇ ਕਸ਼ਮੀਰ ਸਿੰਘ ਨੇ ਕਵਿਤਾ ਸੁਣਾਈ।ਲੇਖਕ ਤੇ ਇਤਿਹਾਸਕਾਰ ਰਘਬੀਰ ਸਿੰਘ ਭਾਰਤ ਨੇ ਨਵਾਬ ਕਪੂਰ ਸਿੰਘ ਦੇ ਜੀਵਨ 'ਤੇ ਖੋਜ ਲੇਖ ਪੜ੍ਹ ਕੇ ਸੁਣਾਇਆ।ਡਾ. ਅਮਰਜੀਤ ਸਹਿਗਲ ਨੇ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪੇਸ਼ ਕੀਤੀਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋਈ।ਮੰਚ ਸੰਚਾਲਨ ਸਭਾ ਦੇ ਸਕੱਤਰ ਪ੍ਰਿੰਸੀਪਲ ਨਿਰੰਜਨ ਸੂਖਮ ਨੇ ਬਾਖੂਬੀ ਕੀਤਾ।

## ਮਾਊਂਟ ਲਿਟਰਾ ਜ਼ੀ ਸਕੂਲ 'ਚ ਸਮਾਗਮ ਕਰਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ 'ਚ ਬੱਚਿਆਂ ਨੂੰ ਹਰ ਤਿਉਹਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੁ ਉਨ੍ਹਾਂ ਨੂੰ ਦੇਸ਼ ਦੀ ਸੰਸਕ੍ਰਿਤੀ ਨਾਲ ਜੋੜਿਆ ਜਾ ਸਕੇ ਤੇ ਬੱਚੇ ਆਪਣੇ ਗਿਆਨ ਵਿੱਚ ਵਾਧਾ ਕਰ ਸਕਣ।ਇਸ ਦੇ ਚੱਲਦਿਆਂ ਛੇਵੀਂ ਇਨੋਵੇਟਰਜ਼ ਜਮਾਤ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਗਣਤੰਤਰ ਦਿਵਸ 'ਤੇ ਪ੍ਰਾਰਥਨਾ, ਜ਼ੀ ਐਂਥਮ, ਕੁਇਜ਼, ਪ੍ਰਣ ਤੇ ਕਵਿਤਾ ਪੇਸ਼ ਕੀਤੀ।ਦੇਸ਼ ਭਗਤੀ ਦੇ ਗੀਤ ਗਾ ਕੇ ਬੱਚਿਆਂ ਨੇ ਪੂਰੇ ਮਾਹੌਲ ਨੂੰ ਸੁਰੀਲਾ ਬਣਾ ਦਿੱਤਾ।ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਸਾਰਿਆਂ ਨੂੰ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਕਿਹਾ ਇਸ ਪ੍ਰਕਾਰ ਦੇ ਸਮਾਗਮਾਂ ਰਾਹੀਂ ਬੱਚਿਆਂ ਦੀ ਜਾਣਕਾਰੀ 'ਚ ਵਾਧਾ ਕਰਦੇ ਰਹਿਣਾ ਸਕੂਲ ਦਾ ਮੁੱਖ ਮੰਤਵ ਹੈ।

## ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੀ ਚੋਣ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਪਟਿਆਲਾ ਦੀ ਚੋਣ ਸੂਬਾ ਅਬਜ਼ਰਵਰਾਂ ਅੰਮ੍ਰਿਤ ਗਰਗ ਤੇ ਅਨਿਲ ਕੁਮਾਰ ਮਿੱਤਲ ਦੀ ਨਿਗਰਾਨੀ ਹੇਠ ਹੋਈ।ਜਥੇਬੰਦੀ ਦੇ ਸੰਵਿਧਾਨ ਅਨੁਸਾਰ 8 ਮੈਂਬਰ ਬਣਾਏ ਗਏ, ਜਿਨ੍ਹਾਂ ਵਿੱਚ ਪ੍ਰਧਾਨ ਸੁਖਵਿੰਦਰ ਕੌਰ, ਸਕੱਤਰ ਜਸਵਿੰਦਰ ਪਾਲ ਸਿੰਘ, ਵਿੱਤ ਸਕੱਤਰ ਸੁਰਭੀ ਅਗਰਵਾਲ, ਆਡੀਟਰ ਨਿਰਦੇਵ ਕੁਮਾਰ, ਰੌਬਿਨ ਸ਼ਰਮਾ ਮੁੱਖ ਸਲਾਹਕਾਰ, ਹਰਵਿੰਦਰ ਸਿੰਘ ਮੀਤ ਪ੍ਰਧਾਨ, ਮੁਹੰਮਦ ਸਾਹਿਲ ਜੁਆਇੰਟ ਸਕੱਤਰ ਤੇ ਜਗਅਮਨ ਕੌਰ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ।ਸਾਰੇ ਚੁਣੇ ਮੈਂਬਰਾਂ ਨੇ ਜਨਰਲ ਹਾਊਸ ਨੂੰ ਨਿਰਪੱਖ, ਅਨੁਸ਼ਾਸਨ ਵਿੱਚ ਰਹਿ ਕੇ ਨਿਰਪੱਖਤਾ, ਇਮਾਨਦਾਰੀ ਤੇ ਦ੍ਰਿੜ੍ਹਤਾ ਨਾਲ ਉਮੀਦਾਂ 'ਤੇ ਪੂਰਾ ਉੱਤਰਨ ਦਾ ਵਿਸ਼ਵਾਸ ਦਿਵਾਇਆ।ਇਹ ਜਾਣਕਾਰੀ ਦਿੰਦਿਆਂ ਸੂਬਾਈ ਪ੍ਰਧਾਨ ਨਰਿੰਦਰ ਮੋਹਨ ਸ਼ਰਮਾ ਨੇ ਦੱਸਿਆ ਕਿ ਇਸ ਸਮੇਂ ਸਾਬਕਾ ਪ੍ਰਧਾਨ ਜਸਵੰਤ ਸਿੰਘ, ਸਕੱਤਰ ਇੰਦਰਜੀਤ ਸਿੰਘ, ਜੁਆਇੰਟ ਸਕੱਤਰ ਹਰਜੀਵਨ ਸਿੰਘ, ਜਤਿੰਦਰ ਪਾਲ ਕੌਰ ਤੇ ਰਮਨ ਸ਼ਰਮਾ ਨੇ ਨਵੀਂ ਚੁਣੀ ਟੀਮ ਨੂੰ ਹਮੇਸ਼ਾ ਸਾਥ ਦੇਣ ਦਾ ਵਿਸ਼ਵਾਸ ਦਿਵਾਇਆ।

## ਪੰਜਾਬ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਪੁਸ਼ਪਿੰਦਰ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਕੌਂਸਲਰ ਪੁਸ਼ਪਿੰਦਰ ਸ਼ਰਮਾ ਨੂੰ 'ਪੰਜਾਬ ਟਰੇਡਰਜ਼ ਕਮਿਸ਼ਨ' ਹਲਕਾ ਧੂਰੀ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਪੰਜਾਬ ਲਘੂ ਵਿਕਾਸ ਉਦਯੋਗ ਨਿਗਮ ਦੇ ਚੇਅਰਮੈਨ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਅਤੇ ਦਫ਼ਤਰ ਨੁਮਾਇੰਦੇ ਰਮਨਦੀਪ ਸਿੰਘ ਵੱਲੋਂ ਪੁਸ਼ਪਿੰਦਰ ਸ਼ਰਮਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਦਲਵੀਰ ਸਿੰਘ ਢਿੱਲੋਂ ਤੇ ਰਾਜਵੰਤ ਸਿੰਘ ਘੁੱਲੀ ਨੇ ਪੁਸ਼ਪਿੰਦਰ ਸ਼ਰਮਾ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਮੁਬਾਰਕਬਾਦ ਦਿੱਤੀ।ਆਗੂਆਂ ਨੇ ਉਮੀਦ ਜਤਾਈ ਕਿ ਉਹ ਵਪਾਰੀ ਵਰਗ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਸਨਮਾਨ ਤੋਂ ਬਾਅਦ ਪੁਸ਼ਪਿੰਦਰ ਸ਼ਰਮਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਪਾਰਟੀ ਦੀ ਸਮੁੱਚੀ ਹਾਈ ਕਮਾਂਡ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਪ੍ਰਗਟਾਇਆ ਹੈ, ਉਹ ਉਸ 'ਤੇ ਪੂਰਾ ਉਤਰਨਗੇ।

## ਸੰਤ ਕਬੀਰ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਰੁੱਤਾਂ ਦੀ ਰਾਣੀ ਬਸੰਤ ਪੰਚਮੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੇਵੀ ਸਰਸਵਤੀ ਦੀ ਪੂਜਾ ਨਾਲ ਕੀਤੀ ਗਈ। ਉਪਰੰਤ ਵਿਦਿਆਰਥੀਆਂ ਨੇ ਸਰਸਵਤੀ ਵੰਦਨਾ, ਭਜਨ, ਕਵਿਤਾਵਾਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ। ਸਾਰੇ ਵਿਦਿਆਰਥੀਆਂ ਨੇ ਪੀਲੇ ਕੱਪੜੇ ਪਹਿਨੇ ਹੋਏ ਸਨ, ਜਿਸ ਨਾਲ ਪੂਰੇ ਸਕੂਲ ਵਿੱਚ ਬਸੰਤ ਦਾ ਇੱਕ ਸੁੰਦਰ ਮਾਹੌਲ ਪੈਦਾ ਹੋਇਆ। ਵਿਦਿਆਰਥੀਆਂ ਨੇ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਦੀ ਸਹੁੰ ਖਾਧੀ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ, ਡਾਇਰੈਕਟਰ ਡਾ. ਨੰਦਿਤਾ ਗਰੋਵਰ, ਪ੍ਰਿੰਸੀਪਲ ਮੈਡਮ ਕੰਚਨ, ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਬੱਚਿਆਂ ਨੂੰ ਬਸੰਤ ਪੰਚਮੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਦੇਵੀ ਸਰਸਵਤੀ ਉਨ੍ਹਾਂ ਨੂੰ ਗਿਆਨ ਤੇ ਬੁੱਧੀ ਦੀ ਬਖਸ਼ਿਸ਼ ਕਰੇ। ਉਨ੍ਹਾਂ ਵਿਦਿਆਰਥੀਆਂ ਨੂੰ ਹਾਦਸਿਆਂ ਤੋਂ ਬਚਣ ਲਈ ਪਤੰਗ ਉਡਾਉਂਦੇ ਸਮੇਂ ਸਾਵਧਾਨੀ ਵਰਤਣ ਦਾ ਸੰਦੇਸ਼ ਦਿੱਤਾ।

## ਫੀਲਖਾਨਾ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਮੁੱਖ ਚੋਣ ਕਮਿਸ਼ਨਰ ਪੰਜਾਬ ਤੇ ਜ਼ਿਲ੍ਹਾ ਚੋਣ ਕਮਿਸ਼ਨਰ ਪਟਿਆਲਾ ਦੇ ਨਿਰਦੇਸ਼ਾਂ ਤਹਿਤ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਇਸ ਮੌਕੇ ਸਟੇਟ ਅਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਨੇ ਐੱਨ ਐੱਸ ਐੱਸ ਵਲੰਟੀਅਰਜ਼ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਨੌਜਵਾਨ ਕੱਲ੍ਹ ਦੇ ਨੇਤਾ ਹਨ। ਉਨ੍ਹਾਂ ਨੇ ਵਲੰਟੀਅਰਜ਼ ਨੂੰ ਆਪਣੇ ਵੋਟ ਦੀ ਵਰਤੋਂ ਬਿਨਾਂ ਕਿਸੇ ਡਰ, ਜਾਤੀ, ਵਰਗ, ਲਾਲਚ ਆਦਿ ਤੋਂ ਉੱਪਰ ਉੱਠ ਕੇ ਦੇਣ ਦਾ ਸੱਦਾ ਦਿੱਤਾ। ਇਸ ਮੌਕੇ ਐੱਨ ਐੱਸ ਐੱਸ ਪ੍ਰੋਗਰਾਮ ਆਫਿਸਰ ਮਨੋਜ ਥਾਪਰ ਨੇ ਵੋਟਰ ਸਹੁੰ ਵੀ ਚੁਕਾਈ।ਪੇਂਟਿੰਗ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਜੇਤੂਆਂ ਨੂੰ ਮੈਡਲ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਦੀ ਪ੍ਰੈੱਸ ਕਵਰੇਜ ਮੀਡੀਆ ਕੋਆਰਡੀਨੇਟਰ ਅਕਸ਼ੇ ਖਨੌਰੀ ਨੇ ਕੀਤੀ। ਇਸ ਮੌਕੇ ਸਟਾਫ ਵੱਲੋਂ ਵਿਸ਼ੇਸ਼ ਤੌਰ 'ਤੇ ਸੀਨੀਅਰ ਲੈਕਚਰਾਰ ਕੰਵਰਜੀਤ ਸਿੰਘ ਧਾਲੀਵਾਲ, ਪ੍ਰੋਗਰਾਮ ਆਫਿਸਰ ਪ੍ਰਗਟ ਸਿੰਘ, ਮੈਡਮ ਬਲਵਿੰਦਰ ਕੌਰ, ਲੈਕਚਰਾਰ ਚਰਨਜੀਤ ਸਿੰਘ, ਲੈਕਚਰਾਰ ਡਾਕਟਰ ਪਰਵਿੰਦਰ ਕੌਰ ਤੇ ਹੋਰ ਸਟਾਫ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

## ਨਬਾਲਿਗ ਭਤੀਜੇ ਵੱਲੋਂ ਚਾਚੇ ਦਾ ਬੇਰਹਿਮੀ ਨਾਲ ਕਤਲ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਨਿਹਾਲ ਸਿੰਘ ਵਾਲਾ ਵਿਖੇ ਬਰਨਾਲਾ ਰੋਡ 'ਤੇ ਵਾਰਡ ਨੰਬਰ 3 ਦੇ ਧਾਨਕਾ ਬਸਤੀ 'ਚ ਇੱਕ 55 ਸਾਲਾ ਵਿਅਕਤੀ ਦਾ ਉਸ ਦੇ ਨਬਾਲਿਗ 16 ਸਾਲਾ ਭਤੀਜੇ ਵੱਲੋਂ ਸਿਰ 'ਚ ਤੇਜ਼ਧਾਰ ਛੁਰੀ ਮਾਰ ਕੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਘਟਨਾ ਦੀ ਸੂਚਨਾ



ਮਿਲਦਿਆਂ ਹੀ ਥਾਣਾ ਨਿਹਾਲ ਸਿੰਘ ਵਾਲਾ ਦੀ ਪੁਲਸ ਮੌਕੇ 'ਤੇ ਪਹੁੰਚ ਗਈ।ਇਸ ਮੌਕੇ ਨਿਹਾਲ ਸਿੰਘ ਵਾਲਾ ਦੇ ਡੀ. ਐੱਸ. ਪੀ. ਅਨਵਰ ਅਲੀ ਤੇ ਥਾਣਾ ਮੁੱਖ ਅਫਸਰ ਪੂਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਾਨੂੰ ਧਾਨਕਾ ਬਸਤੀ ਵਾਰਡ ਨੰਬਰ ਤਿੰਨ 'ਚ ਇੱਕ ਕਮਰੇ 'ਚ ਇੱਕ ਵਿਅਕਤੀ ਦੀ ਮ੍ਰਿਤਕ ਦੇਹ ਪਈ ਹੋਣ ਦੀ ਸੂਚਨਾ ਮਿਲੀ ਸੀ।ਜਦੋਂ ਅਸੀਂ ਇਸ ਸਥਾਨ 'ਤੇ ਪਹੁੰਚੇ ਤਾਂ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਹ ਮ੍ਰਿਤਕ ਦੇਹ ਮੋਹਣ ਲਾਲ ਪੁੱਤਰ ਦੇਵ ਰਾਜ ਦੀ ਹੈ, ਜਿਸ ਦੀ ਉਮਰ ਕਰੀਬ 55 ਸਾਲ ਹੈ।ਉਨ੍ਹਾਂ ਦੱਸਿਆ ਕਿ ਪੁਲਸ ਨੂੰ ਮੁੜਲੀ ਪੜਤਾਲ 'ਚ ਪਤਾ ਲੱਗਾ ਕਿ ਇਸ ਵਿਅਕਤੀ ਦਾ ਉਸ ਦੇ 16 ਸਾਲਾ ਭਤੀਜੇ ਵੱਲੋਂ ਸਿਰ 'ਚ ਤੇਜਧਾਰ ਛੁਰੀ ਮਾਰ ਕੇ ਕਤਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਕਥਿਤ ਦੋਸ਼ੀ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।ਇਸ ਮੌਕੇ ਮੁੱਖ ਮੁਨਸ਼ੀ ਗੁਰਤੇਜ ਸਿੰਘ ਬਰਾੜ, ਰੀਡਰ ਸੰਦੀਪ ਸਿੰਘ, ਸਹਾਇਕ ਥਾਣੇਦਾਰ ਸੁਖਚੈਨ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

## ਭੱਠਾ ਮਜ਼ਦੂਰਾਂ ਦੇ ਸ਼ੋਸ਼ਣ ਖਿਲਾਫ ਪ੍ਰਸ਼ਾਸਨ ਧਿਆਨ ਦੇਵੇ : ਢੀਂਗੀ

### ਸੋਨੀ ਖਾਨ ਮਜ਼ਦੂਰ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਮੰਗਾਂ ਸਿੰਘ ਭੱਠਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਣੇ

**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਦੇ ਸਮੂਹ ਭੱਠਿਆਂ 'ਤੇ ਕੰਮ ਕਰ ਰਹੇ ਮਜ਼ਦੂਰਾਂ ਤੇ ਜਮਾਂਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੀਪ ਸਿੰਘ ਢੀਂਗੀ ਕੌਮੀ ਪ੍ਰਧਾਨ ਆਲ ਇੰਡੀਆ ਮਜ਼ਦੂਰ ਦਲ (ਰਜਿ ਨੰ.21) ਦੀ ਅਗਵਾਈ 'ਚ ਹੋਈ।ਇਸ ਮੌਕੇ ਪਾਰਟੀ ਦੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਢੀਂਗੀ ਨੇ ਭੱਠਿਆਂ 'ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਹੱਕਾਂ ਤੋਂ ਜਾਣੂ ਕਰਵਾਉਣ ਲਈ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਮੌਕੇ ਭੱਠਿਆਂ ਦੇ ਮਾਲਕਾਂ ਵੱਲੋਂ ਉਨ੍ਹਾਂ ਨੂੰ ਸਰਕਾਰੀ ਰੇਟ ਮੁਤਾਬਿਕ ਮਿਹਨਤਾਨਾ ਨਾ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਉਨ੍ਹਾਂ ਡਿਪਟੀ ਕਮਿਸ਼ਨਰ ਮਾਨਸਾ ਨੂੰ ਐੱਸ ਡੀ ਐੱਮ ਰਾਹੀਂ ਇੱਕ ਮੈਮੋਰੰਡਮ ਦਿੱਤਾ।ਉਨ੍ਹਾਂ ਮੰਗ ਪੱਤਰ 'ਚ ਅਪੀਲ ਕੀਤੀ ਕਿ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਸਬੰਧੀ ਭੱਠਾ ਮਾਲਕਾਂ ਨਾਲ ਮਜ਼ਦੂਰਾਂ ਦੇ ਆਗੂਆਂ ਦੀ ਮੀਟਿੰਗ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ।ਉਨ੍ਹਾਂ ਕਿਹਾ ਕਿ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਉਣ ਵਾਲੇ ਦਿਨਾਂ 'ਚ ਮਜਬੂਰਨ ਸੰਘਰਸ਼ ਵਿੱਢਣਗੇ। ਇਸ ਸਬੰਧੀ ਉਨ੍ਹਾਂ ਜ਼ਿਲ੍ਹਾ ਮਾਨਸਾ ਦੇ ਮਾਨਸਾ, ਸਰਦੂਲਗੜ੍ਹ, ਬੁਢਲਾਡਾ, ਭੀਖੀ, ਝੁਨੀਰ, ਬੋਹਾ ਆਦਿ ਭੱਠਿਆਂ 'ਤੇ ਕੰਮ ਕਰ ਰਹੇ ਮਜ਼ਦੂਰਾਂ ਦੀ ਚੋਣ ਵੀ ਕੀਤੀ, ਜਿਸ 'ਚ ਆਲ ਇੰਡੀਆ ਮਜ਼ਦੂਰ ਦਲ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਸੋਨੀ ਖਾਨ ਪ੍ਰਜਾਪਤ, ਮੰਗਾ ਸਿੰਘ ਅੱਕਾਂਵਾਲੀ ਭੱਠਾ ਮਜ਼ਦੂਰ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਤੇ ਬਲਕਾਰ ਸਿੰਘ ਨੂੰ ਸਕੱਤਰ ਚੁਣਿਆ ਗਿਆ।ਇਸ ਮੌਕੇ ਆਲ ਇੰਡੀਆ ਮਜ਼ਦੂਰ ਦਲ ਦੇ ਚੁਣੇ ਜ਼ਿਲ੍ਹਾ ਪ੍ਰਧਾਨ



ਸੋਨੀ ਖਾਨ ਤੇ ਭੱਠਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੰਗਾ ਸਿੰਘ ਅੱਕਾਂਵਾਲੀ ਨੇ ਵਿਸ਼ਵਾਸ ਦਵਾਇਆ ਕਿ ਉਹ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੱਖ-ਵੱਖ ਭੱਠਿਆਂ 'ਤੇ ਉਨ੍ਹਾਂ ਦੀਆਂ ਮੰਗਾਂ ਸਬੰਧੀ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਮੀਟਿੰਗਾਂ ਰੱਖੀਆਂ ਜਾਣਗੀਆਂ। ਮੀਟਿੰਗ ਉਪਰੰਤ ਬੀਰਬਲ ਖਾਨ ਨੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਢੀਂਗੀ ਦਾ ਦਾ ਮਾਨਸਾ ਪਹੁੰਚਣ 'ਤੇ ਸਿਰੋਪਾ ਪਾ ਕੇ ਸਨਮਾਨ ਵੀ ਕੀਤਾ।ਇਸ ਮੌਕੇ ਗੁਰਨਾਮ ਸਿੰਘ ਨਿੱਕਾ ਸਿੰਘ ਜੱਗਾ ਖਾਨ ਬਿੰਦਰ ਸਿੰਘ, ਤੋਤਾ ਸਿੰਘ, ਛੱਤੀ ਸਿੰਘ, ਕਰਨੈਲ ਸਿੰਘ, ਤਾਰੀ ਸਿੰਘ, ਸਤਪਾਲ ਸਿੰਘ, ਬੰਟੂ ਸਿੰਘ, ਬਹਾਦਰ ਸਿੰਘ, ਬੂਟਾ ਸਿੰਘ, ਰਿੰਕੂ ਆਦਿ ਸੈਂਕੜੇ ਮਜ਼ਦੂਰ ਤੇ ਜਮਾਂਦਾਰ ਹਾਜ਼ਰ ਸਨ।

## ਸਿਵਲ ਹਸਪਤਾਲ 'ਚ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਸੈਂਟਰ ਦਾ ਉਦਘਾਟਨ

### ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਰੁਪਏ ਤਕ ਦਾ ਮੁਫ਼ਤ ਇਲਾਜ : ਡਾ. ਬਲਬੀਰ ਸਿੰਘ

**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਰਾਜਪੁਰਾ ਦੇ ਸਿਵਲ ਹਸਪਤਾਲ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਸਿਹਤ ਕਾਰਡ ਬਣਾਉਣ ਵਾਲੇ ਸੈਂਟਰ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨੇ ਆਮ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਰੁਪਏ ਤਕ ਮੁਫ਼ਤ ਇਲਾਜ ਦੇ ਲਾਭਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਸਿਹਤ ਕਾਰਡ ਬਣਾਉਣ ਦੀ ਪੂਰੀ ਪ੍ਰਕਿਰਿਆ ਨੂੰ ਅਸਾਨ ਸ਼ਬਦਾਂ ਵਿੱਚ ਸਮਝਾਇਆ।



ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਮਹੱਤਵਪੂਰਨ ਸਿਹਤ ਯੋਜਨਾ 22 ਜਨਵਰੀ ਤੋਂ ਪੂਰੇ ਪੰਜਾਬ ਵਿੱਚ ਲਾਗੂ ਹੋ ਚੁੱਕੀ ਹੈ।ਇਸ ਯੋਜਨਾ ਤਹਿਤ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕੀਤਾ ਜਾ ਰਿਹਾ ਹੈ, ਜਿਸ ਨਾਲ ਕਰੀਬ 3 ਕਰੋੜ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਆਪਣੇ ਆਪ ਵਿੱਚ ਇੱਕ ਨਵੇਕਲੀ ਸ਼ੁਰੂਆਤ ਹੈ, ਜੋ ਪੰਜਾਬ ਦੇ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਵਿੱਚ ਮੀਲ ਪੱਥਰ ਸਾਬਿਤ ਹੋਵੇਗਾ। ਸਿਹਤ ਮੰਤਰੀ ਨੇ ਸਪਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਸਿਹਤ ਕਾਰਡ ਬਣਵਾਉਣ ਲਈ ਕਿਸੇ ਵੀ ਕਿਸਮ ਦੀ ਫੀਸ ਨਹੀਂ ਦੇਣੀ ਪਵੇਗੀ।ਸਰਕਾਰ ਵੱਲੋਂ ਬੀਮਾ ਕੰਪਨੀ ਨੂੰ ਪਹਿਲਾਂ ਹੀ ਰਕਮ ਅਦਾ ਕੀਤੀ ਜਾ ਚੁੱਕੀ ਹੈ, ਤਾਂ ਜੋ ਆਮ ਲੋਕ ਬਿਨਾਂ ਕਿਸੇ ਵਿੱਤੀ ਬੋਝ ਦੇ ਉੱਚ-ਪੱਧਰੀ ਸਿਹਤ ਸੇਵਾਵਾਂ ਦਾ ਲਾਭ ਲੈ ਸਕਣ।ਉਨ੍ਹਾਂ ਕਿਹਾ ਕਿ ਸਰਕਾਰੀ ਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਇਸ ਕਾਰਡ ਦੇ ਜ਼ਰੀਏ ਇਲਾਜ ਮੁਹੱਈਆ ਕਰਵਾਇਆ ਜਾਵੇਗਾ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਯੋਜਨਾ ਖ਼ਾਸ ਤੌਰ 'ਤੇ ਗਰੀਬ, ਮੱਧ ਵਰਗ ਤੇ ਲੋੜਵੰਦ ਪਰਿਵਾਰਾਂ ਲਈ ਵਰਦਾਨ ਸਾਬਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸਿਹਤ ਕਾਰਡ ਬਣਾਉਣ ਦੀ ਪ੍ਰਕਿਰਿਆ ਬਹੁਤ ਹੀ ਸੌਖੀ ਤੇ ਪਾਰਦਰਸ਼ੀ ਹੈ।ਲੋੜੀਂਦੇ ਦਸਤਾਵੇਜ਼ਾਂ ਨਾਲ ਨਿਰਧਾਰਤ ਸੈਂਟਰ 'ਤੇ ਪਹੁੰਚ ਕੇ ਕੁਝ ਹੀ ਸਮੇਂ ਵਿੱਚ ਕਾਰਡ ਤਿਆਰ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾ ਨਾਲ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ, ਸਿਹਤ ਵਿਭਾਗ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

## ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਦਿਹਾੜਾ 6 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)**

ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਦਿਹਾੜਾ 4, 5 ਤੇ 6 ਫਰਵਰੀ ਨੂੰ ਸਥਾਨਕ ਗੁਰਦੁਆਰਾ ਕੈਂਬੋਵਾਲ ਸਾਹਿਬ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ।ਜਾਣਕਾਰੀ ਦਿੰਦੇ ਹੋਏ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ 4 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, 5 ਫਰਵਰੀ ਨੂੰ ਕੀਰਤਰ ਦਰਬਾਰ ਹੋਵੇਗਾ, ਜਦਕਿ 6 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਢਾਡੀ ਦਰਬਾਰ ਹੋਵੇਗਾ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਸਮੇਂ ਭਾਈ ਬਲਵਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤੇ ਸੰਗਤਾਂ ਵਿੱਚ ਵੀ ਦਿਹਾੜੇ ਨੂੰ ਲੈ ਕੇ ਭਾਈ ਉਤਸ਼ਾਹ ਪਾਇਆ ਜਾ ਰਿਹਾ ਹੈ।

## ਭੁਪਿੰਦਰ ਰਾਠੌਰ 'ਆਪ' ਦੇ ਬੀ ਸੀ ਵਿੰਗ ਦੇ ਜ਼ਿਲ੍ਹਾ ਇੰਚਾਰਜ ਨਿਯੁਕਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਮ ਆਦਮੀ ਪਾਰਟੀ ਹਾਈਕਮਾਂਡ ਵੱਲੋਂ ਪਿੰਡ ਸੈਸੋਵਾਲ ਦੇ ਸਰਪੰਚ ਤੇ 'ਆਪ' ਆਗੂ ਭੁਪਿੰਦਰ ਸਿੰਘ ਰਾਠੌਰ ਨੂੰ ਬੀ. ਸੀ. ਵਿੰਗ ਦਾ ਜ਼ਿਲ੍ਹਾ ਦਿਹਾਤੀ ਇੰਚਾਰਜ ਨਿਯੁਕਤ ਕੀਤਾ ਗਿਆ ਹੈ। 'ਆਪ' ਵੱਲੋਂ ਜਾਰੀ ਸੂਚੀ ਅਨੁਸਾਰ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਦੇਖਦਿਆਂ ਭੁਪਿੰਦਰ ਸਿੰਘ ਰਾਠੌਰ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਰਾਠੌਰ ਨੇ ਕਿਹਾ ਕਿ ਉਹ 'ਆਪ' ਹਾਈਕਮਾਂਡ ਤੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਧੰਨਵਾਦੀ ਹਨ, ਜਿਨ੍ਹਾਂ ਦੀ ਬਦੌਲਤ ਇਹ ਵੱਡਾ ਮਾਣ ਮਿਲਿਆ ਹੈ। ਇਸ ਤੋਂ ਇਲਾਵਾ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਕੌਂਸਲਰ ਜਗਮੀਤ ਮੱਕੜ, ਨਰਿੰਦਰਪਾਲ ਮੱਕੜ, ਭੂਸ਼ਣ ਜੈਨ, ਪਰਵੀਨ ਮੱਕੜ, ਰਣਜੀਤ ਸਿੰਘ ਜੀਤੀ, ਗੁਰਵੀਰ ਸਿੰਘ ਖੇੜਾ, ਨਵਜੀਤ ਸਿੰਘ ਉਟਾਲਾਂ, ਅਭਿਸ਼ੇਕ ਕੁਮਾਰ ਵੱਲੋਂ ਨਿਯੁਕਤੀ ਦਾ ਸਵਾਗਤ ਕੀਤਾ ਗਿਆ।



## ਸਰਕਾਰ ਨਸ਼ਿਆਂ ਦਾ 'ਡਿਮਾਂਡ ਤੇ ਸਪਲਾਈ' ਫਾਰਮੂਲਾ ਤੋੜਨ 'ਤੇ ਧਿਆਨ ਦੇਵੇ : ਸੇਖੋਂ

**ਲੁਧਿਅਣਾ (ਰੈਕਟਰ ਕਥੂਰੀਆ)**

ਪੰਜਾਬ ਸਰਕਾਰ ਵੱਲੋਂ ਚਲਾਇਆ ਯੁੱਧ ਨਸ਼ਿਆਂ ਵਿਰੁੱਧ ਦਾ ਪ੍ਰਚਾਰ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਇੱਕ ਚਾਲ ਹੈ, ਇਸ਼ਤਿਹਾਰਬਾਜ਼ੀ ਤੇ ਫੋਕੇ ਪ੍ਰਚਾਰ ਨਾਲੋਂ ਰਾਜ ਸਰਕਾਰ ਨੂੰ ਨਸ਼ਿਆਂ ਦੇ 'ਡਿਮਾਂਡ ਤੇ ਸਪਲਾਈ ਫਾਰਮੂਲੇ' ਵੱਲ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਨਸ਼ਿਆਂ ਦੇ ਸਦਕਾ ਹੀ ਸੂਬੇ ਵਿੱਚ ਗੈਂਗਵਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ, ਇਸ ਮਾਮਲੇ ਵਿੱਚ ਅਸਫ਼ਲ ਸਰਕਾਰ ਨੇ ਹੁਣ ਪੁਲਸ ਨੂੰ ਅਥਾਹ ਸ਼ਕਤੀਆਂ ਦੇ ਦਿੱਤੀਆਂ ਹਨ, ਜੋ ਝੂਠੇ ਮੁਕਾਬਲਿਆਂ ਰਾਹੀਂ ਨਸ਼ੇ ਤੇ ਗੈਂਗਵਾਰ ਖਤਮ ਕਰਨ ਦੇ ਡਰਾਮੇ ਕਰ ਰਹੀ ਹੈ।

ਕਾ: ਸੇਖੋਂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਕਰਾਰ ਦਿੰਦਿਆਂ ਲੋਕਾ ਨੂੰ ਗੁੰਮਰਾਹ ਕਰ ਰਹੀ ਹੈ।ਉਨ੍ਹਾਂ ਸਰਕਾਰ ਨੂੰ ਸੁਆਲ ਕੀਤਾ ਕਿ ਕੀ ਹੁਣ ਨਸ਼ਿਆਂ ਨਾਲ ਲੋਕਾਂ ਦੇ ਪੁੱਤ ਮਰਨੋਂ ਹਟ ਗਏ ਹਨ? ਨੌਜਵਾਨਾਂ ਦਾ ਮਰਨਾ ਬਾਦਸਤੂਰ ਜਾਰੀ ਹੈ।ਉਨ੍ਹਾਂ ਕਿਹਾ ਕਿ ਇਸ਼ਤਿਹਾਰਬਾਜ਼ੀ ਨਾਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਅੱਜ ਵੀ ਸੂਬੇ ਵਿੱਚ 'ਡਿਮਾਂਡ ਤੇ ਸਪਲਾਈ' ਦਾ ਫਾਰਮੂਲਾ ਨਿਧੜਕ ਹੋ ਕੇ ਕੰਮ ਕਰ ਰਿਹਾ ਹੈ।ਸਰਕਾਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ, ਰਾਜ ਭਰ ਵਿੱਚ ਨਸ਼ਿਆਂ ਦੀ ਡਿਮਾਂਡ ਪੂਰੀ ਤਰ੍ਹਾਂ ਸਟੈਂਡ ਕਰ ਰਹੀ ਹੈ ਤੇ ਸਪਲਾਇਰਾਂ ਕੋਲ ਸ਼ਕਤੀ ਤੇ ਸਾਧਨ ਹਨ ਅਤੇ ਉਹ ਸਪਲਾਈ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੰਗ ਤੇ ਸਪਲਾਈ ਤੋੜਨ ਤੋਂ ਬਗੈਰ ਨਸ਼ਿਆਂ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ।ਸੂਬਾ ਸਕੱਤਰ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ 'ਚ ਨਸ਼ਿਆਂ ਦੇ ਵਾਧੇ ਤੇ ਸਰਕਾਰ ਦੀ ਅਸਫ਼ਲਤਾ ਕਾਰਨ ਹੀ ਗੈਂਗਵਾਰਵਾਦ ਵਧ ਰਿਹਾ ਹੈ।ਸਰੇਆਮ ਫਿਰੌਤੀਆਂ ਮੰਗੀਆਂ ਜਾ ਰਹੀਆਂ, ਗੋਲੀਆਂ ਚਲਾਈਆਂ ਜਾਂਦੀਆਂ ਹਨ।ਹੁਣ ਤਾਂ ਉਨ੍ਹਾਂ ਦੇ ਹੌਸਲੇ ਇਸ ਕਦਰ ਵਧ ਗਏ ਹਨ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਨੰਗੇ ਮੂੰਹ ਅੰਜਾਮ ਦੇਣ ਲੱਗ ਪਏ ਹਨ।

ਕਾ: ਸੇਖੋਂ ਨੇ ਕਿਹਾ ਕਿ ਰਾਜ ਸਰਕਾਰ ਨਸ਼ਿਆਂ ਦੇ ਡਿਮਾਂਡ ਸਪਲਾਈ ਫਾਰਮੂਲਾ ਤੋੜਨ ਤੇ ਅਪਰਾਧੀਆਂ ਨੂੰ ਕਾਬੂ ਕਰਕੇ ਅਦਾਲਤਾਂ ਵਿੱਚ ਪੇਸ਼ ਕਰਨ ਵੱਲ ਉਚੇਚਾ ਧਿਆਨ ਦੇਵੇ, ਤਾਂ ਜੋ ਪੰਜਾਬ ਵਿੱਚ ਅਮਨ ਸ਼ਾਂਤੀ ਕਾਇਮ ਕੀਤੀ ਜਾ ਸਕੇ।

## ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਦੀ ਨਵੀਂ ਟੀਮ ਦਾ ਸਹੁੰ ਚੁੱਕ ਸਮਾਗਮ

**ਕੋਟਕਪੂਰਾ (ਰਛਪਾਲ ਭੁੱਲਰ)**-ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਦੀ ਨਵੀਂ ਟੀਮ ਨੂੰ ਸਹੁੰ ਚੁਕਾਉਣ ਦਾ ਪ੍ਰੋਗਰਾਮ ਸਾਗਰ ਢਾਬਾ ਕੋਟਕਪੂਰਾ ਵਿਖੇ ਕਰਵਾਇਆ ਗਿਆ। ਇੰਟਰਨੈਸ਼ਨਲ ਲਾਇਨਜ਼ ਕਲੱਬ ਦੇ 321-ਐੱਫ ਡਿਸਟ੍ਰਿਕਟ ਗਵਰਨਰ ਲਾਇਨ ਅੰਮ੍ਰਿਤਪਾਲ ਸਿੰਘ ਜੰਡੂ ਮੁੱਖ ਮਹਿਮਾਨ ਵਜੋਂ ਪਹੁੰਚੇ।ਸਮਾਗਮ ਦੀ ਪ੍ਰਧਾਨਗੀ ਰਛਪਾਲ ਸਿੰਘ ਭੁੱਲਰ ਨੇ ਕੀਤੀ।ਐੱਮਓਸੀ ਦੀ ਭੂਮਿਕਾ ਚਰਨਜੀਤ ਸਿੰਘ ਸਿਡਾਨਾ ਤੇ ਵਿਕਰਾਂਤ ਧੀਂਗੜਾ ਨੇ ਬਾਖੂਬੀ ਨਿਭਾਈ।ਸਭ ਤੋਂ ਪਹਿਲਾਂ ਇਨਵੋਕੇਸ਼ਨ ਬੀਬੀ ਭਾਵਿਆ ਵੱਲੋਂ ਪੜ੍ਹੀ ਗਈ, ਉਪਰੰਤ ਰਾਸ਼ਟਰੀ ਗੀਤ ਗਾਇਆ ਗਿਆ।ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਲਾਇਨ ਬੀ ਕੇ ਕਪੂਰ ਦੇ ਸੰਸਾਰ ਵਿੱਚੋਂ ਚਲੇ ਜਾਣ 'ਤੇ ਸਮੂਹ ਹਾਜ਼ਰ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ।ਐੱਮਓਸੀ ਸਿਡਾਨਾ ਨੇ ਪ੍ਰੋਟੋਕੋਲ ਅਨੁਸਾਰ ਲਾਇਨ ਲੀਡਰਸ਼ਿਪ ਨੂੰ ਮੰਚ 'ਤੇ ਬਿਰਾਜਮਾਨ ਕਰਵਾਇਆ। ਲਾਇਨ ਗੁਰਦੀਪ ਸਿੰਘ ਨੇ ਆਏ ਸਾਰੇ ਮਹਿਮਾਨਾਂ ਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਲਾਇਨ ਭੁੱਲਰ ਪ੍ਰਧਾਨ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਪ੍ਰੋਜੈਕਟਾਂ ਦੀ ਰਿਪੋਰਟ ਪੜ੍ਹ ਕੇ ਸੁਣਾਈ। ਲਾਇਨ ਅਜੈ ਗੋਇਲ ਫਸਟ ਵਾਈਸ ਡਿਸਟ੍ਰਿਕਟ ਗਵਰਨਰ



ਨੇ ਕੁਲਵੰਤ ਸਿੰਘ ਸਰਾਂ ਨੂੰ ਪ੍ਰਧਾਨ, ਵਿਕਰਾਂਤ ਧੀਂਗੜਾ ਨੂੰ ਸਕੱਤਰ, ਜਗਸੀਰ ਸਿੰਘ ਨੂੰ ਖਜ਼ਾਨਚੀ, ਜਗਸੀਰ ਸਿੰਘ ਸੋਨਾ ਨੂੰ ਮੀਤ ਪ੍ਰਧਾਨ, ਮਨਮੋਹਨ ਕ੍ਰਿਸ਼ਨ ਗੋਇਲ ਨੂੰ ਪੀਆਰਓ ਵਜੋਂ ਸਹੁੰ ਚੁਕਾਈ।ਲਾਇਨ ਜਤਿੰਦਰ ਪਾਲ ਸਿੰਘ ਸਹਿਦੇਵ ਡਿਸਟ੍ਰਿਕਟ ਕੈਬਨਿਟ ਸੈਕਟਰੀ, ਲਾਇਨ ਸੰਜੀਵ ਸੂਦ ਡਿਸਟ੍ਰਿਕਟ ਐਡਮਨ, ਲਾਇਨ ਡੀ ਕੇ ਸੂਦ ਪੀਡੀਜੀ ਤੇ ਲਾਇਨ ਬਰਿੰਦਰ ਸਿੰਘ ਸੋਹਲ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ।ਡਿਸਟ੍ਰਿਕਟ ਗਵਰਨਰ ਲਾਇਨ ਜੰਡੂ ਤੇ ਹੋਰ ਵੱਖ-ਵੱਖ ਮਹਿਮਾਨਾਂ ਨੇ ਕਲੱਬ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਤੇ ਨਵੇਂ ਪ੍ਰਧਾਨ ਤੇ ਉਨ੍ਹਾਂ ਦੀ ਟੀਮ ਤੋਂ ਵੀ ਚੰਗੀ ਕਾਰਗੁਜ਼ਾਰੀ ਦੀ ਉਮੀਦ ਜਤਾਈ।ਕੁਲਵੰਤ ਸਿੰਘ ਸਰਾਂ ਨੇ ਵੱਧ ਤੋਂ ਵੱਧ ਪ੍ਰੋਜੈਕਟ ਲਗਾ ਕੇ ਕਲੱਬ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦਾ ਅਹਿਦ ਲਿਆ।ਚੰਗੀ ਕਾਰਗੁਜ਼ਾਰੀ ਵਾਲੇ ਲਾਇਨ ਲੀਡਰਾਂ ਨੂੰ ਵਿਸ਼ੇਸ਼ ਸਰਟੀਫਿਕੇਟ ਤੇ ਪਿੰਨ ਲਾ ਕੇ ਸਨਮਾਨਤ ਕੀਤਾ ਗਿਆ।ਉਪਰੰਤ ਰੰਗਾਰੰਗ ਪ੍ਰੋਗਰਾਮ ਹੋਇਆ।ਕਲੱਬ ਦੇ ਸਾਰੇ ਲਾਇਨ ਮੈਂਬਰ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।ਇਸ ਮੌਕਾ ਹੋਰਨਾਂ ਤੋਂ ਇਲਾਵਾ ਲਾਇਨ ਐਡਵੋਕੇਟ ਸੁਰਿੰਦਰ ਸਿੰਘ ਸਾਬਕਾ ਆਰ ਸੀ, ਲਾਇਨ ਗੁਰਦੀਪ ਸਿੰਘ ਸੈਕਟਰੀ, ਲਾਇਨ ਗੁਰਵੀਰਕਰਨ ਸਿੰਘ ਢਿੱਲੋਂ, ਲਾਇਨ ਨਵਾਬ ਸਿੰਘ, ਲਾਇਨ ਸੁਰਿੰਦਰ ਸਿੰਘ ਗੋਗੀ, ਲਾਇਨ ਸ਼ਸ਼ੀ ਚੋਪੜਾ, ਲਾਇਨ ਅਸ਼ਵਨੀ ਜਿੰਦਲ ਸਮੇਤ ਲਾਇਨਜ਼ ਕਲੱਬ ਕੋਟਕਪੂਰਾ ਮੇਨ, ਲਾਇਨਜ਼ ਕਲੱਬ ਕੋਟਕਪੂਰਾ ਗ੍ਰੇਟਰ ਦੇ ਕਾਫ਼ੀ ਗਿਣਤੀ 'ਚ ਲਾਇਨ ਮੈਂਬਰ ਹਾਜ਼ਰ ਸਨ।ਲਾਇਨ ਰਜਿੰਦਰ ਸਿੰਘ ਸਰਾਂ ਨੇ ਸਭ ਦਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

## ਕਿਸਾਨ ਸਿਖਲਾਈ ਕੈਂਪ ਲਾਇਆ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪਿੰਡ ਸੁੱਖਣਵਾਲਾ ਵਿਖੇ ਖੇਤੀਬਾੜੀ ਮਹਿਕਮੇ ਦੇ ਉੱਚ ਅਧਿਕਾਰੀਆਂ ਅਤੇ ਆਰ.ਜੀ.ਆਰ. ਸੈਲ ਵੱਲੋਂ ਸਾਂਝੇ ਤੌਰ 'ਤੇ ਖੇਤੀਬਾੜੀ ਨਾਲ ਸੰਬੰਧਿਤ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ, ਜਿਸ 'ਚ ਕਣਕ ਤੇ ਸਰ੍ਹੋਂ ਦੀ ਫਸਲ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਖੇਤੀਬਾੜੀ ਅਧਿਕਾਰੀ ਯਾਦਵਿੰਦਰ ਸਿੰਘ ਨੇ ਕਣਕ ਤੇ ਸਰ੍ਹੋਂ ਦੀ ਫ਼ਸਲ 'ਚ ਆਉਣ ਵਾਲੇ ਤੱਤਾਂ ਦੀ ਘਾਟ ਅਤੇ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ।

ਫ਼ਤਿਹਜੀਤ ਸਿੰਘ ਕਿਸਾਨ ਸਲਾਹਕਾਰ ਨੇ ਕਣਕ ਦੀ ਫਸਲ 'ਚ ਨਦੀਨਾ ਬਾਰੇ ਅਤੇ ਉਨ੍ਹਾਂ ਦੀ ਰੋਕਥਾਮ ਬਾਰੇ ਦੱਸਿਆ।

ਆਰ.ਜੀ.ਆਰ ਸੈੱਲ ਦੇ ਫੀਲਡ ਅਫਸਰ ਮਨਿੰਦਰ ਦੀਪ ਸ਼ਰਮਾ ਨੇ ਮਿੱਟੀ, ਪਾਣੀ ਤੇ ਹਵਾ ਦੀ ਸਾਂਭ-ਸੰਭਾਲ ਬਾਰੇ ਭਰਪੂਰ ਜਾਣਕਾਰੀ ਦਿੱਤੀ।ਸਟੇਜ ਦੀ ਭੂਮਿਕਾ ਖੇਤੀਬਾੜੀ ਅਧਿਕਾਰੀ ਸ਼ਮਿੰਦਰ ਸਿੰਘ ਨੇ ਨਿਭਾਈ ਤੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ।


## ਕਿਰਤੀ ਕਾਲਜ 'ਚ ਮਨਾਇਆ ਰਾਸ਼ਟਰੀ ਵੋਟਰ ਦਿਵਸ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਰਚਨਾ ਭਾਰਦਵਾਜ ਦੀ ਅਗਵਾਈ ਵਿੱਚ ਸਵੀਪ ਤੇ ਐੱਨ ਐੱਸ ਐੱਸ ਵਿਭਾਗ ਵੱਲੋਂ 16ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸੀਵਪ ਇੰਚਾਰਜ ਡਾ. ਬਲਕਾਰ ਸਿੰਘ ਨੇ ਮੁੱਖ ਮਹਿਮਾਨ ਅਸ਼ੋਕ ਕੁਮਾਰ ਐੱਸਡੀਐੱਮ ਪਾਤੜਾਂ ਤੇ ਤਹਿਸੀਲਦਾਰ ਸਵਪਨਦੀਪ ਕੌਰ ਦਾ ਸਵਾਗਤ ਕਰਦਿਆਂ ਵੋਟਰ ਦਿਵਸ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਐੱਸਡੀਐੱਮ ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਲ ਵਿੱਚ ਚਾਰ ਵਾਰ ਵੋਟਾਂ ਬਣਾਈਆਂ ਜਾਂਦੀਆਂ ਹਨ ਤੇ ਵੋਟ ਬਣਾਉਣ ਦੀ ਉਮਰ 18 ਸਾਲ ਤੋਂ ਉੱਪਰ ਨਿਰਧਾਰਤ ਕੀਤੀ ਗਈ ਹੈ। ਇਸ ਮੌਕੇ ਪ੍ਰੋ. ਕਰਮਜੀਤ ਕੌਰ ਨੇ ਵੋਟ ਪਾਉਣ ਦੇ ਸੰਵਿਧਾਨਕ ਅਧਿਕਾਰ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਜਗਦੀਸ਼ ਸਿੰਘ ਨੇ ਵਿਦਿਆਰਥੀ ਨੂੰ ਆਪਣੇ ਵੋਟ ਪਾਉਣ ਦੇ ਅਧਿਕਾਰ ਸੰਬੰਧੀ ਸਹੁੰ ਚੁਕਾਈ।ਪ੍ਰੋਗਰਾਮ ਦੇ ਅੰਤ ਵਿੱਚ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਹਰਮੀਤ ਸਿੰਘ ਨੇ ਆਏ ਮਹਿਮਾਨਾਂ, ਕਾਲਜ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਗੁਰਜੀਤ ਸਿੰਘ, ਪ੍ਰੋ. ਭੁਪਿੰਦਰ ਕੌਰ, ਪ੍ਰੋ. ਕੁਲਵਿੰਦਰ ਕੌਰ, ਮੈਡਮ ਸੁਖਦੀਪ ਕੌਰ, ਐੱਨ ਐੱਸ ਐੱਸ ਵਲੰਟੀਅਰ ਤੇ ਕਾਲਜ ਵਿਦਿਆਰਥੀ ਹਾਜ਼ਰ ਸਨ।



## ਮਲਕਪੁਰ ਜੱਟਾਂ 'ਚ ਵਿਕਾਸ ਕਾਰਜਾਂ ਨੂੰ ਮਿਲੀ ਨਵੀਂ ਰਫ਼ਤਾਰ : ਹਡਾਣਾ

### ਸਕੂਲ ਦੀ ਚਾਰਦੀਵਾਰੀ ਤੇ ਸੀਵਰੇਜ ਪ੍ਰੋਜੈਕਟਾਂ ਦਾ ਉਦਘਾਟਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਯੋਗ ਤੇ ਗਤੀਸ਼ੀਲ ਅਗਵਾਈ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਲਗਾਤਾਰ ਯਤਨਾਂ ਸਦਕੇ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਅਧੀਨ ਪੈਂਦੇ ਪਿੰਡ ਮਲਕਪੁਰ ਜੱਟਾਂ ਵਿੱਚ ਵਿਕਾਸ ਕਾਰਜਾਂ ਨੂੰ ਪੂਰਾ ਕਰਦੇ ਹੋਏ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਨੇ ਪੰਚਾਇਤ ਮੈਂਬਰਾਂ ਸਮੇਤ ਸਰਕਾਰੀ ਮਿਡਲ ਸਕੂਲ ਮਲਕਪੁਰ ਜੱਟਾਂ ਦੀ ਨਵੀਂ ਤਿਆਰ ਕੀਤੀ ਚਾਰਦੀਵਾਰੀ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਸਕੂਲਾਂ ਦੀ ਸੁਰੱਖਿਆ ਤੇ ਵਿਦਿਆਰਥੀਆਂ ਲਈ ਬਿਹਤਰ ਵਾਤਾਵਰਣ ਤਿਆਰ ਕਰਨਾ ਸਰਕਾਰ ਦਾ ਮੁੱਢਲਾ ਉਦੇਸ਼ ਹੈ।ਸਕੂਲ ਦੀ ਚਾਰਦੀਵਾਰੀ ਬਣਨ ਨਾਲ ਬੱਚਿਆਂ ਦੀ ਸੁਰੱਖਿਆ ਯਕੀਨੀ ਹੋਵੇਗੀ ਤੇ ਸਿੱਖਿਆ ਦਾ ਮਾਹੌਲ ਹੋਰ ਸੁਧਰੇਗਾ।ਪਿੰਡ ਵਾਸੀਆਂ ਨੇ ਇਸ ਉਪਰਾਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਮਲਕਪੁਰ ਜੱਟਾਂ ਵਿੱਚ ਗਲੀਆਂ, ਨਾਲੀਆਂ ਤੇ ਸੀਵਰੇਜ ਦੇ ਮਹੱਤਵਪੂਰਨ ਵਿਕਾਸ ਕਾਰਜਾਂ ਦਾ ਵੀ ਉਦਘਾਟਨ ਕੀਤਾ ਗਿਆ।ਇਹ ਪ੍ਰੋਜੈਕਟ ਪਿੰਡ ਦੀ ਸਫ਼ਾਈ, ਸਿਹਤ ਤੇ ਬੁਨਿਆਦੀ ਸੁਵਿਧਾਵਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਤੋਂ ਇਲਾਵਾ ਮਨਦੀਪ ਸਿੰਘ ਬੀਡੀਪੀਓ ਸਨੌਰ, ਪ੍ਰਭਜੋਤ ਸਿੰਘ ਜੇਈ, ਤੇਜਿੰਦਰ ਸਿੰਘ ਪੰਚਾਇਤ ਸਕੱਤਰ, ਮਨਦੀਪ ਸਿੰਘ ਮੈਂਬਰ ਬਲਾਕ ਸੰਮਤੀ ਜ਼ੋਨ ਮਲਕਪੁਰ ਜੱਟਾਂ ਅਤੇ ਕਈ ਪਿੰਡਾਂ ਦੇ ਸਰਪੰਚ ਤੇ ਹੋਰ ਕਈ ਪਿੰਡ ਵਾਸੀ ਮੌਜੂਦ ਸਨ।

## ਵਿਪਨ ਸ਼ਰਮਾ ਦੀ 12ਵੀਂ ਬਰਸੀ 'ਤੇ ਸ਼ਰਧਾਂਜਲੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਪ੍ਰਿੰਸੀਪਲ, ਸਮੂਹ ਸਟਾਫ ਤੇ ਅਧਿਆਪਕਾਂ ਨੇ ਸਕੂਲ ਦੇ ਮਾਨਯੋਗ ਸੰਸਥਾਪਕ ਵਿਪਨ ਸ਼ਰਮਾ ਜੀ ਦੀ 12ਵੀਂ ਬਰਸੀ 'ਤੇ ਉਨ੍ਹਾਂ ਨੂੰ ਨਿਮਰ ਸ਼ਰਧਾਂਜਲੀ ਭੇਟ ਕੀਤੀ।ਸਕੂਲ ਕੈਂਪਸ ਵਿੱਚ ਇੱਕ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ, ਜਿੱਥੇ ਸਾਰਿਆਂ ਨੇ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਯਾਦ ਕੀਤਾ।ਸਕੂਲ ਦੇ ਪ੍ਰਿੰਸੀਪਲ ਨੀਲਮ ਕੁਮਾਰੀ ਵਰਮਾ ਨੇ ਇਸ ਮੌਕੇ 'ਤੇ ਉਨ੍ਹਾਂ ਦੀਆਂ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਵਿਪਨ ਸ਼ਰਮਾ ਜੀ ਸਿਰਫ ਇੱਕ ਦੂਰਦਰਸ਼ੀ ਆਗੂ ਹੀ ਨਹੀਂ ਸਨ, ਸਗੋਂ ਉਨ੍ਹਾਂ ਨੇ ਸਿੱਖਿਆ ਨੂੰ ਹਰ ਬੱਚੇ ਤੱਕ ਪਹੁੰਚਾਉਣ ਦਾ ਇੱਕ ਉੱਚਾ ਮਨੋਰਥ ਰੱਖਿਆ ਸੀ।ਸਟਾਫ ਮੈਂਬਰਾਂ ਨੇ ਉਹਨਾਂ ਦੇ ਸੁਭਾਅ ਅਤੇ ਮਾਰਗਦਰਸ਼ਨ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਸਭਾ ਦੇ ਅੰਤ ਵਿੱਚ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

## ਲਾਲਾ ਕਸਤੂਰੀ ਲਾਲ ਵਿੱਦਿਆ ਮੰਦਰ 'ਚ ਬਸੰਤ ਮਨਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦੀ ਸ਼ਿਸ਼ੂ ਵਾਟਿਕਾ ਵਿੱਚ ਬਸੰਤ ਪੰਚਮੀ ਦੇ ਪਾਵਨ ਮੌਕੇ 'ਤੇ ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਛੋਟੇ ਬੱਚਿਆਂ ਲਈ ਵਿਦਿਆਰੰਭ ਸੰਸਕਾਰ ਪ੍ਰੋਗਰਾਮ ਦਾ ਭਵਿੱਖ ਆਯੋਜਨ ਕੀਤਾ ਗਿਆ।ਇਸ ਸ਼ੁਭ ਪ੍ਰੋਗਰਾਮ ਦੀ ਸ਼ੁਰੂਆਤ ਮਾਂ ਸਰਸਵਤੀ ਦੇ ਵਿਧੀਵਤ ਪੂਜਨ ਨਾਲ ਕੀਤੀ ਗਈ ਤੇ ਬਹੁਤ ਸ਼ਰਧਾ ਅਤੇ ਭਗਤੀ ਭਾਵ ਨਾਲ ਹਵਨ ਸੰਪੰਨ ਕਰਾਇਆ ਗਿਆ।ਇਸ ਪਾਵਨ ਮੌਕੇ ਜਜਮਾਨ ਦੇ ਰੂਪ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮੋਹਿੰਦਰਪਾਲ, ਉਨ੍ਹਾਂ ਦੀ ਪਤਨੀ ਅਤੇ ਬੇਟੀ ਮਨੀਸ਼ਾ ਦੀ ਗਰੀਮਾਮਈ ਮੌਜੂਦਗੀ ਰਹੀ।ਪ੍ਰੋਗਰਾਮ ਦੇ ਤਹਿਤ 10 ਬੱਚਿਆਂ ਦਾ ਵਿਧੀ-ਵਿਧਾਨ ਨਾਲ ਵਿਦਿਆਰੰਭ ਸੰਸਕਾਰ ਸੰਪੰਨ ਕਰਾਇਆ ਗਿਆ।ਹਵਨ ਦੌਰਾਨ ਪਵਿੱਤਰ ਵੈਦਿਕ ਮੰਤਰਾਂ ਦੇ ਜਾਪ ਵਿਚਕਾਰ ਬੱਚਿਆਂ ਕੋਲੋਂ 'ਓਮ' ਚਿੰਨ੍ਹ ਦਾ ਲੇਖਨ ਕਰਾ ਕੇ ਉਨ੍ਹਾਂ ਦੇ ਸਿੱਖਿਆ ਜੀਵਨ ਦੀ ਸ਼ੁਭ ਸ਼ੁਰੂਆਤ ਕਰਾਈ ਗਈ।ਬੱਚਿਆਂ ਦੇ ਮਾਤਾ-ਪਿਤਾ ਨੇ ਵੀ ਵੱਡੇ ਉਤਸ਼ਾਹ ਤੇ ਸ਼ਰਧਾ ਨਾਲ ਪ੍ਰੋਗਰਾਮ ਵਿੱਚ ਭਾਗ ਲਿਆ ਤੇ ਬਸੰਤ ਪੰਚਮੀ ਦਾ ਤਿਉਹਾਰ ਖੁਸ਼ੀ ਅਤੇ ਉਲਾਸ ਨਾਲ ਮਨਾਇਆ।ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਸਾਰਿਆਂ ਨੂੰ ਬਸੰਤ ਪੰਚਮੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਅਤੇ ਵਧਾਈ ਦਿੱਤੀ।

## ਦੇਵ ਮਾਨ ਵੱਲੋਂ ਤੁੰਗਾਂ 'ਚ ਆਂਗਨਵਾੜੀ ਸੈਂਟਰ ਦਾ ਉਦਘਾਟਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਕ੍ਰਾਂਤੀਕਾਰੀ ਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਪੰਜਾਬ ਦੇ ਪਿੰਡ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਹਲਕਾ ਨਾਭਾ ਦੇ ਪਿੰਡ ਤੁੰਗਾਂ ਵਿਖੇ ਨਵੇਂ ਬਣੇ ਆਂਗਨਵਾੜੀ ਸੈਂਟਰ ਦਾ ਉਦਘਾਟਨ ਕੀਤਾ ਗਿਆ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਗਿਆ। ਉਨ੍ਹਾਂ ਦੱਸਿਆ ਕਿ ਇਸ ਆਂਗਨਵਾੜੀ ਸੈਂਟਰ 'ਤੇ ਤਕਰੀਬਨ 5 ਲੱਖ ਰੁਪਏ ਦੀ ਲਾਗਤ ਆਈ ਹੈ।ਇਸ ਸੈਂਟਰ ਦੇ ਬਨਣ ਨਾਲ ਛੋਟੇ ਬੱਚਿਆਂ ਨੂੰ ਮੁਢਲੀ ਸਿੱਖਿਆ ਹਾਸਲ ਕਰਨ ਲਈ ਸਹਾਇਤਾ ਮਿਲੇਗੀ।ਇਸ ਮੌਕੇ ਪਿੰਡ ਦੀ ਸਰਪੰਚ ਜਸਵੀਰ ਕੌਰ ਨੇ ਪੰਜਾਬ ਸਰਕਾਰ ਤੇ ਵਿਧਾਇਕ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਸੁਪਿੰਦਰ ਸਿੰਘ, ਸੁਖਦੇਵ ਸਿੰਘ, ਅਮਨਦੀਪ ਕੌਰ, ਹਰਪ੍ਰੀਤ ਕੌਰ, ਗੁਰਦੀਪ ਸਿੰਘ, ਸੁਖਦੇਵ ਕੌਰ, ਕਾਲਾ ਸਿੰਘ ਸਾਰੇ ਪੰਚਾਇਤ ਮੈਂਬਰ, ਬਲਾਕ ਸੰਮਤੀ ਮੈਂਬਰ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਐੱਮ ਏ ਐੱਮ ਸਕੂਲ 'ਚ ਬਸੰਤ ਪੰਚਮੀ ਤੇ ਗਣਤੰਤਰ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਵਿੱਚ ਬਸੰਤ ਪੰਚਮੀ ਤੇ ਗਣਤੰਤਰ ਦਿਵਸ ਨੂੰ ਬਹੁਤ ਹੀ ਉਤਸ਼ਾਹ, ਸੱਭਿਆਚਾਰਕ ਗਰਿਮਾ ਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ।ਇਹ ਸਮਾਰੋਹ ਸੰਸਥਾ ਦੀ ਭਾਰਤੀ ਪ੍ਰੰਪਰਾਵਾਂ ਨੂੰ ਸੰਭਾਲਣ, ਜ਼ਿੰਮੇਵਾਰੀ ਤੇ ਕਦਰਾਂ-ਕੀਮਤਾਂ ਦੀ ਰਾਖੀ ਕਰਨ ਵਾਲੇ ਨਾਗਰਿਕ ਤਿਆਰ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪੂਰਾ ਸਕੂਲ ਕੈਂਪਸ ਪੀਲੇ ਰੰਗ ਤੇ ਤਿਰੰਗੇ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ, ਜੋ ਗਿਆਨ, ਏਕਤਾ ਤੇ ਰਾਸ਼ਟਰੀ ਗੌਰਵ ਦਾ ਪ੍ਰਤੀਕ ਬਣਿਆ।ਸਮਾਰੋਹ ਦੀ ਸ਼ੁਰੂਆਤ ਕਲਾਸ ਛੇਵੀਂ ਦੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਪ੍ਰਾਥਨਾ ਸਭਾ ਨਾਲ ਹੋਈ। ਇਸ ਸਭਾ ਵਿੱਚ ਪ੍ਰਾਰਥਨਾਵਾਂ, ਪ੍ਰੇਰਕ ਵਿਚਾਰ, ਦੇਸ਼ਭਗਤੀ ਸੰਦੇਸ਼ ਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਬਸੰਤ ਪੰਚਮੀ ਤੇ ਗਣਤੰਤਰ ਦਿਵਸ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।ਸਭਾ ਨੇ ਬਸੰਤ, ਸਿੱਖਿਆ ਤੇ ਸੰਵਿਧਾਨਕ ਕਦਰਾਂ ਕੀਮਤਾਂ ਦੀ ਭਾਵਨਾ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਦਰਸਾਇਆ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਕਿਹਾ ਕਿ ਸਕੂਲਾਂ ਵਿੱਚ ਸੱਭਿਆਚਾਰਕ ਤੇ ਰਾਸ਼ਟਰੀ ਤਿਉਹਾਰ ਮਨਾਉਣਾ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਏਕਤਾ, ਰਚਨਾਤਮਕਤਾ ਤੇ ਭਾਰਤ ਦੇ ਗੌਰਵਮਈ ਇਤਿਹਾਸ ਤੇ ਲੋਕਤੰਤਰਿਕ ਪ੍ਰੰਪਰਾਵਾਂ ਪ੍ਰਤੀ ਸਨਮਾਨ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਉਨ੍ਹਾਂ ਕਿਹਾ ਕਿ ਬਸੰਤ ਪੰਚਮੀ ਗਿਆਨ, ਸਕਾਰਾਤਮਕਤਾ ਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ, ਜਦਕਿ ਗਣਤੰਤਰ ਦਿਵਸ ਸਾਨੂੰ ਸਾਡੇ ਕਰਤੱਵਾਂ ਦੀ ਯਾਦ ਦਿਵਾਉਂਦਾ ਹੈ।

## ਬਾਬਾ ਮੋਨੀ ਜੀ ਕਾਲਜ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ਼ ਕਾਲਜਿਜ਼ ਵਿੱਚ ਬਸੰਤ ਪੰਚਮੀ ਦਾ ਤਿਉਹਾਰ ਉਤਸ਼ਾਹ ਤੇ ਸਾਦਗੀ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮਾਂ ਸਰਸਵਤੀ ਦੀ ਪੂਜਾ ਨਾਲ ਕੀਤੀ ਗਈ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਕਵਿਤਾਵਾਂ ਤੇ ਭਾਸ਼ਣ ਪੇਸ਼ ਕਰਕੇ ਬਸੰਤ ਰੁੱਤ ਦੀ ਮਹੱਤਤਾ ਨੂੰ ਦਰਸਾਇਆ। ਕਾਲਜ ਕੰਪਲੈਕਸ ਨੂੰ ਪੀਲੇ ਰੰਗ ਦੇ ਫੁੱਲਾਂ ਨਾਲ ਸੁਸ਼ੋਭਿਤ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਰੰਗ-ਬਰੰਗੇ ਪਤੰਗ ਬਣਾਉਣ ਦੀ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ ਗਿਆ। ਪਤੰਗ ਪ੍ਰਤੀਯੋਗਤਾ 'ਚੋਂ 11ਵੀਂ ਜਮਾਤ ਦੀਆਂ ਵਿਦਿਆਰਥਣਾਂ ਮਨਮੀਤ ਕੌਰ ਪੁੱਤਰੀ ਸੁਖਵੰਤ ਸਿੰਘ ਤੇ ਰਾਜਦੀਪ ਕੌਰ ਪੁੱਤਰੀ ਗੁਰਨਾਮ ਸਿੰਘ ਨੇ ਪਹਿਲ, 12ਵੀਂ ਦੀ ਨਵਦੀਪ ਕੌਰ ਪੁੱਤਰੀ ਜਸਵੀਰ ਸਿੰਘ ਨੇ ਦੂਜਾ ਤੇ 12ਵੀਂ ਦੀ ਪ੍ਰਭਜੋਤ ਕੌਰ ਪੁੱਤਰੀ ਲਖਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੌਰਾਨ ਪਤੰਗਬਾਜ਼ੀ ਕਾਰਨ ਪੰਛੀਆਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕਰਦਿਆਂ ਪ੍ਰਿੰਸੀਪਲ ਡਾ. ਰਜਨੀ ਚੌਧਰੀ ਨੇ ਦੱਸਿਆ ਕਿ ਚਾਈਨਾ ਡੋਰ ਤੇ ਨਾਇਲਾਨ ਡੋਰ ਨਾਲ ਪੰਛੀਆਂ ਦੇ ਪੰਖ, ਗਰਦਨ ਅਤੇ ਟੰਗਾਂ ਕੱਟ ਜਾਂਦੀਆਂ ਹਨ, ਜਿਸ ਨਾਲ ਕਈ ਪੰਛੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਂਦੇ ਹਨ ਜਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਅੰਤ ਸਭ ਨੇ ਇੱਕ-ਦੂਜੇ ਨੂੰ ਬਸੰਤ ਪੰਚਮੀ ਦੀਆਂ ਵਧਾਈਆਂ ਦਿੱਤੀਆਂ।

## ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਤੇ ਉਪ ਪ੍ਰਧਾਨ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਦੀ ਸਾਫ ਸਫਾਈ ਤੇ ਡਿਵੈਲਪਮੈਂਟ ਦੇ ਹੋਰ ਕਾਰਜਾਂ ਲਈ ਸਾਡੀ ਸੁਸਾਇਟੀ ਤੁਹਾਡੇ ਨਾਲ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰੂ ਨਾਨਕ ਸਹਾਰਾ ਸੁਸਾਇਟੀ ਜਗਰਾਉਂ ਦੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਤੇ ਸਕੱਤਰ ਕੇਵਲ ਮਲਹੋਤਰਾ ਨੇ ਨਗਰ ਕੌਂਸਲ ਜਗਰਾਉਂ ਵਿੱਚ ਕਾਰਜਕਾਰੀ ਪ੍ਰਧਾਨ ਕੰਵਰ ਪਾਲ ਸਿੰਘ ਤੇ ਉਪ ਪ੍ਰਧਾਨ ਜਗਜੀਤ ਜੱਗੀ ਨੂੰ ਤੇਜ਼ੀ ਨਾਲ ਵਿਕਾਸ ਦੇ ਕੰਮ ਕਰਨ ਦੀ ਅਪੀਲ ਕਰਦੇ ਹੋਏ ਕੀਤਾ। ਇਸ ਮੌਕੇ ਉਨ੍ਹਾਂ ਨੂੰ ਬੁੱਕੇ ਭੇਟ ਕੀਤੇ ਗਏ ਤੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਪ੍ਰਧਾਨ ਕੰਵਰ ਪਾਲ ਸਿੰਘ ਨੇ ਸਾਰੇ ਵਾਰਡਾਂ ਦੇ ਕੌਂਸਲਰਾਂ ਨੂੰ ਅਪਣੇ ਵਾਰਡ ਦੇ ਕੰਮ ਕਰਵਾਉਣ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਕੈਪਟਨ ਵਰਮਾ ਤੇ ਕੇਵਲ ਮਲਹੋਤਰਾ ਨੇ ਇਸ ਮੌਕੇ ਜਗਰਾਉਂ ਦੇ ਜਲਦੀ ਕੂੜਾ ਮੁਕਤ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਸਾਬਕਾ ਪ੍ਰਧਾਨ ਸਤੀਸ਼ ਕੁਮਾਰ ਪੱਪੂ, ਕੌਂਸਲਰ ਅਨਮੋਲ ਗੁਪਤਾ, ਸਾਬਕਾ ਕੌਂਸਲਰ ਕਰਮਜੀਤ ਕੈਂਥ, ਸਾਜਨ ਮਲਹੋਤਰਾ, ਅਨਿਲ ਮਲਹੋਤਰਾ, ਕੇਵਲ ਮਲਹੋਤਰਾ, ਰਾਮ ਸਿੰਘ ਤੇ ਕੈਪਟਨ ਨਰੇਸ਼ ਵਰਮਾ ਹਾਜ਼ਰ ਸਨ।

28-Jan-PAGE-10-Majha-26.qxd 1/27/2026 10:54 PM Page 1



# ਰੋਸ ਵਜੋਂ ਸੰਯੁਕਤ ਕਿਸਾਨ ਮੋਰਚੇ ਨੇ ਕੱਢਿਆ ਟਰੈਕਟਰ ਮਾਰਚ

## * ਮੋਦੀ ਸਰਕਾਰ ਤੋਂ ਲੋਕ ਵਿਰੋਧੀ ਫੈਸਲੇ ਵਾਪਸ ਲੈਣ ਦੀ ਕੀਤੀ ਮੰਗ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਜ਼ਿਲਾ ਤਰਨ ਤਾਰਨ ਸੰਯੁਕਤ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਸ਼ਾਮਿਲ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਕਿਸਾਨਾਂ ਵੱਲੋਂ ਵੱਡੀ ਗਿਣਤੀ ਵਿੱਚ ਇੱਕ ਟਰੈਕਟਰ ਮਾਰਚ ਕੱਢਿਆ ਗਿਆ। ਇਹ ਟਰੈਕਟਰ ਮਾਰਚ ਸਭ ਤੋਂ ਪਹਿਲਾਂ ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਦੇ ਸਾਹਮਣੇ ਸੜਕ ਦੇ ਦੋਵੇਂ ਪਾਸੇ ਟਰੈਕਟਰ ਖੜੇ ਕਰਕੇ ਕੀਤਾ ਗਿਆ।ਇਸ ਟਰੈਕਟਰ ਮਾਰਚ ਵਿੱਚ ਜਮਹੂਰੀ ਕਿਸਾਨ ਸਭਾ, ਬੀਕੇਯੂ ਰਾਜੇਵਾਲ, ਕਿਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਬੀਕੇਯੂ ਏਕਤਾ ਉਗਰਾਹਾਂ, ਕੌਮੀ ਕਿਸਾਨ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਰਵੀ ਆਦਿ ਕਿਸਾਨ ਜਥੇਬੰਦੀਆਂ ਨੇ ਭਾਗ ਲਿਆ ।ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਦਿੱਲੀ ਮੋਰਚੇ ਦੌਰਾਨ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ, ਬਾਬਤ ਕੀਤੀ ਵਾਅਦਾ ਖਿਲਾਫੀਆਂ ਦਾ ਜ਼ਿਕਰ ਕੀਤਾ।ਨੇਤਾਵਾਂ ਨੇ ਬੋਲਦਿਆਂ ਕੇਂਦਰ ਸਰਕਾਰ ਵੱਲੋਂ ਮੁੜ ਤੋਂ ਕਿਸਾਨਾਂ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਹਿਤਾਂ ਵਿਰੁੱਧ ਬਿਜਲੀ ਬਿੱਲ 2025, ਬੀਜ ਸੋਧ ਬਿੱਲ 2025, ਕਿਰਤ ਕਾਨੂੰਨ ਕੋਡ ਅਤੇ ਮਨਰੇਗਾ ਨੂੰ ਖਤਮ ਕਰਨ ਵਰਗੇ ਕਾਨੂੰਨ ਵਾਪਸ ਲੈਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ।ਇਸ ਮੌਕੇ ਬੋਲਦਿਆਂ ਹੋਇਆਂ ਜੱਸਾ ਸਿੰਘ ਕੱਦਗਿਲ, ਮਨਜੀਤ ਸਿੰਘ ਬੱਗੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਤਰਸੇਮ ਸਿੰਘ ਲੁਹਾਰ, ਨਛੱਤਰ ਸਿੰਘ ਮੁਗਲਚੱਕ, ਹਰਜੀਤ ਸਿੰਘ ਰਵੀ, ਨਿਰਵੈਰ ਸਿੰਘ ਡਾਲੇਕੇ, ਬਾਬਾ ਸਲੱਖਣ ਸਿੰਘ ਮੰਡਾਲਾ, ਪੂਰਨ ਸਿੰਘ ਮਾੜੀਮੇਘਾ, ਤਾਰਾ ਸਿੰਘ ਸੈਨਿਕ ਸੰਘਰਸ਼ ਕਮੇਟੀ ਆਦਿ ਨੇਤਾਵਾਂ ਨੇ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਕਾਰਪੋਰੇਸ਼ਨ ਦੇ ਨਾਂਅ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।ਨੇਤਾਵਾਂ ਨੇ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਸਖਤ ਸੁਰ ਵਿੱਚ ਚਿਤਾਵਨੀ ਦਿੱਤੀ ਕਿ ਜੇਕਰ ਪੰਜ ਫਰਵਰੀ ਤੱਕ ਸਰਕਾਰ ਨੇ ਸਹਿਕਾਰੀ ਖੰਡ ਮਿੱਲ ਵੇਚਣ ਦਾ ਤਾਨਾਸ਼ਾਹੀ ਫੁਰਮਾਨ ਵਾਪਸ ਨਾ ਲਿਆ ਤਾਂ ਸੰਯੁਕਤ ਕਿਸਾਨ ਮੋਰਚਾ ਤੁਰੰਤ ਮੀਟਿੰਗ ਕਰਕੇ ਇਸ ਸਬੰਧੀ ਤਿੱਖੇ ਐਕਸ਼ਨ ਦਾ ਐਲਾਨ ਕਰੇਗਾ ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਜਿਲਾ ਪ੍ਰਸ਼ਾਸਨ ਦੀ ਹੋਏਗੀ।ਇਸ ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਤੁੜ, ਦਿਲਜੀਤ ਸਿੰਘ ਦਿਆਲਪੁਰਾ, ਗੁਰਚਰਨ ਸਿੰਘ ਸਭਰਾ, ਰੇਸ਼ਮ ਸਿੰਘ ਫੇਲੋਕੇ , ਸੁਖਚੈਨ ਸਿੰਘ ਸਰਹਾਲੀ, ਮਹਾਂਵੀਰ ਸਿੰਘ ਗਿੱਲ, ਭੁਪਿੰਦਰ ਸਿੰਘ ਪਡੋਰੀ ਤਖਤ ਮਲ, ਹਰਦੀਪ ਸਿੰਘ ਜੋੜਾ, ਪ੍ਰਗਟ ਸਿੰਘ ਸ਼ੇਰੋਂ, ਸੁਖਵੰਤ ਸਿੰਘ, ਹਰਪ੍ਰੀਤ ਸਿੰਘ ਕੋਟ , ਚਮਕੌਰ ਸਿੰਘ ਭੁੱਲਰ, ਕੁਲਵੰਤ ਸਿੰਘ, ਪ੍ਰਗਟ ਸਿੰਘ ਮਹਿਦੀਪੁਰ ਹਾਜ਼ਰ ਸਨ।ਸਟੇਜ ਸਕੱਤਰ ਵਜੋਂ ਰਤਨ ਸਿੰਘ ਢੰਡ ਨੇ ਭੂਮਿਕਾ ਨਿਭਾਈ।ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਤੋਂ ਰੋਸ ਪ੍ਰਦਰਸ਼ਨ ਤੋਂ ਬਾਅਦ ਇਹ ਟਰੈਕਟਰ ਮਾਰਚ ਡਿਪਟੀ ਕਮਿਸ਼ਨਰ ਦਫਤਰ ਤਰਨ ਤਾਰਨ ਦੇ ਦਫਤਰ ਬਾਹਰ ਖਤਮ ਕੀਤਾ ਗਿਆ। ਇਸ ਸਮੇਂ ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

# ਕੇਂਦਰ ਸਰਕਾਰ ਨਰੇਗਾ ਦਾ ਨਾਂਅ ਬਦਲ ਕੇ ਇਸ ਨੂੰ ਆਨੇ-ਬਹਾਨੇ ਬੰਦ ਕਰਨ ਦੇ ਰੌਅ 'ਚ : ਦਦੇਹਰ ਸਾਹਿਬ



ਚੋਹਲਾ ਸਾਹਿਬ (ਰਮਨ ਚੱਡਾ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕੌਮੂਨਿਸ਼ਟ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ 2005 ਵਿੱਚ ਜਦੋਂ ਮਨਮੋਹਣ ਸਿੰਘ ਸਰਕਾਰ ਦਾ ਬਹੁਮਤ ਨਹੀਂ ਸੀ ਹੁੰਦਾ ਉਦੋਂ ਖੱਬੀਆਂ ਪਾਰਟੀਆਂ ਨੇ ਸਰਕਾਰ ਨੂੰ ਕਿਹਾ ਸੀ ਕਿ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਕੇਂਦਰ ਵਿੱਚ ਨਰੇਗਾ ਦਾ ਕਾਨੂੰਨ ਬਣਾਇਆ ਜਾਵੇ ਜੋ ਹਰ ਮਜ਼ਦੂਰ ਨੂੰ ਦਿਹਾੜੀ ਤੇ ਕੰਮ ਮਿਲੇ ਪਰ ਉਸ ਟਾਈਮ ਕੇਂਦਰ ਦੀ ਮਨਮੋਹਣ ਸਿੰਘ ਸਰਕਾਰ ਨੇ ਇਹ ਕਾਨੂੰਨ ਬਣਾਉਣ ਲੱਗਿਆਂ ਸ਼ਹੀਦ ਭਗਤ ਸਿੰਘ ਦੇ ਨਾਂਅ ਦੀ ਬਜਾਏ ਮਹਾਤਮਾ ਗਾਂਧੀ ਦੇ ਨਾਂਅ 'ਤੇ ਨਰੇਗਾ ਕਾਨੂੰਨ ਰੱਖਿਆ ਪਰ ਹੁਣ ਮੋਦੀ ਸਰਕਾਰ ਨੇ ਉਸ ਤੋਂ ਜ਼ਿਆਦਾ ਨੰਬਰ ਬਣਾਉਣ ਵਾਸਤੇ ਅਤੇ ਹਿੰਦੂਵਾਦ ਨੂੰ ਖੁਸ਼ ਕਰਨ ਵਾਸਤੇ ਨਰੇਗਾ ਦਾ ਨਾਂਅ ਰਾਮ ਜੀ ਦੇ ਨਾਂਅ 'ਤੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਮਜ਼ਦੂਰ ਪੱਖੀ ਨਹੀਂ ਇਹ ਸਿਰਫ ਮਜ਼ਦੂਰਾਂ ਦੇ ਨਾਂਅ 'ਤੇ ਸਿਆਸਤ ਦੀਆਂ ਰੋਟੀਆਂ ਸੇਕ ਰਹੀ ਹੈ। ਮਜ਼ਦੂਰਾਂ ਦੇ ਹੱਕਾਂ 'ਚ ਲੜਨ ਵਾਲੀਆਂ ਪਾਰਟੀਆਂ ਸਿਰਫ ਖੱਬੀਆਂ ਪਾਰਟੀਆਂ ਹੀ ਹਨ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ 'ਜੀ ਰਾਮ ਜੀ' ਬਣਾਇਆ ਹੋਇਆ ਕਾਨੂੰਨ ਵਾਪਸ ਨਾ ਲਿਆ ਫਿਰ ਲੋਕਾਂ ਨੂੰ ਲਾਮਬੰਦ ਕਰਕੇ ਪੂਰੇ ਹਿੰਦੁਸਤਾਨ ਵਿੱਚ ਸੰਘਰਸ਼ ਵਿੱਢਿਆ ਜਾਵੇਗਾ।

ਉਨਾਂ ਪੰਜਾਬ ਸਰਕਾਰ ਦੀ ਗੱਲ ਕਰਦਿਆਂ ਦੱਸਿਆ ਕਿ ਇਹ ਸਰਕਾਰ ਇਹ ਆਪਣੇ ਚੋਣ ਮੈਨੀਫੈਸਟੋ ਤੋਂ ਭੱਜ ਚੁੱਕੀ ਹੈ। ਇਸ ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਨਹੀਂ ਕੀਤਾ ਅਤੇ ਲੋੜ ਮੁਤਾਬਕ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਮਿਲਿਆ। ਬੁਢਾਪਾ ਪੈਨਸ਼ਨ ਵੀ ਹੁਣ ਤਕ 1500 ਹੀ ਹੈ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਠਾਨਕੋਟ 'ਚ ਲਹਿਰਾਇਆ ਕੌਮੀ ਤਿਰੰਗਾ



ਪਠਾਨਕੋਟ, (ਦਵਿੰਦਰ ਸਿੰਘ)-ਸ਼੍ਰੀ ਅਮਨ ਅਰੋੜਾ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲੇਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਅਤੇ ਰੁਜਗਾਰ ਉੱਤਪਤੀ ਤੇ ਸਿਖਲਾਈ ਮੰਤਰੀ ਪੰਜਾਬ ਨੇ ਪਠਾਨਕੋਟ ਨੇ ਮਲਟੀਪਰਪਜ ਸਪੋਰਟਸ ਸਟੇਡੀਅਮ ਪਠਾਨਕੋਟ ਵਿਖੇ 77ਵੇਂ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਇਆ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ, ਖੁਸ਼ਹਾਲ, ਹੱਸਦਾ ਤੇ ਖੇਡਦਾ ਪੰਜਾਬ ਬਣਾਉਣ ਲਈ ਨਿਰੰਤਰ ਉਪਰਾਲੇ ਜਾਰੀ ਰੱਖਣ ਦਾ ਅਹਿਦ ਲਿਆ ਅਤੇ ਸਰਕਾਰ ਵਲੋਂ ਸਿਹਤ, ਸਿੱਖਿਆ ਤੇ ਹੋਰ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ, ਰੇਖਾ ਮਣੀ ਸ਼ਰਮਾ ਪੰਜਾਬ ਸਟੇਟ ਵੂਮੈਨ ਕੋਆਰਡੀਨੇਟ ਮਾਝਾ ਜੋਨ ਇੰਚਾਰਜ, ਸ੍ਰੀ ਸੁਭਾਸ਼ ਵਰਮਾ ਪੰਜਾਬ ਸਕੱਤਰ, ਠੇਕੇਦਾਰ ਅਮਰਜੀਤ ਸਿੰਘ ਮਾਝਾ ਜੋਨ ਇੰਚਾਰਜ ਐੱਸਸੀ ਵਿੰਗ, ਸਾਹਿਬ ਸਿੰਘ ਸਾਭਾ ਜ਼ਿਲ੍ਹਾ ਪਰਿਸ਼ਦ ਮੈਂਬਰ, ਠਾਕੁਰ ਮਨੋਹਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਨਰੋਟ ਜੈਮਲ ਸਿੰਘ,ਵਿਕਾਸ ਸੈਨੀ ਚੇਅਰਮੈਨ ਮਾਰਕੀਟ ਕਮੇਟੀ, ਸੌਰਵ ਬਹਿਲ ਚੇਅਰਮੈਨ ਨਗਰ ਸੁਧਾਰ ਟਰਸਟ ਪਠਾਨਕੋਟ, ਰੋਹਿਤ ਸਿਆਲ ਮਾਝਾ ਉਪ ਜ਼ੋਨ ਇੰਚਾਰਜ ਯੁੱਧ ਨਸ਼ਿਆਂ ਵਿਰੁੱਧ, ਪਠਾਨਕੋਟ, ਅਸ਼ਵਨੀ ਸ਼ਰਮਾ ਵਿਧਾਇਕ ਪਠਾਨਕੋਟ, ਮਾਸਟਰ ਮੋਹਨ ਲਾਲ ਸਾਬਕਾ ਮੰਤਰੀ, ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ (ਜ), ਜਸਵੰਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਰਕੇਸ਼ ਮੀਨਾ ਐਸਡੀਐਮ ਪਠਾਨਕੋਟ, ਅਰਸ਼ਦੀਪ ਸਿੰਘ ਆਰਟੀਓ ਪਠਾਨਕੋਟ, ਵਿਕਰਮਜੀਤ ਸਹਾਇਕ ਕਮਿਸ਼ਨਰ ਜਰਨਲ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਨੇ ਰਾਸਟਰੀ ਤਿਰੰਗਾ ਲਹਿਰਾਉਂਣ ਤੋਂ ਬਾਅਦ ਪ੍ਰੇਡ ਦਾ ਨਿਰੀਖਣ ਕੀਤਾ, ਉਨ੍ਹਾਂ ਦੇ ਨਾਲ ਡਾ. ਪੱਲਵੀ ਡਿਪਟੀ ਕਮਿਸਨਰ ਪਠਾਨਕੋਟ ਅਤੇ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਵੀ ਮੌਜੂਦ ਸਨ।ਪ੍ਰੇਡ ਨਿਰੀਖਣ ਤੋਂ ਬਾਅਦ ਹਵਾਂ ਵਿੱਚ ਤਿੰਨ ਰੰਗਾਂ ਦੇ ਗੁਬਬਾਰੇ ਛੱਡ ਕੇ ਜਿਲ੍ਹਾ ਪਠਾਨਕੋਟ ਦੇ ਲੋਕਾਂ ਨੂੰ ਸਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ।

# ਖਸਤਾ ਹਾਲ ਨੈਸ਼ਨਲ ਹਾਈਵੇ-354 ਦੇ ਰਹੀ ਹਾਦਸਿਆਂ ਨੂੰ ਸੱਦਾ, ਸ਼ਿਕਾਇਤਾਂ ਹੁਣ ਤੱਕ ਅਣਸੁਣੀਆਂ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ 'ਚੋਂ ਲੰਘਦੇ ਨੈਸ਼ਨਲ ਹਾਈਵੇ 354 ਦੀ ਹਾਲਤ ਸਰਕਾਰੀ ਬਹੁ-ਤਕਨੀਕੀ ਕਾਲਜ ਨਜ਼ਦੀਕ ਦਿਨ-ਪ੍ਰਤੀ-ਦਿਨ ਬਦ ਤੋਂ ਬੱਦਤਰ ਹੁੰਦੀ ਜਾ ਰਹੀ ਹੈ।ਕਾਲਜ ਨਜ਼ਦੀਕ ਸੜਕ 'ਚ ਡੂੰਘੇ ਟੋਏ ਪਏ ਹੋਏ ਹਨ।ਮੁਰੰਮਤ ਨਾ ਹੋਣ ਕਾਰਨ ਇਹ ਟੋਏ ਦਿਨੋਂ-ਦਿਨ ਹੋਰ ਡੂੰਘੇ ਹੁੰਦੇ ਜਾ ਰਹੇ ਹਨ ਤੇ ਇਨ੍ਹਾਂ ਟੋਇਆਂ ਕਾਰਨ ਹੁਣ ਤੱਕ ਅਨੇਕਾਂ ਭਿਆਨਕ ਹਾਦਸੇ ਵਾਪਰ ਚੁੱਕੇ ਹਨ।ਬਰਸਾਤ ਦੇ ਦਿਨਾਂ ਵਿੱਚ ਇਨ੍ਹਾਂ ਟੋਇਆਂ 'ਚ ਪਾਣੀ ਭਰ ਜਾਂਦਾ ਹੈ, ਜਿਸ ਕਾਰਨ ਲੋਕ ਤੇ ਵਾਹਨ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ।ਹਾਲ ਹੀ 'ਚ ਇੱਥੇ ਇੱਕ ਰਾਹਗੀਰ ਦੀ ਗੱਡੀ ਡੂੰਘੇ ਟੋਏ ਵਿੱਚ ਫਸ ਜਾਣ ਕਾਰਨ ਟੇਢੀ ਹੋ ਗਈ।ਗਨੀਮਤ ਇਹ ਰਹੀ ਕਿ ਗੱਡੀ ਇੱਕ ਜਗ੍ਹਾ 'ਤੇ ਹੀ ਰੁਕ ਗਈ, ਜਿਸ ਕਾਰਨ ਵੱਡਾ ਹਾਦਸਾ ਹੋਣੋਂ ਬਚ ਗਿਆ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਹਾਈਵੇ ਦੀ ਖ਼ਰਾਬ ਹਾਲਤ ਬਾਰੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਨੂੰ ਹੁਣ ਤੱਕ ਅਨੇਕਾਂ ਵਾਰ ਸ਼ਿਕਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ, ਪਰ ਨਾ ਤਾਂ ਕਿਸੇ ਅਧਿਕਾਰੀ ਵੱਲੋਂ ਮੌਕੇ ਦੀ ਜਾਂਚ ਕੀਤੀ ਗਈ ਅਤੇ ਨਾ ਹੀ ਮੁਰੰਮਤ ਲਈ ਕੋਈ ਠੋਸ ਕਦਮ ਚੁੱਕਿਆ ਗਿਆ।ਲੋਕਾਂ ਦਾ ਕਹਿਣਾ ਹੈ ਕਿ ਐੱਨਐੱਚਏਆਈ ਦੀ ਇਸ ਅਣਗਹਿਲੀ ਕਾਰਨ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।ਰਾਹਗੀਰਾਂ ਦੀ ਸੁਰੱਖਿਆ ਪ੍ਰਤੀ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਸਤਿਕਾਰ ਕਮੇਟੀ ਖੇਮਕਰਨ ਤੋਂ ਪ੍ਰਧਾਨ ਭਾਈ ਰਣਜੀਤ ਸਿੰਘ ਉਦੋਕੇ ਨੇ ਕਿਹਾ ਕਿ ਸਰਕਾਰੀ ਬਹੁ-ਤਕਨੀਕੀ ਕਾਲਜ ਭਿੱਖੀਵਿੰਡ ਨਜ਼ਦੀਕ ਨੈਸ਼ਨਲ ਹਾਈਵੇ 354 'ਚ ਵੱਡੇ-ਵੱਡੇ ਟੋਏ ਪੈਣ ਕਾਰਨ ਹਰ ਰੋਜ਼ ਰਾਹੀਗਰ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਐੱਨਐੱਚਏਆਈ ਲੋਕਾਂ ਤੋਂ ਟੋਲ ਟੈਕਸ ਤਾਂ ਵਸੂਲ ਰਿਹਾ ਹੈ, ਪ੍ਰੰਤੂ ਲੋਕਾਂ ਵੱਲੋਂ ਹੁਣ ਤੱਕ ਕੀਤੀਆਂ ਗਈਆਂ ਅਨੇਕਾਂ ਸ਼ਿਕਾਇਤਾਂ ਦੇ ਬਾਵਜੂਦ ਸੜਕ ਦੀ ਮੁਰੰਮਤ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਇੱਥੋਂ ਲੰਘਦੇ ਲੋਕ ਆਪਣੀ ਜਾਨ ਜੋਖ਼ਮ ਵਿੱਚ ਪਾ ਰਹੇ ਹਨ।ਇਸ ਮੌਕੇ ਉਦੋਕੇ ਸਮੇਤ ਇਲਾਕੇ ਦੇ ਲੋਕਾਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨਾਲ ਤੁਰੰਤ ਰਾਬਤਾ ਕਾਇਮ ਕਰਕੇ ਸੜਕ ਦੀ ਮੁਰੰਮਤ ਕਰਵਾਈ ਜਾਵੇ।ਹੁਣ ਵੇਖਣਾ ਇਹ ਹੋਵੇਗਾ ਕਿ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਤੇ ਸੰਬੰਧਿਤ ਵਿਭਾਗ ਕਿੰਨੀ ਜਲਦੀ ਸੜਕ ਦੀ ਮੁਰੰਮਤ ਦੇ ਕੰਮ ਨੂੰ ਨੇਪਰੇ ਚਾੜ੍ਹਦਾ ਹੈ।

## ਗਣਤੰਤਰ ਦਿਵਸ ਮੌਕੇ ਸੰਵਿਧਾਨ ਦੀ ਰਾਖੀ ਦਾ ਸੰਕਲਪ ਲਿਆ

ਜਲੰਧਰ (ਨ ਜ ਸ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਤੇ ਜੁਝਾਰੂ ਜਨਤਕ ਸੰਗਠਨਾਂ ਵੱਲੋਂ ਲੰਘੀ 26 ਜਨਵਰੀ ਨੂੰ ਸੂਬੇ ਭਰ 'ਚ ਵੱਖੋ-ਵੱਖ ਥਾਵਾਂ 'ਤੇ ਭਰਵੀਆਂ ਰੈਲੀਆਂ, ਮੀਟਿੰਗਾਂ ਕਰਕੇ ਉਤਸ਼ਾਹ ਪੂਰਵਕ ਗਣਤੰਤਰ ਦਿਵਸ ਮਨਾਇਆ ਗਿਆ। ਉਕਤ ਇਕੱਠਾਂ 'ਚ ਜੋਸ਼-ਖਰੋਸ਼ ਨਾਲ ਪੁੱਜੇ ਕਿਰਤੀ ਜਨ ਸਮੂਹਾਂ ਨੇ ਭਾਰਤ ਦੇ ਮੁੱਢਲੇ ਸੰਵਿਧਾਨ, ਦੇਸ਼ ਦੇ ਲੋਕਰਾਜੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ, ਪ੍ਰੈੱਸ ਦੀ ਆਜ਼ਾਦੀ ਤੇ ਆਧੁਨਿਕ ਲੋਕਤੰਤਰ ਦੇ ਆਧਾਰ ਸਤੰਭ ਵਿਚਾਰ ਪ੍ਰਗਟਾਵੇ ਤੇ ਅਸਹਿਮਤੀ ਦੇ ਅਧਿਕਾਰ ਦੀ ਸਲਾਮਤੀ ਲਈ ਜੂਝਣ ਦਾ ਸੰਕਲਪ ਲਿਆ। ਫਿਰਕੂ ਇਕਸੁਰਤਾ, ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰਨ 'ਤੇ ਬਜਿਦ ਫਿਰਕੂ-ਫਾਸ਼ੀ, ਵੰਡਵਾਦੀ ਤਾਕਤਾਂ ਵਿਰੁੱਧ ਜਦੋਜਹਿਦ ਜਾਰੀ ਰੱਖਣ ਦਾ ਵੀ ਅਹਿਦ ਲਿਆ ਗਿਆ। ਇਸੇ ਦੌਰਾਨ ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ ਆਦਿ ਵਿਖੇ ਵੀ ਉਕਤ ਮਕਸਦ ਅਧੀਨ ਪ੍ਰਭਾਵਸ਼ਾਲੀ ਇਕੱਠ ਕੀਤੇ ਗਏ। ਇਨ੍ਹਾਂ ਇਕੱਠਾਂ ਨੂੰ ਨੱਥਾ ਸਿੰਘ ਢਡਵਾਲ, ਸ਼ਿਵ ਕੁਮਾਰ ਪਠਾਨਕੋਟ, ਕਿਰਪਾਲ ਸਿੰਘ ਗਿੱਲ, ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਸੰਬੋਧਨ ਕੀਤਾ ਹੈ।



*ਬਿਆਸ (ਪਰਮਜੀਤ ਸਿੰਘ ਰੱਖੜਾ)-ਪਿੰਡ [illegible] ਵਿਖੇ ਬਾਬਾ ਬਕਾਲਾ ਸਾਹਿਬ ਦੇ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਪਾਰਟੀ ਦੇ ਸਟੇਟ ਬੀਸੀ ਵਿੰਗ ਦੇ ਸੈਕਟਰੀ ਸੰਦੀਪ ਸਿੰਘ ਵਿਰਦੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੇ ਕਾਰਡ ਬਣਾਉਣ ਲਈ ਰਜਿਸਟ੍ਰੇਸ਼ਨ ਕਰਨ ਵਾਲੀ ਮਸ਼ੀਨ ਦਿੰਦੇ ਹੋਏ। ਉਨ੍ਹਾਂ ਨਾਲ ਰਮਿੰਦਰ ਲਾਲਾ, ਜੈਮਲ ਸਿੰਘ, ਬਲਾਕ ਪ੍ਰਧਾਨ ਸਰਵਣ ਸਿੰਘ ਸਰਾਏ, ਯੂਥ ਕੁਆਰਡੀਨੇਟਰ ਰਣਧੀਰ ਸਿੰਘ, ਵਿਸ਼ਾਲ ਸਰਾਂਏ, ਅਮ੍ਰਿਤਪਾਲ ਸਿੰਘ ਯੂਥ ਪ੍ਰਧਾਨ, ਸਰਦੂਲ ਸਿੰਘ, ਹਰਭਜਨ ਸਿੰਘ, ਜਸਵਿੰਦਰ ਸਿੰਘ (ਸਾਰੇ ਮੈਂਬਰ ) ਅਤੇ ਸਤਿੰਦਰਪਾਲ ਸਿੰਘ ਹਾਜ਼ਰ ਸਨ।*

# 2000 ਹੜ੍ਹ ਪੀੜਤ ਪਰਿਵਾਰਾਂ ਨੂੰ ਜੌਨਸਨ ਐਂਡ ਜੌਨਸਨ ਕੰਪਨੀ ਨੇ ਵੰਡੀ ਰਾਹਤ ਸਮੱਗਰੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡ ਠੇਠਰਕੇ, ਧਰਮਾਬਾਦ, ਸਿੰਘਪੁਰਾ, ਖੰਨਾ, ਰੜੇਵਾਲੀ, ਖੋਦੇਬੇਟ, ਡਾਲਾ, ਪੱਤੀ ਤਲਵੰਡੀ ਹਿੰਦੂਆਂ, ਮਾਨ, ਪੱਖੋਕੇ ਮਹਿਮਾਰਾ, ਨਿੱਕਾ ਠੇਠਰਕੇ ਸਮੇਤ ਵੱਖ-ਵੱਖ ਪਿੰਡਾਂ ਦੇ ਲੋੜਵੰਦ ਕਰੀਬ 2000 ਪਰਿਵਾਰਾਂ ਨੂੰ ਜੌਨਸਨ ਐਂਡ ਜੌਨਸਨ ਕੰਪਨੀ ਵੱਲੋਂ ਅਮੈਰੀਕੇਅਰ ਇੰਡੀਆ ਫਾਊਂਡੇਸ਼ਨ (ਮੁੰਬਈ) ਦੇ ਸਹਿਯੋਗ ਨਾਲ ਘਰੇਲੂ ਰਾਹਤ ਸਮੱਗਰੀ ਦੀਆਂ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਪਿੰਡ ਠੇਠਰਕੇ ਜੱਗਾ ਸਿੰਘ ਦੇ ਗ੍ਰਹਿ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮੈਰੀਕੇਅਰ ਇੰਡੀਆ ਫਾਊਂਡੇਸ਼ਨ (ਮੁੰਬਈ) ਟੀਮ ਦੇ ਆਗੂ ਸਚਿਨ ਡਾਹਲੇ ਨੇ ਕਿਹਾ ਕਿ ਅਸੀਂ ਅਮੈਰੀਕੇਅਰ ਇੰਡੀਆ ਫਾਊਂਡੇਸ਼ਨ (ਮੁੰਬਈ) ਗਰੁੱਪ ਵੱਲੋਂ ਆਏ ਹਾਂ, ਇਹ ਜੋ ਵੀ ਹੜ੍ਹ ਪ੍ਰਭਾਵਿਤ ਲੋੜਵੰਦ ਲੋਕਾਂ ਨੂੰ ਘਰੇਲੂ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ, ਇਸ ਦਾ ਸਾਰਾ ਪ੍ਰਬੰਧ ਤੇ ਖਰਚਾ ਜੌਨਸਨ ਐਂਡ ਜੌਨਸਨ ਕੰਪਨੀ ਵੱਲੋਂ ਕੀਤਾ ਗਿਆ ਹੈ ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੇ ਬਹੁਤ ਸਾਰੇ ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਸੀ, ਉਨ੍ਹਾਂ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ।

ਉਨ੍ਹਾਂ ਪਿੰਡ ਠੇਠਰਕੇ ਦੇ ਸਾਬਕਾ ਸਰਪੰਚ ਹਰਜੀਤ ਸਿੰਘ ਅਤੇ ਕੈਪਟਨ ਨਰਿੰਦਰ ਸਿੰਘ ਮੌਜੂਦਾ ਸਰਪੰਚ ਠੇਠਰਕੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਇਹ ਸਮੱਗਰੀ ਵੰਡਣ ਵਿੱਚ ਇਨ੍ਹਾਂ ਦਾ ਵਿਸ਼ੇਸ਼ ਸਹਿਯੋਗ ਮਿਲਿਆ ਹੈ।

ਇਸ ਮੌਕੇ ਜਗਤਾਰ ਸਿੰਘ, ਮੈਂਬਰ ਪਰਮਜੀਤ ਸਿੰਘ, ਮੈਂਬਰ ਤਰਜੀਤ ਸਿੰਘ, ਮੈਂਬਰ ਜਗਦੇਵ ਸਿੰਘ, ਸਤਨਾਮ ਸਿੰਘ ਠੇਠਰਕੇ, ਭਗਵਾਨ ਸਿੰਘ ਠੇਠਰਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਪਿੰਡਾਂ ਦੇ ਲੋੜਵੰਦ ਪਰਿਵਾਰ ਹਾਜ਼ਰ ਸਨ।

# ਵਿਦੇਸ਼ੀ ਪਿਸਤੌਲ ਸਮੇਤ ਗ੍ਰਿਫ਼ਤਾਰ



ਖਾਸਾ, (ਸ਼ਸ਼ਪਾਲ ਸਿੰਘ)-ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਨਜਾਇਜ਼ ਅਸਲੇ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਸਪੈਸ਼ਲ ਸੈੱਲ ਦੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਵਿਦੇਸ਼ੀ ਪਿਸਤੌਲ ਸਮੇਤ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਸਪੈਸ਼ਲ ਸੈੱਲ ਨੂੰ ਗੁਪਤ ਸੂਚਨਾ ਮਿਲੀ ਕਿ ਯੁੱਧ ਵੀਰ ਸਿੰਘ ਵਾਸੀ ਰਣੀਕੇ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ ਤੇ ਨਰੇਸ਼ ਕੁਮਾਰ ਉਰਫ਼ ਮਨੀ ਪਾਕਿਸਤਾਨੀ ਸਮੱਗਲਰਾਂ ਦੇ ਲਿੰਕ ਵਿਚ ਹਨ ਅਤੇ ਪਾਕਿਸਤਾਨ ਤੋਂ ਡਰੋਨ ਤੇ ਹੋਰ ਸਾਧਨਾਂ ਰਾਹੀਂ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਹਾਸਲ ਕਰਕੇ ਪਾਕਿਸਤਾਨੀ ਸਮੱਗਲਰਾਂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅੱਗੇ ਪਹੁੰਚਾਉਂਦੇ ਹਨ। ਇਸ 'ਤੇ ਤੁਰੰਤ ਕਾਰਵਾਈ ਕਰਦਿਆ ਪਿੰਡ ਡੰਡੇ ਨੇੜੇ ਨਹਿਰ ਦੇ ਨਾਲ ਬਣੇ ਕੱਚੇ ਰਸਤੇ ਤੋਂ ਯੁੱਧ ਵੀਰ ਸਿੰਘ ਨੂੰ ਇਕ ਪੀ.ਐਕਸ 5 ਸਟੋਰਮ ਵਿਦੇਸ਼ੀ ਪਿਸਤੌਲ (.30 ਬੋਰ) ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿਚ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰਕੇ ਅਗਲੀ ਤਫ਼ਤੀਸ਼ ਅਮਲ ਵਿਚ ਲਿਆਂਦੀ ਜਾ ਰਹੀ ਹੈ।

# ਛੋਟੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਹਰਚੋਵਾਲ ਵਿਖੇ ਧਾਰਮਿਕ ਸਮਾਗਮ ਕਰਵਾਇਆ



ਧਾਰੀਵਾਲ/ਹਰਚੋਵਾਲ, (ਮਨਦੀਪ ਵਿੱਕੀ)-ਇਤਿਹਾਸਕ ਗੁਰਦੁਆਰਾ ਬਾਬਾ ਰਾਜਾ ਰਾਮ ਹਰਚੋਵਾਲ ਵਿਖੇ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਛੋਟੇ ਛੋਟੇ ਦਰਜਨਾਂ ਬੱਚਿਆਂ ਨੇ ਭਾਗ ਲਿਆ।ਇਸ ਧਾਰਮਿਕ ਸਮਾਗਮ ਦੀ ਅਗਵਾਈ ਜਥੇਦਾਰ ਗਿਆਨੀ ਰਾਜਨਬੀਰ ਸਿੰਘ ਹਰਚੋਵਾਲ ਵੱਲੋਂ ਕੀਤੀ ਗਈ।ਉਨ੍ਹਾਂ ਵੱਲੋਂ ਛੋਟੇ ਬੱਚਿਆਂ ਨੂੰ ਹਰ ਰੋਜ਼ ਸਵੇਰੇ ਗੁਰਦੁਆਰਾ ਛੱਤੀ ਡਿਓਢੀ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਗਿਆ ਸ਼ੁਧ ਬਾਣੀ ਨਾਲ ਜੁੜਨ ਲਈ ਵਿਸ਼ੇਸ਼ ਤੌਰ ਕਲਾਸਾਂ ਲਗਾਈਆਂ ਜਾਂਦੀਆਂ ਹਨ ਜਿਸ ਵਿੱਚ ਬੱਚਿਆਂ ਨੂੰ ਸਿੱਖੀ ਸਰੂਪ ਅਤੇ ਬਾਣੀ ਨਾਲ ਜੋੜਿਆ ਜਾਂਦਾ ਹੈ।ਇਸ ਲੜੀ ਤਹਿਤ ਅੱਜ ਰਾਜਾਂ ਰਾਮ ਹਰਚੋਵਾਲ ਵਿਖੇ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ ਇਸ ਸਮਾਗਮ ਦੌਰਾਨ ਰਾਜਬੀਰ ਸਿੰਘ ਹਰਚੋਵਾਲ ਨੇ ਕਿਹਾ ਕਿ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਛੋਟੇ ਬੱਚਿਆਂ ਨੂੰ ਮੂੰਹ-ਜ਼ੁਬਾਨੀ (ਕੰਠ) ਪਾਠ ਕਰਵਾਉਣਾ ਸਿੱਖਿਆ ਅਤੇ ਅਧਿਆਤਮਿਕ ਵਿਕਾਸ ਲਈ ਬਹੁਤ ਫਾਇਦੇਮੰਦ ਹੈ।ਇਹ ਬੱਚਿਆਂ ਦੀ ਯਾਦਦਾਸ਼ਤ ਸ਼ਕਤੀ ਵਧਾਉਂਦਾ ਹੈ, ਸ਼ਬਦ ਉਚਾਰਨ ਵਿੱਚ ਸੁਧਾਰ ਕਰਦਾ ਹੈ ਅਤੇ ਧਾਰਮਿਕ-ਸੱਭਿਆਚਾਰਕ ਮੁੱਲਾਂ ਨਾਲ ਜੋੜਦਾ ਹੈ।ਰੋਜ਼ਾਨਾ ਅਭਿਆਸ ਅਤੇ ਛੋਟੇ-ਛੋਟੇ ਹਿੱਸਿਆਂ ਵਿੱਚ ਪਾਠ ਯਾਦ ਕਰਵਾ ਕੇ, ਬੱਚੇ ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਸ਼ੁੱਧ ਪਾਠ ਸਿੱਖ ਸਕਦੇ ਹਨ. ਇਸ ਮੌਕੇ ਤੇ ਦਲਜੀਤ ਸਿੰਘ ਧੱਕੜ ਵੱਲੋਂ, ਛੋਟੇ ਬੱਚੇ ਹਰਸੀਰਤ ਸਿੰਘ ਰਿਆੜ, ਗੁਲਸ਼ਨ ਸਿੰਘ, ਸੁਮਨਦੀਪ ਸਿੰਘ ਨੂੰ ਸ਼ੁਧ ਪਾਠ ਕਰਨ ਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਬਹੁਤ ਸਾਰੇ ਬੱਚਿਆਂ ਨੂੰ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ ਨੇ ਕਿਹਾ ਕਿ ਜੋ ਗਿਆਨੀ ਰਾਜਨਦੀਪ ਸਿੰਘ ਹਰਚੋਵਾਲ, ਜਥੇਦਾਰ ਦਲਜੀਤ ਸਿੰਘ ਧੱਕੜ ਵੱਲੋਂ ਛੋਟੇ ਬੱਚਿਆਂ ਨੂੰ ਸਿੱਖੀ ਸਰੂਪ ਅਤੇ ਗੁਰਬਾਣੀ ਨਾਲ ਜੋੜਨ ਦੀ ਮੁਹਿੰਮ ਚਲਾਈ ਗਈ ਹੈ ਇਹ ਬਹੁਤ ਸੰਲਘਾਯੋਗ ਕਦਮ ਹੈ।ਇਸ ਨਾਲ ਇਹਨਾਂ ਬੱਚਿਆਂ ਬੱਚਿਆਂ ਨੂੰ ਮੂੰਹ-ਜ਼ੁਬਾਨੀ (ਕੰਠ) ਪਾਠ ਕਰਵਾਉਣਾ ਸਿੱਖਿਆ ਅਤੇ ਅਧਿਆਤਮਿਕ ਵਿਕਾਸ ਲਈ ਬਹੁਤ ਫਾਇਦੇਮੰਦ ਹੈ।ਇਹ ਬੱਚਿਆਂ ਦੀ ਯਾਦਦਾਸ਼ਤ ਸ਼ਕਤੀ ਵਧਾਉਂਦਾ ਹੈ, ਸ਼ਬਦ ਉਚਾਰਨ ਵਿੱਚ ਸੁਧਾਰ ਕਰਦਾ ਹੈ ਅਤੇ ਧਾਰਮਿਕ-ਸੱਭਿਆਚਾਰਕ ਮੁੱਲਾਂ ਨਾਲ ਜੋੜਦਾ ਹੈ।ਇਹ ਬੱਚਿਆਂ ਵਿੱਚ ਸ਼ੁਰੂ ਤੋਂ ਹੀ ਧਾਰਮਿਕਤਾ, ਇਕਾਗਰਤਾ ਅਤੇ ਸਿੱਖਿਆ ਪ੍ਰਤੀ ਰੁਚੀ ਪੈਦਾ ਕਰਦਾ ਹੈ, ਜੋ ਉਨ੍ਹਾਂ ਦੇ ਸ਼ਖਸੀਅਤ ਨਿਰਮਾਣ ਵਿੱਚ ਮਦਦਗਾਰ ਹੁੰਦਾ ਹੈ।

# ਦੀਨਾਨਗਰ ਵਿਖੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਲਹਿਰਾਇਆ ਝੰਡਾ



ਦੀਨਾਨਗਰ- ( ਬਲਵਿੰਦਰ ਸਿੰਘ ਬਿੱਲਾ)-ਦੇਸ਼ ਦੇ 77ਵੇਂ ਗਣਤੰਤਰ ਦਿਹਾੜੇ ਮੌਕੇ ਆਮ ਆਦਮੀ ਪਾਰਟੀ ਹਲਕਾ ਦੀਨਾਨਗਰ ਵੱਲੋਂ ਸ਼ਹਿਰ ਦੇ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪਾਰਕ ਵਿਖੇ ਇਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਨਿਭਾਈ ਗਈ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਰਾਸ਼ਟਰੀ ਝੰਡਾ ਲਹਿਰਾਏ ਜਾਣ ਮੌਕੇ ਪੁਲਿਸ ਦੀ ਟੁਕੜੀ ਵੱਲ ਰਾਸ਼ਟਰੀ ਝੰਡੇ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ ਅਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗਾਨ ਗਾਇਆ ਗਿਆ। ਇਸ ਮਗਰੋਂ ਮੌਜੂਦ ਲੋਕਾਂ ਨੂੰ ਗਣਤੰਤਰ ਦਿਹਾੜੇ ਦੀ ਵਧਾਈ ਦਿੰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅਜਾਦੀ ਘੁਲਾਟੀਆਂ ਦੇ ਲੰਮੇਂ ਸ਼ੰਘਰਸ਼ਾਂ ਤੋਂ ਬਾਅਦ ਮਿਲੀ ਅਜਾਦੀ ਅਤੇ ਫਿਰ ਅਜਾਦੀ ਮਗਰੋਂ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ. ਭੀਮ ਰਾਓ ਅੰਬੇਡਕਰ ਦੀ ਅਗਵਾਈ ਹੇਠ ਸਖਤ ਮਿਹਨਤ ਅਤੇ ਸੂਝਬੂਝ ਨਾਲ ਬਣਾਏ ਗਏ ਦੇਸ਼ ਦੇ ਸੰਵਿਧਾਨ ਨੂੰ ਅੱਜ ਤੋਂ 76 ਵਰ੍ਹੇ ਪਹਿਲਾਂ 1950 ਵਿੱਚ ਲਾਗੂ ਕੀਤਾ ਗਿਆ ਸੀ। ਭਾਰਤੀ ਸੰਵਿਧਾਨ ਦੀ ਖਾਸੀਅਤ ਇਹ ਹੈ ਕਿ ਇਹ ਸੰਵਿਧਾਨ ਦੇਸ਼ ਦੇ ਹਰੇਕ ਨਾਗਰਿਕ ਨੂੰ ਬਰਾਬਰ ਦੇ ਹੱਕ ਦੇਣ ਦੇ ਨਾਲ ਨਾਲ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਮਜਬੂਤ ਲੋਕਤੰਤਰ ਵੀ ਬਣਾਉਂਦਾ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਲੋਕਤੰਤਰ ਨੂੰ ਹੋਰ ਮਜਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਦੇਣ। ਉਹਨਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ, ਖੁਸ਼ਹਾਲ, ਹੱਸਦਾ ਤੇ ਖੇਡਦਾ ਪੰਜਾਬ ਬਣਾਉਣ ਲਈ ਨਿਰੰਤਰ ਉਪਰਾਲੇ ਜਾਰੀ ਰੱਖਣ ਦਾ ਅਹਿਦ ਲਿਆ ਅਤੇ ਸਰਕਾਰ ਵੱਲੋਂ ਸਿਹਤ, ਸਿੱਖਿਆ ਤੇ ਹੋਰ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਰਿਟ. ਪ੍ਰਿੰਸੀਪਲ ਸੁਖਦੇਵ ਰਾਜ, ਮਨਮੋਹਨ ਸਿੰਘ ਧਮਰਾਈ, ਕਰਨੈਲ ਸਿੰਘ ਨੰਬਰਦਾਰ, ਮੰਨਾ ਸੰਧੂ, ਗੋਰਾ ਕੱਤੋਵਾਲ, ਸਰਪੰਚ ਰਣਜੀਤ ਸਿੰਘ ਰਾਣਾ ਕਠਿਆਲੀ, ਗੁਰਦਿਆਲ ਸਿੰਘ ਮਗਰਾਲਾ, ਵਰਿੰਦਰ ਕਪੂਰ, ਸਾਬਕਾ ਕੌਂਸਲਰ ਵਿਜੇ ਕੁਮਾਰ, ਬਲਬੀਰ ਸਿੰਘ ਗੁੰਝੀਆਂ, ਨਿਸ਼ਾਨ ਸਿੰਘ ਗੁੰਝੀਆਂ, ਚੰਦਰ ਸ਼ੇਖਰ ਦੀਪਾ, ਅਰਜਨ ਸਿੰਘ ਝਬਕਰਾ, ਸੰਸਾਰ ਸਿੰਘ ਝਬਕਰਾ, ਅਨੂ ਬਾਲਾ, ਰੁਪਿੰਦਰ ਕੌਰ ਕੱਤੋਵਾਲ, ਹਰਪਾਲ ਸਿੰਘ ਜੋਗਰ ਅਤੇ ਰਿਟਾ. ਬੀਪੀਈਓ ਮਹਿੰਦਰ ਪਾਲ ਵੀ ਮੌਜੂਦ ਸਨ।

# ਸਿੰਗਲ ਟਰੈਕ 'ਆਉ ਸਖੀ ਹਰਿ ਮੇਲੁ ਕਰੇਹਾ' ਨੂੰ ਮਿਲ ਰਿਹੈ ਸੰਗਤ ਦਾ ਭਰਪੂਰ ਪਿਆਰ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪਿੰਡ ਮਾਨ ਸੈਂਡਵਾਲ ਦੇ ਜੰਮਪਲ ਭਾਈ ਸਤਿੰਦਰਬੀਰ ਸਿੰਘ ਜਿਨ੍ਹਾਂ ਨੇ ਆਪਣੀ ਮੁੱਢਲੀ ਗੁਰਮਤਿ ਸੰਗੀਤ ਦੀ ਵਿੱਦਿਆ ਦਮਦਮੀ ਟਕਸਾਲ ਮਹਿਤਾ ਤੋਂ ਪ੍ਰਾਪਤ ਕੀਤੀ, ਦੇ ਦਹਾਕਿਆਂ ਤੋਂ ਕੀਰਤਨ ਨਾਲ ਜੁੜੇ ਹੋਏ ਹਨ।ਗੁਰਬਾਣੀ ਦੀਆਂ ਟੇਪਾਂ ਜਰੀਏ ਉਹ ਸਿੱਖ ਸੰਗਤਾਂ ਤੱਕ ਆਪਣੇ ਸ਼ਬਦ ਗਾਇਨ ਨੂੰ ਲੈ ਕੇ ਆਉਂਦੇ ਰਹੇ ਹਨ। ਉਹ ਦੇਸ਼ ਵਿਦੇਸ਼ ਦੀਆਂ ਵੱਡੀਆਂ ਵੱਡੀਆਂ ਸਟੇਜਾਂ ਤੇ ਆਪਣੀ ਹਾਜ਼ਰੀ ਲਗਵਾ ਚੁੱਕੇ ਹਨ।ਆਪਣੀ ਸੁਰੀਲੀ ਮਖਮਲੀ ਆਵਾਜ਼ ਸਦਕਾ ਉਹ ਪੰਥ ਦੇ ਮਹਾਨ ਕੀਰਤਨੀਆਂ ਵਿਚ ਗਿਣੇ ਜਾਂਦੇ ਹਨ।ਅੱਜਕਲ੍ਹ ਅਮਰੀਕਾ ਵਿਚ ਰਹਿ ਰਹੇ ਭਾਈ ਸਤਿੰਦਰਬੀਰ ਸਿੰਘ ਵੱਲੋਂ ਗੁਰਬਾਣੀ ਪਿਆਸ ਵੱਲੋਂ ਪੇਸ਼ ਕੀਤਾ ਉਨ੍ਹਾਂ ਦਾ ਨਵਾਂ ਸ਼ਬਦ ਸਿੰਗਲ ਟਰੈਕ 'ਆਉ ਸਖੀ ਹਰਿ ਮੇਲੁ ਕਰੇਹਾ', ਜੋ ਗੁਰਬਾਣੀ ਪਿਆਸ ਵੱਲੋਂ ਪੇਸ਼ ਕੀਤਾ ਗਿਆ ਹੈ, ਨੂੰ ਸੰਗਤਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ।ਇਸ ਭੇਟਾ 'ਤੇ ਜਸਪਾਲ ਸਿੰਘ ਸਰਪੰਚ, ਭੁਪਿੰਦਰ ਸਿੰਘ ਮਾਨ, ਹਰਜੀਤ ਸਿੰਘ ਨਾਮਧਾਰੀ ਸਵੀਟਸ, ਕੁਲਦੀਪ ਸਿੰਘ ਸਾਬਕਾ ਸਰਪੰਚ, ਗੁਰਿੰਦਰ ਸਿੰਘ ਮਾਨ, ਨਿਰਮਲ ਸਿੰਘ ਗੁਰਾਇਆ, ਸੁਖਬੀਰਪਾਲ ਸਿੰਘ ਸੰਧੂ ਅਤੇ ਬਾਬਾ ਬਲਵਿੰਦਰ ਸਿੰਘ ਨੇ ਭਾਈ ਸਤਿੰਦਰਬੀਰ ਸਿੰਘ ਨੂੰ ਮੁਬਾਰਕਬਾਦ ਦਿੱਤੀ।

# ਭਾਰਤ ਭਾਰਤੀ ਵੱਲੋਂ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਦਾ ਗਠਨ



ਛੇਹਰਟਾ, (ਮਨੋਜ ਕੁਮਾਰ)-ਭਾਰਤ ਭਾਰਤੀ ਵੱਲੋਂ ਅੰਮ੍ਰਿਤਸਰ ਜ਼ਿਲ੍ਹਾ ਇਕਾਈ ਦਾ ਗਠਨ ਕੀਤਾ ਗਿਆ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਭਾਰਤ ਭਾਰਤੀ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਰਾਜੂ ਜੂਡੋ ਨੇ ਦੱਸਿਆ ਕਿ ਉਨ੍ਹਾਂ ਤੇ ਜ਼ਿਲ੍ਹਾ ਪ੍ਰਧਾਨ ਪੰਕਜ ਮਹਾਜਨ ਦੀ ਅਗਵਾਈ ਵਿਚ ਹੋਈ ਬੈਠਕ ਵਿਚ ਇਹ ਨਿਯੁਕਤੀਆਂ ਕੀਤੀਆਂ ਗਈਆਂ। ਵਿੰਦੂ ਪੁਰੀ ਤੇ ਬੰਸੀ ਲਾਲ ਨੂੰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਸੰਦੀਪ ਪਾਠਕ, ਸੰਤੋਸ਼ ਗਾਂਧੀ ਤੇ ਸੁਨੀਲ ਸ਼ੇਰਗਿੱਲ ਮੀਤ ਪ੍ਰਧਾਨ, ਨਰਿੰਦਰ ਕਪੂਰ ਤੇ ਸਾਹਿਲ ਮਹਾਜਨ ਜਨਰਲ ਸਕੱਤਰ, ਰਵੀ ਦੱਤ, ਰਾਕੇਸ਼ ਮਹਾਜਨ, ਵਿਕਾਸ ਕੁਮਾਰ ਤੇ ਵਿਸ਼ਾਲ ਸ਼ਰਮਾ ਸਕੱਤਰ ਅਤੇ ਸੁਨੀਲ ਅਗਰਵਾਲ ਬੰਟੀ ਨੂੰ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ। ਰਾਜਵਿੰਦਰ ਸਿੰਘ, ਸਤਿੰਦਰ ਕੁਮਾਰ, ਰਵੀ ਭੱਟੀ, ਸ਼ੰਕਰ ਮਲਿਕ, ਪ੍ਰਿਤਪਾਲ ਸਿੰਘ, ਦਾਨਿਸ਼ ਤੇ ਸਾਰਥੀ ਨੂੰ ਜ਼ਿਲ੍ਹਾ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਥੇਬੰਦੀ ਦੀਆਂ ਬਾਕੀ ਜ਼ਿਲ੍ਹਾ ਇਕਾਈਆਂ ਦੇ ਗਠਨ ਦਾ ਕੰਮ ਵੀ ਤੇਜ਼ੀ ਨਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਭਾਰਤੀ ਦਾ ਉਦੇਸ਼ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਲੋਕਾਂ ਵਿਚ ਏਕਤਾ, ਆਪਸੀ ਪਿਆਰ ਤੇ ਮਿਲਵਰਤਣ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਇਕ ਸੂਬੇ ਦੇ ਲੋਕ ਦੂਜੇ ਸੂਬੇ ਵਿਚ ਰੁਜ਼ਗਾਰ, ਕਾਰੋਬਾਰ, ਨੌਕਰੀ ਤੇ ਪੜ੍ਹਾਈ ਲਈ ਜਾਂਦੇ ਹਨ। [illegible] ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਤੇ ਉਨ੍ਹਾਂ ਨੂੰ ਉਥੇ ਬੇਗਾਨਗੀ ਦਾ ਅਹਿਸਾਸ ਨਾ ਹੋਵੇ, ਲਈ ਹੀ ਭਾਰਤ ਭਾਰਤੀ ਦਾ ਕੌਮੀ ਪੱਧਰ 'ਤੇ ਗਠਨ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਕੌਮੀ ਕਾਰਜਕਾਰਨੀ ਪ੍ਰਧਾਨ ਵਿਨੈ ਪਤਰਾਲੇ 13 ਫਰਵਰੀ ਨੂੰ ਅੰਮ੍ਰਿਤਸਰ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਬੈਠਕ ਵਿਚ ਉਨ੍ਹਾਂ ਦੀ ਅੰਮ੍ਰਿਤਸਰ ਫੇਰੀ ਦੀ ਤਿਆਰੀ ਲਈ ਵੀ ਕਾਰਕੁਨਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।

# ਕਾਰਜ ਸਿੰਘ ਡਲੀਰੀ ਭਾਕਿਯੂ (ਅ) ਦੇ ਹਲਕਾ ਖੇਮਕਰਨ ਤੋਂ ਪ੍ਰਧਾਨ ਨਿਯੁਕਤ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤੀ ਕਿਸਾਨ ਯੂਨੀਅਨ (ਅੰਬਾਵਤਾ) ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਤਰਨ ਤਰਨ ਦੇ ਮੁੱਖ ਦਫਤਰ ਮਾੜੀ ਕੰਬੋਕੇ ਵਿਖੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦੀ ਅਗਵਾਈ ਹੇਠ ਹੋਈ।ਮੀਟਿੰਗ 'ਚ ਪਹੁੰਚੇ ਸਮੂਹ ਕਿਸਾਨ ਆਗੂਆਂ ਦੀ ਹਾਜ਼ਰੀ ਵਿੱਚ ਸਭਾ ਦੇ ਕੌਮੀ ਪ੍ਰਧਾਨ ਚੌਧਰੀ ਰਿਸ਼ੀ ਪਾਲ (ਅੰਬਾਵਤਾ) ਅਤੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਮੁਹਰੇਵਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਾਰਜ ਸਿੰਘ ਡਲੀਰੀ ਨੂੰ ਹਲਕਾ ਖੇਮਕਰਨ ਤੋਂ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਕਿਹਾ ਕਿ ਉਹ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ।ਉਨ੍ਹਾਂ ਯੂਨੀਅਨ ਵਿੱਚ ਸ਼ਾਮਿਲ ਹੋਏ ਕਾਰਜ ਸਿੰਘ ਡਲੀਰੀ ਨੂੰ ਜੀ ਆਇਆਂ ਆਖਦਿਆਂ ਜਥੇਬੰਦੀ ਲਈ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਕਾਰਜ ਸਿੰਘ ਡਲੀਰੀ ਨੇ ਜਥੇਬੰਦੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ।ਇਸ ਮੌਕੇ ਸਿਕੰਦਰ ਸਿੰਘ ਦਰਾਜਕੇ,ਬਲਹਾਰ ਸਿੰਘ ਕੰਬੋਕੇ, ਰਛਪਾਲ ਸਿੰਘ ਕੰਬੋਕੇ, ਸਾਰਜ ਸਿੰਘ ਡਲੀਰੀ, ਗੁਰਿੰਦਰ ਸਿੰਘ ਸੋਨੀ ਕੰਬੋਕੇ, ਗੁਰਦੇਵ ਸਿੰਘ ਕੰਬੋਕੇ, ਨਛੱਤਰ ਸਿੰਘ ਮਾਣੋਚਾਹਲ, ਜਸਵੰਤ ਸਿੰਘ ਨੰਬਰਦਾਰ ਮਾਣੋਚਾਹਲ, ਮਾਸਟਰ ਗੁਰਬੀਰ ਸਿੰਘ ਕੰਬੋਕੇ, ਮਾਸਟਰ ਸਕੱਤਰ ਕੰਬੋਕੇ, ਸਤਨਾਮ ਸਿੰਘ ਕੰਬੋਕੇ, ਹਰਜਿੰਦਰ ਸਿੰਘ ਪਹਿਲਵਾਨਕੇ, ਸੁਖਦੇਵ ਸਿੰਘ ਸੁੱਖ ਆੜਤੀਆਂ ਮਾੜੀ ਮੇਘਾ, ਦਲਜੀਤ ਸਿੰਘ ਗਿਆਨੀ ਉਧੋਕੇ, ਸਤਨਾਮ ਸਿੰਘ ਕਾਲਾ ਅਮਰਕੋਟ, ਸਾਗਰ ਅਮਰਕੋਟ, ਲਖਵਿੰਦਰ ਸਿੰਘ ਕੋਟ ਸਿਵੀਆ, ਰਾਣਾ ਪ੍ਰਤਾਪ ਸਿੰਘ ਦਰਾਜਕੇ, ਵਿਕਰਮਜੀਤ ਸਿੰਘ ਭਿੱਖੀਵਿੰਡ, ਮਿਲਖਾ ਸਿੰਘ ਭਿੱਖੀਵਿੰਡ, ਜਸਵਿੰਦਰ ਸਿੰਘ ਮਾਣੋਚਾਹਲ, ਹਰਚਰਨ ਸਿੰਘ ਖਾਲੜਾ, ਹਰਜੀਤ ਕੁਮਾਰ ਖਾਲੜਾ, ਸੁਖਪ੍ਰੀਤ ਸਿੰਘ ਮਾੜੀ ਸਮਰਾ ਆਦਿ ਆਗੂ ਹਾਜ਼ਰ ਸਨ।

# ਸੱਤਿਆ ਭਾਰਤੀ ਸਕੂਲ ਜੱਜਿਆਣੀ 'ਚ ਧੂਮਧਾਮ ਨਾਲ ਮਨਾਇਆ ਗਣਤੰਤਰ ਦਿਹਾੜਾ



ਮਜੀਠਾ (ਸੋਇਮ ਆਨੰਦ)-ਸੱਤਿਆ ਭਾਰਤੀ ਸਕੂਲ ਜੱਜਿਆਣੀ ਵਿਖੇ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਚੰਡੀਗੜ੍ਹ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਮੀਤ ਪ੍ਰਧਾਨ ਅਤੇ ਦਿਹਾਤੀ ਪੱਤਰਕਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਕਾਹਲੋਂ ਵੱਲੋਂ ਝੰਡੇ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਗਾਏ ਗਏ। ਲੜਕੀਆਂ ਵੱਲੋਂ ਗਿੱਧਾ ਅਤੇ ਲੜਕਿਆਂ ਵੱਲੋਂ ਭੰਗੜਾ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਸਕੂਲੀ ਬੱਚਿਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਸੰਬੋਧਨ ਕਰਦਿਆਂ ਬਲਜੀਤ ਸਿੰਘ ਕਾਹਲੋਂ ਨੇ ਕਿਹਾ ਕਿ ਬੱਚੇ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰਨ ਅਤੇ ਨਸ਼ਿਆਂ ਦੇ ਖਾਤਮੇ ਲਈ ਪ੍ਰਚਾਰ ਕਰਨ। ਉਨ੍ਹਾਂ ਬੱਚਿਆਂ ਨੂੰ ਚਾਈਨਾ ਡੋਰ ਨਾ ਵਰਤਣ ਅਤੇ ਨਸ਼ਾ ਨਾ ਕਰਨ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਅਧਿਆਪਕਾ ਪਰਮਿੰਦਰਜੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਕੂਲ 'ਚ ਖੇਡਾਂ ਅਤੇ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਪਵਨਦੀਪ ਕੌਰ, ਸਕੂਲ ਸਟਾਫ ਪਰਵਿੰਦਰਜੀਤ ਕੌਰ, ਕੁਲਦੀਪ ਕੌਰ, ਮਨਪ੍ਰੀਤ ਕੌਰ, ਜਗਰੂਪ ਕੌਰ, ਮਨਦੀਪ ਕੌਰ, ਇਮਾਨਦੀਪ ਕੌਰ, ਹਰਲੀਨ ਕੌਰ, ਮਿਸ ਸੀਆ ਆਦਿ ਹਾਜ਼ਰ ਸਨ ।

# ਨਾਟਕਕਾਰ ਜਤਿੰਦਰ ਬਰਾੜ ਤੇ ਪੱਤਰਕਾਰ ਮਾਰਕ ਟੱਲੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਚੇਤਨਪੁਰਾ ( ਸੁਖਵੰਤ ਚੇਤਨਪੁਰੀ)**-ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਮੀਤ ਪ੍ਰਧਾਨ ਰਮੇਸ਼ ਯਾਦਵ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਜਨਰਲ ਸਕੱਤਰ ਧਰਵਿੰਦਰ ਸਿੰਘ ਔਲਖ, ਸੀਨੀਅਰ ਮੀਤ ਪ੍ਰਧਾਨ ਗੁਰਬਾਜ ਸਿੰਘ ਛੀਨਾ, ਫੋਕਲੋਰ ਰਿਸਰਚ ਅਕਾਦਮੀ ਦੇ ਆਗੂ ਦਿਲਬਾਗ ਸਿੰਘ ਸਰਕਾਰੀਆ, ਹਰਜੀਤ ਸਿੰਘ ਸਰਕਾਰੀਆ, ਡਾ. ਹਰਜਿੰਦਰਪਾਲ ਕੌਰ ਕੰਗ, ਕਮਲ ਗਿੱਲ, ਡਾ. ਹੀਰਾ ਸਿੰਘ, ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਰਪ੍ਰਸਤ ਪ੍ਰਮੁੱਖ ਕਹਾਣੀਕਾਰ ਮੁਖਤਾਰ ਗਿੱਲ, ਜਤਿੰਦਰ ਸਿੰਘ ਔਲਖ, ਬਲਵਿੰਦਰ ਝਬਾਲ, ਸਤਨਾਮ ਜੱਸੜ, ਪ੍ਰਗਟ ਸਿੰਘ ਔਲਖ, ਬਲਦੇਵ ਸਿੰਘ ਕੰਬੋ, ਸਤਨਾਮ ਔਲਖ, ਯੁਧਵੀਰ ਸਿੰਘ ਔਲਖ, ਇਤਿਹਾਸਕਾਰ ਏ.ਐਸ.ਦਲੇਰ, ਡਾ. ਅਮਰਜੀਤ ਸਿੰਘ ਗਿੱਲ, ਨਰਿੰਦਰ ਯਾਤਰੀ, ਰਾਜ ਚੋਗਾਵਾਂ, ਗੋਪਾਲ ਸਿੰਘ ਨਿਮਾਣਾ, ਗੁਰਜਿੰਦਰ ਸਿੰਘ ਬਘਿਆੜੀ, ਜਗਰੂਪ ਸਿੰਘ ਐਮਾਂ, ਰੀਵਾ ਦਰਿਆ, ਓਮ ਪ੍ਰਕਾਸ਼ ਭਗਤ, ਹਰਜੀਤ ਕੌਰ ਔਲਖ, ਮਹਾਂਬੀਰ ਸਿੰਘ ਗਿੱਲ, ਸੁਖਵੰਤ ਚੇਤਨਪੁਰੀ ਆਦਿ ਨੇ ਸ਼੍ਰੋਮਣੀ ਨਾਟਕਕਾਰ ਅਤੇ ਪੰਜਾਬ ਨਾਟਸ਼ਾਲਾ ਅੰਮ੍ਰਿਤਸਰ ਦੇ ਨਿਰਮਾਤਾ ਜਤਿੰਦਰ ਸਿੰਘ ਬਰਾੜ ਅਤੇ ਭਾਰਤ ਦੇ ਇਤਿਹਾਸਕਾਰ ਅਤੇ ਇੱਕ ਪ੍ਰਸਿੱਧ ਲੇਖਕ, ਪੱਤਰਕਾਰ ਮਾਰਕ ਟੱਲੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਰੰਗ ਮੰਚ ਤੇ ਪੱਤਰਕਾਰੀ ਦੇ ਇਤਿਹਾਸ ਵਿੱਚ ਇੱਕ ਖਲਾਅ ਪੈਦਾ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਹਸਤੀਆਂ ਨੇ ਆਪੋ ਆਪਣੇ ਖੇਤਰਾਂ ਵਿੱਚ ਵੱਡਾ ਯੋਗਦਾਨ ਪਾਇਆ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ।

# ਗਣਤੰਤਰ ਦਿਹਾੜੇ ਮੌਕੇ ਸੁਖਮਨੀ ਪਬਲਿਕ ਸਕੂਲ ਚਾਕਾਂਵਾਲੀ ਦੇ ਵਿਦਿਆਰਥੀ ਸਨਮਾਨਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ 77ਵਾਂ ਗਣਤੰਤਰ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਡਾਕਟਰ ਆਦਿੱਤਿਆ ਸ਼ਰਮਾ ਐੱਸਡੀਐੱਮ ਡੇਰਾ ਬਾਬਾ ਨਾਨਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਿਨ੍ਹਾਂ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ਤੇ ਪਰੇਡ ਤੋਂ ਸਲਾਮੀ ਲਈ।

ਇਸ ਮੌਕੇ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆ ਵੱਲੋਂ ਦੇਸ਼ ਭਗਤੀ ਦੇ ਗੀਤ, ਗਿੱਧਾ, ਭੰਗੜਾ, ਕੋਰੀਓਗ੍ਰਾਫੀ ਆਦਿ ਪੇਸ਼ ਕੀਤੀ ਗਈ ਜਿਸ ਵਿੱਚ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਦੇ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਵਿੱਚ ਹਿੱਸਾ ਲਿਆ ਗਿਆ। ਧਾਰਮਿਕ ਸ਼ਬਦ, ਰਾਸ਼ਟਰੀ ਗਾਇਨ ਅਤੇ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ ਗਈ ਜਿਸ ਵਿੱਚ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਅੱਵਲ ਰਹਿਣ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਐੱਮਡੀ ਮੈਡਮ ਸੁਰਿੰਦਰ ਕੌਰ, ਬਲਵਿੰਦਰ ਸਿੰਘ ਹਰੂਵਾਲ, ਪ੍ਰਧਾਨ ਰਾਜੇਸ਼ ਗੁਪਤਾ, ਮਾਸਟਰ ਸੰਦੀਪ ਸਿੰਘ, ਪ੍ਰਿੰਸੀਪਲ ਰਜਨੀ ਬਾਲਾ, ਨਵਜੋਤ ਕੌਰ, ਸੋਨੀਆ, ਅਨੀਸ਼ਾ ਸਿੱਧੂ, ਰਾਚਲ ਸਿੱਧੂ, ਨਵਨੀਤ ਸਿੰਘ, ਸੁਖਦੀਪ ਕੌਰ, ਅਮਨਦੀਪ ਕੌਰ, ਗੀਡਰ ਸਰਬਜੀਤ ਸਿੰਘ, ਗੀਡਰ ਪਰਮਜੀਤ ਸਿੰਘ, ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਜਸਵਿੰਦਰ ਸਿੰਘ, ਸਿਕੰਦਰ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਹੈਰੋਇਨ, ਡਰੱਗ ਮਨੀ ਤੇ ਦੋ ਪਿਸਤੌਲਾਂ ਸਮੇਤ 4 ਕਾਬੂ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰੋਂ ਨਾਰਕੋ-ਆਰਮਜ਼ ਤਸਕਰੀ ਮਾਡਿਊਲ ਦੇ ਚਾਰ ਕਾਰਕੁਨਾਂ ਨੂੰ 1.5 ਕਿਲੋ ਹੈਰੋਇਨ ਤੇ 1.98 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸਕਿੰਦਰ ਸਿੰਘ ਉਰਫ਼ ਸਿਕੰਦਰ, ਹਰਪਾਲ ਸਿੰਘ, ਗੁਰਮੁਖ ਸਿੰਘ ਤੇ ਸੁਖਦੀਪ ਸਿੰਘ ਵਜੋਂ ਹੋਈ ਹੈ। ਇਹ ਸਾਰੇ ਮੁਲਜ਼ਮ ਪਿੰਡ ਰਣੀਆਂ, ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਹੈਰੋਇਨ ਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿਚੋਂ ਦੋ ਆਧੁਨਿਕ ਪਿਸਤੌਲ ਇਕ 9 ਐੱਮ.ਐੱਮ. ਪਿਸਤੌਲ ਅਤੇ ਇਕ .30 ਬੋਰ ਪਿਸਤੌਲ ਸ਼ਾਮਲ ਹੈ, ਸਮੇਤ ਪਾਕਿਸਤਾਨ ਆਰਡੀਨੈਂਸ ਫੈਕਟਰੀ (ਪੀਓਐੱਫ) ਵਿਚ ਬਣੇ 34 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ, ਆਪਣੇ ਵਿਦੇਸ਼ੀ ਹੈਂਡਲਰਾਂ ਦੀ ਮਿਲੀਭੁਗਤ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿਚ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀਆਂ ਜਾ ਰਹੀਆਂ ਗੈਰ-ਕਾਨੂੰਨੀ ਹਥਿਆਰਾਂ ਅਤੇ ਹੈਰੋਇਨ ਦੀਆਂ ਖੇਪਾਂ ਨੂੰ ਪ੍ਰਾਪਤ ਕਰਕੇ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਸਪਲਾਈ ਕਰ ਰਹੇ ਸਨ। ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਚਨਾ 'ਤੇ ਕਾਰਵਾਈ ਕਰਦਿਆਂ ਸੀਪੀ ਅੰਮ੍ਰਿਤਸਰ ਦੀਆਂ ਟੀਮਾਂ ਨੇ ਯੋਜਨਾਬੱਧ ਕਾਰਵਾਈ ਸ਼ੁਰੂ ਕੀਤੀ ਤੇ ਸਰਹੱਦ ਪਾਰੋਂ ਤਸਕਰੀ ਵਿਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਡਰੱਗ ਮਨੀ ਤੇ 34 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਗੁਰਮੁਖ ਸਿੰਘ ਤੇ ਸੁਖਦੀਪ ਸਿੰਘ ਦੇ ਖੁਲਾਸੇ ਦੇ ਅਧਾਰ 'ਤੇ ਪੁਲਸ ਟੀਮਾਂ ਨੇ ਦੋ ਪਿਸਤੌਲ ਬਰਾਮਦ ਕੀਤੇ, ਜਦੋਂ ਕਿ ਜਸਕਿੰਦਰ ਸਿੰਘ ਤੇ ਹਰਪਾਲ ਸਿੰਘ ਦੇ ਖੁਲਾਸੇ 'ਤੇ 1.5 ਕਿਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੇ ਮੁਲਜ਼ਮ ਇਕ-ਦੂਜੇ ਦੇ ਨਜ਼ਦੀਕੀ ਤੇ ਇਕੋ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਹਰਪਾਲ ਸਿੰਘ ਤੇ ਗੁਰਮੁਖ ਸਿੰਘ ਭਰਾ ਹਨ, ਜਸਕਿੰਦਰ ਸਿੰਘ ਉਰਫ਼ ਸਿਕੰਦਰ ਤੇ ਸੁਖਦੀਪ ਸਿੰਘ ਉਨ੍ਹਾਂ ਦੇ ਭਤੀਜੇ ਹਨ। ਉਨ੍ਹਾਂ ਦੱਸਿਆ ਕਿ ਚਾਰੇ ਮੁਲਜ਼ਮਾਂ ਦੀ ਉਮਰ 19 ਤੋਂ 33 ਸਾਲ ਹੈ ਅਤੇ ਉਨ੍ਹਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਇਸ ਸਬੰਧੀ ਮਾਮਲਾ ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿਚ ਦਰਜ ਕੀਤਾ ਗਿਆ ਹੈ।

# ਇੰਜ. ਕੁਲਵਿੰਦਰ ਸਿੰਘ ਬਾਗੜੀਆਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਤ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪਾਵਰਕਾਮ ਦੀ ਸਬ-ਡਵੀਜ਼ਨ ਖਡੂਰ ਸਾਹਿਬ ਵਿਖੇ ਤਾਇਨਾਤ ਐੱਸਡੀਓ ਇੰਜੀ : ਕੁਲਵਿੰਦਰ ਸਿੰਘ ਬਾਗੜੀਆਂ ਨੂੰ ਸ਼ਾਨਦਾਰ ਸੇਵਾਵਾਂ ਬਦਲੇ 77ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਦੀ ਤਰਫ਼ੋਂ ਮਾਣਯੋਗ ਡਿਪਟੀ ਕਮਿਸ਼ਨਰ, ਐੱਸਐੱਸਪੀ ਅਤੇ ਏਡੀਸੀ ਨੇ ਪ੍ਰਸ਼ੰਸਾ ਪੱਤਰ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇੰਜੀ: ਕੁਲਵਿੰਦਰ ਸਿੰਘ ਦੀ ਇਸ ਉਪਲੱਬਧੀ 'ਤੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ 41 ਦੀ ਸੂਬਾ ਕਮੇਟੀ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਇੰਜੀ : ਕੁਲਵਿੰਦਰ ਸਿੰਘ ਨੇ ਹਮੇਸ਼ਾ ਜਿਥੇ ਮਹਿਕਮੇ ਦੇ ਕੰਮ ਨੂੰ ਬਹੁਤ ਹੀ ਲਗਨ ਅਤੇ ਨੇਕਨੀਤੀ ਨਾਲ ਕੀਤਾ ਹੈ, ਉਥੇ ਜਥੇਬੰਦੀ ਦੇ ਕੰਮ ਨੂੰ ਵੀ ਖਿੜੇ ਮੱਥੇ ਨਿਭਾ ਕੇ ਨਾਮਣਾ ਖੱਟਿਆ ਹੈ।ਜਥੇਬੰਦੀ ਇੰਜੀ: ਕੁਲਵਿੰਦਰ ਸਿੰਘ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੀ ਹੈ।

# ਕਿਸਾਨਾਂ, ਮਜ਼ਦੂਰਾਂ, ਬਿਜਲੀ ਕਾਮਿਆਂ ਤੇ ਹੋਰ ਜਥੇਬੰਦੀਆਂ ਵੱਲੋਂ ਟਰੈਕਟਰ ਤੇ ਮੋਟਰਸਾਈਕਲ ਮਾਰਚ

## * 12 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਦਾ ਦਿੱਤਾ ਸੱਦਾ



**ਧਾਰੀਵਾਲ/ਗੁਰਦਾਸਪੁਰ, (ਮਨਦੀਪ ਵਿੱਕੀ, ਜਨਕ ਮਹਾਜਨ)**-26 ਜਨਵਰੀ ਨੂੰ ਜਿੱਥੇ ਦੇਸ਼ ਦੀ ਸਰਕਾਰ ਗਣਤੰਤਰਤਾ ਦੇ ਜਸ਼ਨ ਮਨਾ ਰਹੀ ਸੀ ਉਥੇ ਦੂਜੇ ਪਾਸੇ ਸਾਰੇ ਦੇਸ਼ ਦੇ ਕਿਸਾਨ, ਮਜ਼ਦੂਰ, ਬਿਜਲੀ ਕਾਮੇ ਥਾਂ ਥਾਂ ਆਪਣੀਆਂ ਮੰਗਾਂ ਲਈ ਸਰਕਾਰਾਂ ਵਿਰੁੱਧ ਟਰੈਕਟਰਾਂ ਤੇ ਮੋਟਰਸਾਈਕਲਾਂ ਦਾ ਮਾਰਚ ਕਰਕੇ ਸਰਕਾਰ ਨੂੰ ਆਪਣੇ ਦੁਖੜੇ ਸੁਣਾ ਰਹੇ ਸਨ। ਇਸੇ ਲੜੀ ਤਹਿਤ ਤਹਿਸੀਲ ਗੁਰਦਾਸਪੁਰ ਨਾਲ ਸੰਬੰਧਿਤ ਸੰਯੁਕਤ ਕਿਸਾਨ ਮੋਰਚੇ, ਬਿਜਲੀ ਕਾਮਿਆਂ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਤੇ ਬੀਜ ਬਿੱਲ ਤੇ ਚਾਰ ਲੇਬਰ ਕੋਡ ਰੱਦ ਕਰਾਉਣ ਅਤੇ ਮਨਰੇਗਾ ਦੀ ਬਹਾਲੀ ਲਈ ਗੁਰਦਾਸਪੁਰ ਸ਼ਹਿਰ ਅਤੇ ਆਸ ਪਾਸ ਇੱਕ ਵਿਸ਼ਾਲ ਟਰੈਕਟਰ ਤੇ ਮੋਟਰਸਾਈਕਲਾਂ ਦਾ ਝੰਡਾ ਮਾਰਚ ਕੀਤਾ ਗਿਆ। ਇਸ ਮਾਰਚ ਦੀ ਅਗਵਾਈ ਸਾਂਝੇ ਤੌਰ 'ਤੇ ਰਘਬੀਰ ਸਿੰਘ ਚਾਹਲ, ਕੁਲਵਿੰਦਰ ਸਿੰਘ ਤਿੱਬੜ, ਬਲਬੀਰ ਸਿੰਘ ਉਚਾਧਕਾਲਾ, ਗੁਰਵਿੰਦਰ ਸਿੰਘ ਜੀਵਨ ਚੱਕ, ਮੰਗਤ ਸਿੰਘ ਜੀਵਨ ਚੱਕ, ਤਰਲੋਕ ਸਿੰਘ ਬਹਿਰਾਮਪੁਰ, ਸਤਬੀਰ ਸਿੰਘ ਸੁਲਤਾਨੀ, ਬਲਬੀਰ ਸਿੰਘ ਬੈਂਸ, ਰਣਜੀਤ ਸਿੰਘ ਰਾਣਾ, ਬਲਪ੍ਰੀਤ ਸਿੰਘ ਪ੍ਰਿੰਸ, ਬਰਿੰਦਰ ਸਿੰਘ ਲਾਡੀ ਘਰਾਲਾ, ਧਿਆਨ ਸਿੰਘ ਠਾਕੁਰ, ਐੱਸ. ਪੀ. ਸਿੰਘ ਗੋਸਲ, ਸਾਹਿਬ ਸਿੰਘ ਚੱਕ ਆਰਾਈਆਂ, ਅਮਨਦੀਪ ਚੱਕਆਰਾਈਆਂ, ਸੰਜੀਵ ਸੈਣੀ, ਸੰਜੀਵ ਸ਼ਰਮਾ ਝਬਕਰਾ, ਬਲਵਿੰਦਰ ਸਿੰਘ ਉਦੀਪੁਰ, ਜੋਗਿੰਦਰ ਸਿੰਘ ਘਰਾਲਾ, ਜੋਗਿੰਦਰ ਸਿੰਘ ਪਨਿਆੜ, ਵਿਜੇ ਸੋਹਲ, ਸੰਜੀਵ ਮਿੰਟੂ, ਦਿਲਬਾਗ ਸਿੰਘ ਰਤੋਵਾਲ ਆਦਿ ਵੱਖ-ਵੱਖ ਜਥੇਬੰਦੀਆਂ ਵੱਲੋਂ ਕੀਤੀ ਗਈ। ਜੇਲ੍ਹ ਰੋਡ ਪੁੱਡਾ ਗਰਾਊਂਡ ਵਿਖੇ ਇਕੱਤਰ ਹੋ ਕੇ ਵਿਸ਼ਾਲ ਟਰੈਕਟਰਾਂ ਅਤੇ ਮੋਟਰਸਾਈਕਲਾਂ ਦਾ ਇਕ ਵੱਡਾ ਕਾਫਲਾ ਡਾਕਖਾਨਾ ਚੌਕ ਜਹਾਜ਼ ਚੌਕ ਹਨੂੰਮਾਨ ਚੌਕ ਪ੍ਰਾਣੀ ਦਾਣਾ ਮੰਡੀ ਤੇ ਤਿਬੜੀ ਚੌਕ ਐੱਸਡੀ ਕਾਲਜ ਕਾਹਨੂੰ ਚੌਕ ਤੇ ਹੋਰ ਸਭ ਚੌਕਾਂ ਵਿੱਚ ਲੋਕਾਂ ਨੂੰ ਮੰਗਾਂ ਪ੍ਰਤੀ ਸੁਚੇਤ ਕਰਦਾ ਹੋਇਆ ਅਤੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦਾ ਸੁਨੇਹਾ ਦੇ ਕੇ ਮੁੜ ਡਾਕਖਾਨਾ ਚੌਕ ਵਿੱਚ ਸਮਾਪਤ ਹੋਇਆ। ਆਗੂਆਂ ਨੇ ਸਰਕਾਰ ਦੀਆਂ ਕਾਰਪੋਰੇਟ ਪੱਖੀ ਤੇ ਲੋਕ ਵਿਰੋਧੀ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ ਅਤੇ ਆਖਿਆ ਕਿ ਨਿੱਜੀਕਰਨ, ਬੇਰੁਜ਼ਗਾਰੀ, ਮਹਿੰਗਾਈ ਤੇ ਗਰੀਬੀ ਅਮੀਰੀ ਦੇ ਵਧ ਰਹੇ ਪਾੜੇ ਨੇ ਲੋਕਾਂ ਦੇ ਜੀਵਨ ਨੂੰ ਨਰਕ ਬਣਾ ਦਿੱਤਾ ਹੈ। ਟਰੈਕਟਰ ਮਾਰਚ ਨਾਲ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਉਸ ਨੇ ਜੇ ਮੰਗਾਂ ਦੀ ਪੂਰਤੀ ਨਾ ਕੀਤੀ ਬਿਜਲੀ ਸੋਧ ਬਿੱਲ ਵਾਪਸ ਨਾ ਲਿਆ , ਮਨਰੇਗਾ ਬਹਾਲ ਨਾ ਕੀਤਾ ਤਾਂ 12 ਫਰਵਰੀ ਨੂੰ ਬਹੁਤ ਵੱਡੀ ਦੇਸ਼ ਵਿਆਪੀ ਹੜਤਾਲ ਹੋਵੇਗੀ।

28 Jan Page 12.qxd 1/27/2026 10:41 PM Page 1



# ਚੰਡੀਗੜ੍ਹ ਸਾਡਾ ਹੈ ਤੇ ਸਾਡਾ ਹੀ ਰਹੇਗਾ : ਮੁੱਖ ਮੰਤਰੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**- ਗਣਤੰਤਰ ਦਿਵਸ 'ਤੇ ਹੁਸ਼ਿਆਰਪੁਰ ਵਿੱਚ ਕੌਮੀ ਤਿਰੰਗਾ ਲਹਿਰਾਉਣ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਸੰਵਿਧਾਨਕ ਅਧਿਕਾਰਾਂ ਦੀ ਜ਼ੋਰਦਾਰ ਢੰਗ ਨਾਲ ਪੁਸ਼ਟੀ ਕਰਦਿਆਂ ਆਪਣੀ ਸਰਕਾਰ

**● ਹੁਸ਼ਿਆਰਪੁਰ ਵਿਖੇ ਲਹਿਰਾਇਆ ਝੰਡਾ**

ਦੇ ਸ਼ਾਸਨ ਰਿਕਾਰਡ ਦਾ ਵਿਸਥਾਰਪੂਰਵਕ ਵੇਰਵਾ ਦਿੱਤਾ। ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬ ਦੀਆਂ ਬੇਮਿਸਾਲ ਕੁਰਬਾਨੀਆਂ ਅਤੇ ਦੇਸ਼ ਦੇ ਅੰਨਦਾਤਾ ਤੇ ਖੜਗਭੁਜਾ ਵਜੋਂ ਇਸ ਦੀ ਨਿਰੰਤਰ ਭੂਮਿਕਾ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੂਬੇ ਨੂੰ ਇਸ ਦੀ ਰਾਜਧਾਨੀ ਅਤੇ ਵੱਖਰੀ ਹਾਈ ਕੋਰਟ ਤੋਂ ਗ਼ੈਰਕਾਨੂੰਨੀ ਤਰੀਕੇ ਨਾਲ ਵਾਂਝਾ ਰੱਖਿਆ ਗਿਆ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਇਸ ਦੇ ਪਾਣੀ ਦੇ ਅਧਿਕਾਰਾਂ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਆਪਣੇ ਹਿੱਤਾਂ ਦੀ ਰਾਖੀ ਲਈ ਕਾਨੂੰਨੀ ਅਤੇ ਸੰਵਿਧਾਨਕ ਚਾਰਾਜੋਈ ਕਰਦਾ



ਰਹੇਗਾ। ਸ਼ਾਸਨ ਨੂੰ ਵਿਰਾਸਤ ਅਤੇ ਵਿਸ਼ਵਾਸ ਨਾਲ ਜੋੜਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਇਤਿਹਾਸਕ ਯਾਦਗਾਰ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਇਸ ਸਾਲ 1 ਤੋਂ 20 ਫਰਵਰੀ, 2027 ਤੱਕ ਰਾਜ ਪੱਧਰੀ ਪ੍ਰੋਗਰਾਮਾਂ ਰਾਹੀਂ ਮਨਾਇਆ ਜਾਵੇਗਾ। ਮੁੱਖ ਮੰਤਰੀ ਨੇ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਗੈਂਗਸਟਰਾਂ ਤੇ ਵਾਰ' ਤਹਿਤ ਨਸ਼ਿਆਂ, ਗੈਂਗਸਟਰਾਂ ਅਤੇ ਨਾਰਕੋ-ਡਰੋਨਾਂ ਵਿਰੁੱਧ ਫੈਸਲਾਕੁੰਨ ਕਾਰਵਾਈ, 10 ਲੱਖ ਰੁਪਏ ਤੱਕ ਦੀ ਸਰਵਵਿਆਪੀ ਸਿਹਤ ਸੰਭਾਲ ਯੋਜਨਾ, ਰਿਸ਼ਵਤ ਤੋਂ ਬਿਨਾਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਅਤੇ ਸੜਕ ਸੁਰੱਖਿਆ ਫੋਰਸ ਰਾਹੀਂ ਸੜਕ ਹਾਦਸਿਆਂ ਵਿੱਚ ਮੌਤਾਂ ਵਿੱਚ ਤੇਜ਼ੀ ਨਾਲ ਕਮੀ ਆਉਣ ਦਾ ਜਿਕਰ ਕੀਤਾ। ਉਨ੍ਹਾਂ ਨੇ ਮਨਰੇਗਾ ਵਿੱਚ ਅਨੁਸੂਚਿਤ ਜਾਤੀ ਅਤੇ ਬੇਜ਼ਮੀਨੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਬਦਲਾਵਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ, 1.5 ਲੱਖ ਕਰੋੜ ਰੁਪਏ ਦੇ ਰਿਕਾਰਡ ਨਿਵੇਸ਼ ਦਾ ਹਵਾਲਾ ਦਿੱਤਾ, ਜਿਸ ਨਾਲ 5.2 ਲੱਖ ਨੌਕਰੀਆਂ ਪੈਦਾ ਹੋਈਆਂ ਅਤੇ 13 ਤੋਂ 15 ਮਾਰਚ ਤੱਕ ਪੰਜਾਬ ਨਿਵੇਸ਼ ਸੰਮੇਲਨ ਦਾ ਐਲਾਨ ਕੀਤਾ।

## ਕੈਬਨਿਟ ਮੰਤਰੀ ਵੱਲੋਂ ਗਣਤੰਤਰ ਦਿਵਸ ਮੌਕੇ 10 ਸ਼ਹੀਦਾਂ ਦੇ ਪਰਵਾਰਾਂ ਦਾ ਸਨਮਾਨ

**ਜਲੰਧਰ, (ਸੁਰਿੰਦਰ ਕੁਮਾਰ)**- 77ਵੇਂ ਗਣਤੰਤਰ ਦਿਵਸ ਮੌਕੇ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਜਲ ਸਰੋਤ ਅਤੇ



ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵਲੋਂ ਭਾਰਤ-ਚੀਨ, ਭਾਰਤ-ਪਾਕਿਸਤਾਨ ਜੰਗਾਂ ਅਤੇ ਹੋਰ ਵੱਖ-ਵੱਖ ਉਪਰੇਸ਼ਨਾਂ ਦੌਰਾਨ ਜ਼ਿਲ੍ਹੇ ਦੇ ਸ਼ਹੀਦ ਹੋਏ 10 ਸੈਨਿਕਾਂ ਦੇ 10 ਪਰਵਾਰਾਂ ਦਾ ਸਨਮਾਨ ਕੀਤਾ ਗਿਆ। ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵਲੋਂ ਭਾਰਤ-ਚੀਨ ਜੰਗ ਵਿੱਚ ਸ਼ਹੀਦ ਹੋਏ ਸਿਪਾਹੀ ਪ੍ਰਕਾਸ਼ ਸਿੰਘ ਪਿੰਡ ਖੁੱਡਿਆਲ ਦੀ ਧਰਮ ਪਤਨੀ ਪਿਆਰ ਕੌਰ, ਸਿਪਾਹੀ ਕੇਵਲ ਸਿੰਘ ਪਿੰਡ ਖੁਸਰੋਪੁਰ ਦੀ ਧਰਮ ਪਤਨੀ ਸੁਰਜੀਤ ਕੌਰ, ਨਾਇਬ ਸੂਬੇਦਾਰ ਮੋਹਨ ਸਿੰਘ ਪਿੰਡ ਸੰਗਰਾਂਵਾਲੀ ਦੇ ਲੜਕੇ ਜਸਵਿੰਦਰ ਸਿੰਘ ਤੇ ਭਾਰਤ-ਪਾਕਿ ਜੰਗ ਵਿੱਚ ਸ਼ਹੀਦ ਹੋਏ ਸੀ.ਐਫ.ਐਨ. ਸਵਰਨ ਚੰਦ ਪਿੰਡ ਜੰਡੂ ਸਿੰਘਾ ਦੀ ਧਰਮ ਪਤਨੀ ਮਹਿੰਦਰ ਕੌਰ, ਸਿਪਾਹੀ ਗੁਰਮੀਤ ਸਿੰਘ ਪਿੰਡ ਕੰਡੋਲਾ ਦੀ ਧਰਮ ਪਤਨੀ ਸਵਰਨ ਕੌਰ, ਸਿਪਾਹੀ ਮੰਗਲ ਸਿੰਘ, ਰਾਮਾ ਮੰਡੀ ਦੀ ਧਰਮ ਪਤਨੀ ਸਤਿਆ ਦਾ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਕੈਬਨਿਟ ਮੰਤਰੀ ਵਲੋਂ ਮਾਈਨ ਬਲਾਸਟ ਵਿੱਚ ਸ਼ਹੀਦ ਹੋਏ ਸਿਪਾਹੀ ਮੋਹਨ ਸਿੰਘ ਪਿੰਡ ਕੰਗ ਸਾਬੂ ਦੀ ਧਰਮ ਪਤਨੀ ਹਰਬੰਸ ਕੌਰ, ਉਪਰੇਸ਼ਨ ਪਵਨ ਵਿੱਚ ਸ਼ਹੀਦ ਹੋਏ ਸਿਪਾਹੀ ਗੁਰਬਖਸ਼ ਸਿੰਘ ਪਿੰਡ ਕੰਗਣੀਵਾਲ ਦੀ ਧਰਮ ਪਤਨੀ ਗੁਰਦੀਪ ਕੌਰ, ਉਪਰੇਸ਼ਨ ਮੇਘਦੂਤ ਵਿੱਚ ਸ਼ਹੀਦ ਹੋਏ ਰਾਈਫ਼ਲ ਮੈਨ ਬਲਬੀਰ ਸਿੰਘ ਪਿੰਡ ਗਿੱਲ ਦੀ ਪਰਵਾਰਕ ਮੈਂਬਰ ਅਵਤਾਰ ਕੌਰ ਤੇ ਉਪਰੇਸ਼ਨ ਰਕਸ਼ਕ ਵਿੱਚ ਸ਼ਹੀਦ ਹੋਏ ਨਾਇਬ ਸੂਬੇਦਾਰ ਤਰਸੇਮ ਸਿੰਘ ਪਿੰਡ ਡਰੋਲੀ ਕਲਾਂ ਦੀ ਧਰਮ ਪਤਨੀ ਕਮਲੇਸ਼ ਕੌਰ ਦਾ ਸਨਮਾਨ ਕੀਤਾ ਗਿਆ।

## ਜਸਵੀਰ ਸ਼ੀਰਾ ਸ਼ਿਵ ਸੈਨਾ ਅਖੰਡ ਭਾਰਤ ਗੁਰਾਇਆ ਦਾ ਦਿਹਾਤੀ ਪ੍ਰਧਾਨ ਨਿਯੁਕਤ



**ਫਗਵਾੜਾ (ਜਸਵਿੰਦਰ ਢੱਡਾ)**- ਸ਼ਿਵ ਸੈਨਾ ਅਖੰਡ ਭਾਰਤ ਦੀ ਇੱਕ ਵਿਸ਼ੇਸ਼ ਮੀਟਿੰਗ ਰਾਸ਼ਟਰੀ ਉਪ ਪ੍ਰਧਾਨ ਹਰਜਿੰਦਰ ਬਿੱਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਰਾਸ਼ਟਰੀ ਪ੍ਰਧਾਨ ਅਜੇ ਮਹਿਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਬੈਠਕ ਵਿੱਚ ਜਸਵੀਰ ਸ਼ੀਰਾ ਨੂੰ ਗੁਰਾਇਆ ਦਾ ਦਿਹਾਤੀ ਪ੍ਰਧਾਨ ਨਿਯੁਕਤ ਕੀਤਾ ਗਿਆ। ਆਪਣੀ ਨਿਯੁਕਤੀ 'ਤੇ ਜਸਵੀਰ ਸ਼ੀਰਾ ਨੇ ਪ੍ਰਧਾਨ ਅਜੇ ਮਹਿਤਾ ਅਤੇ ਉਪ ਪ੍ਰਧਾਨ ਹਰਜਿੰਦਰ ਬਿੱਲਾ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਰਾਸ਼ਟਰੀ ਪ੍ਰਧਾਨ ਅਜੇ ਮਹਿਤਾ ਨੇ ਜਸਵੀਰ ਸ਼ੀਰਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਟੀਮ ਬਣਾਉਣ ਦਾ ਅਧਿਕਾਰ ਦਿੱਤਾ। ਮੌਜੂਦ ਸ਼ਿਵ ਸੈਨਿਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸਾਨੂੰ ਸਾਰਿਆਂ ਨੂੰ ਪੰਜਾਬ ਦੀ ਏਕਤਾ ਅਤੇ ਅਖੰਡਤਾ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਦੇਸ਼ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕਰਨ ਵਾਲੀਆਂ ਤਾਕਤਾਂ ਵਿਰੁੱਧ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਕਪਿਲ ਵਰਮਾ, ਦਰਸ਼ਨ ਸੇਠੀ, ਅਰੁਣ ਵਰਮਾ, ਸਤਪਾਲ ਰੱਲ੍ਹ, ਗੁਰਦੀਪ ਬਿੱਟੂ, ਅਮਰਜੀਤ ਕੋਟਰਾਣੀ, ਰਾਜੇਸ਼ ਵਰਮਾ, ਸੁਰਜੀਤ, ਅਰੁਣ ਅਰੋੜਾ, ਸੋਨੂੰ ਸਾਂਪਲਾ, ਲਾਡੀ, ਪਰਮਜੀਤ ਕੁਮਾਰ ਅਤੇ ਨਿਰਮਲ ਪਿੰਦਾ ਆਦਿ ਵੀ ਮੌਜੂਦ ਸਨ।

## ਤੇਲ ਤੇ ਸ਼ਰਾਬ ਨੂੰ ਜੀ ਐੱਸ ਟੀ ਦੇ ਘੇਰੇ ਅੰਦਰ ਲਿਆਉਣਾ ਸਮੇਂ ਦੀ ਅਹਿਮ ਮੰਗ : ਧੀਮਾਨ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ,ਜਸਵਿੰਦਰ ਕੁਮਾਰ ਅਤੇ ਸੋਨੂ ਮਹਿਤਪੁਰ ਨੇ ਕੇਂਦਰ ਸਰਕਾਰ ਅਤੇ ਪ੍ਰਦੇਸ਼ ਸਰਕਾਰਾਂ ਵਲੋਂ ਸਾਂਝੇ ਤੌਰ 'ਤੇ ਸ਼ਰਾਬ,ਪੈਟਰੋਲ,ਡੀਜ਼ਲ ਅਤੇ ਸੀ ਐਨ ਜੀ ਨੂੰ ਜੀ ਐਸ ਟੀ ਦੇ ਘੇਰੇ 'ਚ ਨਾ ਲਿਆਉਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਹਰ ਖ਼ਰੀਦ ਕੀਤੀ ਵਸਤੂ ਦਾ ਬਿੱਲ ਲੈਣਾ ਜ਼ਰੂਰੀ ਹੁੰਦਾ ਹੈ। ਧੀਮਾਨ ਨੇ ਦਸਿਆ ਕਿ ਪੰਜਾਬ, ਹਰਿਆਣਾ, ਹਿਮਾਚਲ ਅਤੇ ਯੂ ਟੀ ਚੰਡੀਗੜ੍ਹ ਵਿਚ ਇਨਾਂ ਪਦਾਰਥਾਂ ਦੀਆਂ ਅਲੱਗ ਅਲੱਗ ਕੀਮਤਾਂ ਹੋਣ ਕਰਕੇ ਬਲੈਕ ਮਾਰਕੀਟਿੰਗ ਦਾ ਧੰਦਾ ਜ਼ੋਰ ਉਤੇ ਚਲਦਾ ਹੈ। ਧੀਮਾਨ ਨੇ ਕਿਹਾ ਕਿ



ਕਿੰਨੀ ਹੈਰਾਨੀ ਦੀ ਗੱਲ ਹੈ ਕਿ ਚੰਡੀਗੜ੍ਹ ਪ੍ਰਸ਼ਾਸ਼ਨ ਡੀਜ਼ਲ ਦੀ ਵੱਧ ਖਪਤ ਦੇ ਦਾਅਵੇ ਕਰ ਰਿਹਾ ਹੈ, ਪਰ ਅਸਲ ਵਿਚ ਕਾਰਨ ਬਲੈਕ ਮਾਰਕੀਟਿੰਗ ਹੈ। ਉਨ੍ਹਾਂ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਘਰੇਲੂ ਗੈਸ ਵੀ ਇਕ ਤਰ੍ਹਾਂ ਦਾ ਪੈਟਰੋਲੀਅਮ ਪਦਾਰਥ ਹੈ ,ਉਸ ਉਤੇ 5% ਜੀ ਐਸ ਟੀ ਹੈ ਤੇ ਫਿਰ ਬਾਕੀ ਦੇ ਪੈਟਰੋਲੀਅਮ ਪਦਾਰਥ ਪੈਟਰੋਲ ਅਤੇ ਡੀਜ਼ਲ ਉਤੇ ਕਿਉਂ ਨਹੀਂ ਅਤੇ ਨਾ ਹੀ ਸ਼ਰਾਬ ਉਤੇ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਪਦਾਰਥਾਂ ਦੀਆਂ ਕੀਮਤਾਂ ਵੀ ਜੀ ਐਸ ਟੀ ਦੇ ਘੇਰੇ ਵਿਚ ਲਿਆਂਦੀਆਂ ਜਾਣ।

## ਡਾ. ਬਲਬੀਰ ਸਿੰਘ ਨੇ ਭਗਤ ਸਿੰਘ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਕੀਤੇ ਭੇਟ

**ਬੰਗਾ (ਅਵਤਾਰ ਕਲੇਰ)**- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ 77ਵੇਂ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਰੋਹ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਸ.



ਕਿਸ਼ਨ ਸਿੰਘ ਦੀਆਂ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬਣੀਆਂ ਯਾਦਗਾਰਾਂ ਵਿਖੇ ਨਤਮਸਤਕ ਹੋਏ। ਡਾ. ਬਲਬੀਰ ਸਿੰਘ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀਆਂ ਸਦਕਾ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸਾਨੂੰ ਇਕਜੁੱਟ ਹੋ ਕੇ ਦੇਸ਼ ਦੀ ਤਰੱਕੀ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਸ਼ਹੀਦਾਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ 77ਵੇਂ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ. ਬੀ.ਆਰ ਅੰਬੇਡਕਰ ਵੱਲੋਂ ਸਾਨੂੰ ਇੱਕ ਵਿਲੱਖਣ ਸੰਵਿਧਾਨ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਅਸੀਂ ਫੌਜ, ਹਥਿਆਰਬੰਦ ਬਲ, ਪੁਲਿਸ ਦੇ ਜਵਾਨਾਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਦੇ ਹਾਂ। ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ, ਵਿਧਾਇਕ ਹਲਕਾ ਬੰਗਾ ਸੁਖਵਿੰਦਰ ਸੁੱਖੀ, ਵਾਈਸ ਚੇਅਰਮੈਨ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕੁਲਜੀਤ ਸਰਹਾਲ, ਚੇਅਰਮੈਨ ਮਾਰਕਿਟ ਕਮੇਟੀ ਬੰਗਾ ਬਲਬੀਰ ਕਰਨਾਣਾ, ਐਸ.ਡੀ.ਐਮ ਵਿਪਨ ਭੰਡਾਰੀ ਆਦਿ ਹਾਜ਼ਰ ਸਨ।

## ਕਾਲਾ ਸੰਘਿਆਂ 'ਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਟਰੈਕਟਰ ਮਾਰਚ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਗਣਤੰਤਰ ਦਿਵਸ ਮੌਕੇ ਸੋਮਵਾਰ ਨੂੰ ਜ਼ਿਲ੍ਹਾ





ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਵਿਖੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਤੇ ਇਲਾਕਾ ਕਮੇਟੀ ਕਾਲਾ ਸੰਘਿਆਂ ਦੇ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਦੀ ਅਗਵਾਈ ਹੇਠ ਟਰੈਕਟਰ ਮਾਰਚ ਕੱਢਿਆ ਗਿਆ। ਇਸ ਮੌਕੇ ਯੂਨੀਅਨ ਦੇ ਆਗੂਆਂ ਵੱਲੋਂ ਸੈਂਟਰ ਸਰਕਾਰ ਤੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਵਿੰਦਰ ਸਿੰਘ ਬਾਜਵਾ ਤੇ ਪਲਵਿੰਦਰ ਸਿੰਘ ਸੰਘਾ ਨੇ ਕਿਹਾ ਕਿ ਸੈਂਟਰ ਤੇ ਪੰਜਾਬ ਸਰਕਾਰ ਕਿਸਾਨਾਂ ਤੇ ਗਰੀਬਾਂ 'ਤੇ ਤਾਨਾਸ਼ਾਹੀ ਨੀਤੀਆਂ ਨੂੰ ਲਾਗੂ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਦਾ ਉਜਾੜਾ ਕਰਨ 'ਤੇ ਤੁਲੀ ਹੋਈ ਹੈ ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸਰਬਨ ਸਿੰਘ ਸੰਘਾ, ਬਲਜਿੰਦਰ ਸਿੰਘ ਸੰਘਾ, ਪਰਗਨ ਸਿੰਘ ਸੰਘਾ , ਕੁਲਵਿੰਦਰ ਸਿੰਘ, ਲਖਵੀਰ ਸਿੰਘ ਲਾਖਾ, ਪਰਮਜੀਤ ਸਿੰਘ ਪੰਮੀ ਸੰਘਾ , ਇੰਦਰਪਾਲ ਸਿੰਘ ਸੰਘਾ, ਰਾਜਿੰਦਰ ਸਿੰਘ, ਕਸ਼ਮੀਰ ਸਿੰਘ ਸੋਢੀ ਤੋਂ ਇਲਾਵਾ ਇਲਾਕੇ ਦੇ ਕਿਸਾਨ ਆਗੂ ਹਾਜ਼ਰ ਸਨ।



ਟਰੈਕਟਰ ਮਾਰਚ ਦੀ ਅਗਵਾਈ ਕਰਨ ਸਮੇਂ ਸੁਰਤ ਸਿੰਘ ਧਰਮਕੋਟ ਨਾਲ ਹਨ ਹਰਦਿਆਲ ਸਿੰਘ ਘਾਲੀ, ਗੁਰਮੇਲ ਰੰਡੀਵਾਲ, ਗਗਨਜੀਤ ਮੰਨੇਜ਼ਾਜ਼, ਪ੍ਰੇਮ ਸਿੰਘ, ਅਮਰਜੀਤ ਸ਼ੇਰਪੁਰੀ, ਕਸ਼ਮੀਰ ਸਿੰਘ, ਜਸਪਾਲ ਸਿੰਘ ਬੱਬੀ ਕੁੱਕੂ ਮੈਂਬਰ ਪੰਚਾਇਤ ਜਲਾਲਾਬਾਦ ਹਰਪ੍ਰੀਤ ਕੰਨੀਆ, ਆਤਮਾ ਸਿੰਘ ਲੋਹੀਆਂ, ਜਿੰਦ ਕੱਕ, ਲਾਲ ਸਿੰਘ ਖਹਿਰਾ, ਰਣਜੀਤ ਸਿੱਧੂ, ਜੋਗਿੰਦਰ ਸਿੰਘ ਬਾਬਾ ਸਾਹਿਬ ਗਿੱਲ, ਨਿਸ਼ਾਨ ਸਿੰਘ, ਦਰਸ਼ਨ ਸਿੰਘ ਕੰਧਵਾਲਾ, ਜੀਤ ਸਿੰਘ ਚਾਹਲ ਆਦਿ ਕਿਸਾਨ ਸਮੇਤ ਟਰੈਕਟਰ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਮਾਰਚ ਵਿੱਚ ਬੀ ਕੇ ਯੂ ਰਾਜੇਵਾਲ ਦੇ ਪ੍ਰਧਾਨ ਸੁਖਵਿੰਦਰ ਸਿੰਘ, ਤੋਤੇਵਾਲ ਦੇ ਪ੍ਰਧਾਨ ਸੁੱਖ ਗਿੱਲ ਸਮੇਤ ਸਾਥੀਆਂ ਸਮੇਤ ਟਰੈਕਟਰਾਂ ਦੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

## ਡਿਪਟੀ ਕਮਿਸ਼ਨਰ ਨੇ ਕਪੂਰਥਲਾ 'ਚ ਲਹਿਰਾਇਆ ਤਿਰੰਗਾ

**ਕਪੂਰਥਲਾ, (ਮਨਜੀਤ ਮਾਨ , ਪ੍ਰੀਤ ਸੰਗੋਜਲਾ)**- ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਨੇ ਗਣਤੰਤਰ ਦਿਵਸ ਮੌਕੇ ਨਰੋਏ ਸਮਾਜ ਦੀ ਸਿਰਜਣਾ ਲਈ ਸਭ ਨੂੰ



ਸਮਰਪਿਤ ਭਾਵਨਾ ਨਾਲ ਕੰਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਕੌਮੀ ਤਿਉਹਾਰ ਮੌਕੇ ਇਹੀ ਸਾਡੇ ਸ਼ਹੀਦਾਂ ਨੂੰ ਸੱਚੀ ਸਰਧਾਂਜਲੀ ਹੋਵੇਗੀ । ਗਣਤੰਤਰ ਦਿਵਸ ਮੌਕੇ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਮੌਕੇ ਤਿਰੰਗਾ ਲਹਿਰਾਉਣ ਮਗਰੋਂ ਸੰਬੋਧਨ ਕਰਦਿਆਂ ਸ੍ਰੀ ਪੰਚਾਲ ਨੇ ਗਣਤੰਤਰ ਦਿਵਸ ਮੌਕੇ ਜਿੱਥੇ ਭਾਰਤ ਰਤਨ ਡਾ ਬੀ ਆਰ ਅੰਬੇਦਕਰ ਦੀ ਅਗਵਾਈ ਨੂੰ ਯਾਦ ਕੀਤਾ ਉੱਥੇ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਤੇ ਦੇਸ਼ ਦੇ ਵਿਕਾਸ ਵਿੱਚ ਪੰਜਾਬੀਆਂ ਦੇ ਯੋਗਦਾਨ ਨੂੰ ਸਿਜਦਾ ਕੀਤਾ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਦਿਹਾੜੇ ਸੰਬੰਧੀ ਪ੍ਰਭਾਤ ਫੇਰੀਆਂ

**ਨੂਰਪੁਰਬੇਦੀ (ਸੁਰਜੀਤ ਕਾਹਲੋਂ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਲਾਲਪੁਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਪ੍ਰਭਾਤ ਫੇਰੀਆਂ ਦਾ ਸਿਲਸਿਲਾ



ਜਾਰੀ ਹੈ। ਇਨ੍ਹਾਂ ਪ੍ਰਭਾਤ ਫੇਰੀਆਂ ਦੌਰਾਨ ਪਿੰਡ ਵਾਸੀਆਂ ਵੱਲੋਂ ਵੱਡੀ ਗਿਣਤੀ 'ਚ ਭਾਗ ਲਿਆ ਜਾ ਰਿਹਾ ਹੈ। ਪ੍ਰਭਾਤ ਫੇਰੀਆਂ ਦੌਰਾਨ ਸੰਗਤ ਵੱਲੋਂ ਥਾਂ-ਥਾਂ 'ਤੇ ਸ਼ਬਦ ਕੀਰਤਨ ਕੀਤਾ ਗਿਆ ਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ 'ਤੇ ਚਾਨਣ ਪਾਇਆ ਗਿਆ। ਪਿੰਡ ਵਾਸੀਆਂ ਨੇ ਆਪਸੀ ਭਾਈਚਾਰੇ ਤੇ ਸਮਾਜਿਕ ਏਕਤਾ ਦਾ ਸੁਨੇਹਾ ਦਿੰਦਿਆਂ ਸਮੂਹ ਮਨੁੱਖਤਾ ਦੀ ਭਲਾਈ ਲਈ ਅਰਦਾਸ ਵੀ ਕੀਤੀ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਸਮਾਨਤਾ, ਸੱਚਾਈ ਅਤੇ ਭਰਾਤਰੀ ਭਾਵ ਦਾ ਪ੍ਰਤੀਕ ਹੈ, ਜਿਸ ਕਰਕੇ ਸਾਨੂੰ ਸਭ ਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਆਪਸੀ ਪ੍ਰੇਮ ਅਤੇ ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ, ਖਜ਼ਾਨਚੀ ਰਾਮ ਸ਼ਰਨ ਦਾਸ, ਸੰਯੁਕਤ ਸਕੱਤਰ ਨਿਰਮਲ ਚੰਦਰ ਨੀਟਾ ਸਮੇਤ ਕਮੇਟੀ ਮੈਂਬਰ ਭਾਗ ਚੰਦ, ਇੰਦਰਜੀਤ ਸਿੰਘ, ਚੂਹੜ ਸਿੰਘ, ਧਰਮਪਾਲ ਸਿੰਘ, ਸੋਮਨਾਥ, ਸ਼ਿਵਨਾਥ, ਜੱਸੀ, ਮਨੀ ਕੁਮਾਰ, ਬਲਵੀਰ ਸਿੰਘ, ਮਦਨ ਲਾਲ, ਗੇਲੀ ਆਰਟਸ, ਰਾਮ ਕੁਮਾਰ, ਜਸਵੰਤ ਸਿੰਘ, ਸਰਬੰਸ ਲਾਲ, ਭਜਨ ਸਿੰਘ, ਕਰਨੈਲ ਸਿੰਘ, ਗੁਰਚਰਨ ਸਿੰਘ, ਬਿੰਦਰ ਕੁਮਾਰ ਤੇ ਗੁਰਪ੍ਰੀਤ ਸਿੰਘ ਸਹਿਤ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਮੈਡੀਕਲ ਕੈਂਪ

**ਦਸੂਹਾ (ਕਰਨੈਲ ਮਾਂਗਟ)**- ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਵੈਲਫੇਅਰ ਸੁਸਾਇਟੀ ਮਨਸੂਰਪੁਰ ਵੱਲੋਂ ਫਰੀ ਮੈਡੀਕਲ ਕੈਂਪ ਗੁਰਦੁਆਰਾ ਲਹਿੰਦੀ ਪੱਤੀ ਮਨਸੂਰਪੁਰ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ



ਲਗਾਇਆ ਗਿਆ। ਇਸ ਮੌਕੇ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਉਪਰੰਤ ਕੀਰਤਨੀ ਜੱਥੇ ਵੱਲੋਂ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਇਤਿਹਾਸ ਨਾਲ ਜੋੜਿਆ ਗਿਆ। ਇਸ ਮੌਕੇ ਭਾਈ ਕੁਲਦੀਪ ਸਿੰਘ ਕਥਾਵਾਚਕ, ਢਾਡੀ ਜੱਥਾ ਗਿਆਨੀ ਸਤਨਾਮ ਸਿੰਘ ਲਾਲੂ ਘੁੰਮਣ ਵੱਲੋਂ ਵੀ ਆਪਣੀ ਹਾਜ਼ਰੀ ਲਗਾਈ ਗਈ। ਇਸ ਮੌਕੇ ਹੱਡੀਆਂ ਦੇ ਮਾਹਰ ਡਾ. ਗੁਰਮਿੰਦਰ ਸਿੰਘ ਵੱਲੋਂ 150 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ ਹਰਦੇਵ ਮੈਡੀਕੋਜ਼ ਐਮਾਂ ਮਾਂਗਟ ਵੱਲੋਂ ਦਵਾਈਆਂ ਦੀ ਫਰੀ ਸੇਵਾ ਕੀਤੀ ਗਈ ਤੇ ਅਮਨ ਲੈਬੋਟਰੀ ਐਮਾ ਮਾਗਟ ਵੱਲੋਂ ਫਰੀ ਸ਼ੂਗਰ ਟੈਸਟ ਤੇ ਈ ਸੀ ਜੀ ਦੀ ਸੇਵਾ ਨਿਭਾਈ ਗਈ। ਇਸ ਮੌਕੇ ਸੁਖਵਿੰਦਰ ਸਿੰਘ ਹੈਡ ਗ੍ਰੰਥੀ, ਚਰਨ ਸਿੰਘ, ਹਰਪ੍ਰੀਤ ਸਿੰਘ ਜੋਨੀ ਤੇ ਇਲਾਕਾ ਨਿਵਾਸੀ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਅਤੇ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਡਾ. ਗੁਰਮਿੰਦਰ ਸਿੰਘ ਤੇ ਸਹਿਯੋਗੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

## ਗਣਤੰਤਰ ਦਿਵਸ 'ਤੇ ਦਇਆਨੰਦ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਵੰਨਗੀ ਨੇ ਪ੍ਰਾਪਤ ਕੀਤਾ ਪਹਿਲਾ ਸਥਾਨ



**ਜਲੰਧਰ, (ਸੁਰਿੰਦਰ ਕੁਮਾਰ)**- ਗਣਤੰਤਰ ਦਿਵਸ ਮੌਕੇ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ, ਜਿਸ ਵਿੱਚ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਹੋਏ, ਦੌਰਾਨ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਵੰਨਗੀਆਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਦਇਆਨੰਦ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਲੋਂ ਪੇਸ਼ ਕੀਤੀ 'ਮੇਰੀ ਆਨ ਪੰਜਾਬੀ, ਮੇਰੀ ਸ਼ਾਨ ਪੰਜਾਬੀ ਵੰਨਗੀ ਨੇ ਪਹਿਲਾ ਅਤੇ ਐਸ.ਡੀ.ਫੁੱਲਰਵਾਨ ਸਕੂਲ ਦੇ 'ਗਿੱਧੇ' ਨੇ ਦੂਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਐਚ.ਐਮ.ਵੀ. ਕਾਲਜ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਆਧਾਰਿਤ 'ਵੰਦੇ ਮਾਤਰਮ' 'ਤੇ ਸ਼ਾਨਦਾਰ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸੇ ਤਰ੍ਹਾਂ ਲਾਰੈਂਸ ਇੰਟਰਨੈਸ਼ਨਲ ਸਕੂਲ ਵਲੋਂ 'ਚੱਕ ਦੇ ਇੰਡੀਆ', ਰੈਡ ਕਰਾਸ ਦਿਵਿਆਂਗ ਸਕੂਲ ਵਲੋਂ 'ਟੇਢੀ ਪੱਗ ਵੇ ਸ਼ੌਕੀਨਾ ਤੇਰੀ, ਲੋਕਾਂ ਭਾਣੇ ਮੋਰ ਬੋਲਦਾ', ਬ੍ਰਿਟਿਸ਼ ਓਲੀਵੀਆ ਸਕੂਲ ਵਲੋਂ ਵੀ ਸ਼ਾਨਦਾਰ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸੇ ਤਰ੍ਹਾਂ ਪੁਲਿਸ ਡੀ.ਏ.ਵੀ.ਪਬਲਿਕ ਸਕੂਲ ਵਲੋਂ 'ਭੰਗੜਾ' ਪੇਸ਼ ਕੀਤਾ ਗਿਆ।

## ਮੁੱਖ ਮੰਤਰੀ ਨੇ ਸਾਦਗੀ ਨਾਲ ਮਨਾਇਆ ਜਨਮ ਦਿਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣਾ 56ਵਾਂ ਜਨਮਦਿਨ ਬਹੁਤ ਸਾਦਗੀ ਅਤੇ ਸਮਾਜਿਕ ਸਰੋਕਾਰਾਂ ਦੇ ਨਾਲ ਮਨਾਇਆ। ਆਪਣੇ ਜਨਮਦਿਨ ਦੀ ਸ਼ੁਰੂਆਤ ਉਨ੍ਹਾਂ ਨੇ ਪੰਚਕੂਲਾ ਦੇ ਸ਼ਿਸ਼ੂ ਗ੍ਰਹਿ ਵਿੱਚ ਬੱਚਿਆਂ ਨਾਲ ਮਿਲ ਕੇ ਕੀਤੀ। ਉਨ੍ਹਾਂ ਨੇ ਉੱਥੇ ਛੋਟੇ ਬੱਚਿਆਂ ਨੂੰ ਮਿਠਾਈਆਂ ਵੰਡ ਕੇ ਆਪਣੇ ਜਨਮ ਦਿਨ ਮਨਾਇਆ ਅਤੇ ਇਸ ਦੇ ਬਾਅਦ ਬਜੁਰਗ ਆਸ਼ਰਮ ਵਿੱਚ ਬਜੁਰਗਾਂ ਦਾ ਆਸ਼ੀਰਵਾਦ ਲਿਆ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਸ਼ੁਰੂ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗੁ. ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਿੰਡ ਪੰਡਵਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਸਹਿਯੋਗ ਨਾਲ ਪ੍ਰਭਾਤ ਫੇਰੀਆਂ ਆਰੰਭ ਕੀਤੀਆਂ ਗਈਆਂ। ਪਹਿਲੀ ਪ੍ਰਭਾਤ ਫੇਰੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕਰਦੀ ਹੋਈ ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ ਪੰਡਵਾਂ ਵਿਖੇ ਨਤਮਸਤਕ ਹੋਈ। ਇਸ ਅਸਥਾਨ ਤੇ ਕੁਟੀਆ ਦੇ ਮੁੱਖ ਸੇਵਾਦਾਰ ਸੰਤ ਗੁਰਚਰਨ ਸਿੰਘ ਜੀ ਤੇ ਸੰਤ ਗੁਰਲਾਲ ਸਿੰਘ ਜੀ ਵੱਲੋਂ ਸੰਗਤਾਂ ਦਾ ਸਵਾਗਤ ਕੀਤਾ ਗਿਆ।

## ਫਿਲੌਰ ਵਿਖੇ ਮੀਂਹ ਨਾਲ ਗੜੇ ਪਏ

**ਫਿਲੌਰ (ਨਿਰਮਲ)**- ਫਿਲੌਰ ਵਿੱਚ ਕਿਧਰੇ ਹਲਕੀ ਕਿਧਰੇ ਭਾਰੀ ਮੀਂਹ ਪਿਆ ਨਾਲ ਗੜੇ ਵੀ ਪਏ ਜਿਸ ਕਾਰਨ ਇਲਾਕੇ ਵਿੱਚ ਠੰਢ ਨੇ ਜ਼ੋਰ ਫੜ ਲਿਆ। ਕਿਸਾਨਾਂ ਅਨੁਸਾਰ ਇਸ ਵਰਖਾ ਦਾ ਤਾਂ ਕਣਕ ਦੀ ਫਸਲ ਨੂੰ ਲਾਭ ਮਿਲੇਗਾ ਪਰ ਗੜੇ ਨੁਕਸਾਨਦੇਹ ਸਾਬਿਤ ਹੋ ਸਕਦੇ ਹਨ। ਮੀਂਹ ਕਾਰਨ ਗ੍ਰਾਹਕ ਨਾ ਮਾਤਰ ਹੀ ਨਜ਼ਰ ਆਏ। ਨੇੜਲੇ ਪਿੰਡਾਂ ਤੇਹਿੰਗ, ਖੈਹਿਰਾ, ਭੱਟੀਆਂ, ਸ਼ਾਹਪੁਰ, ਰਾਮਗੜ੍ਹ, ਨੰਗਲ, ਬੁਰਜ ਪੁਖਤਾ, ਬਛੋਵਾਲ, ਰਸੂਲਪੁਰ, ਨਗਰ ਤੋਂ ਵੀ ਮੀਂਹ ਦੇ ਸਮਾਚਾਰ ਪ੍ਰਾਪਤ ਹੋਏ।

**ਜਨਮ ਦਿਨ ਮੁਬਾਰਕ**



ਹਰਸੀਰਤ ਕੌਰ
ਫਤਿਹਗੜ੍ਹ ਸਾਹਿਬ



ਹਸਨੂਰ ਕੌਰ
ਲਹਿਰਾ ਮੁਹੱਬਤ

**ਵਰ੍ਹੇਗੰਢ ਮੁਬਾਰਕ**



ਸਤਨਾਮ ਸਿੰਘ ਤੇ ਜਸਬੀਰ ਕੌਰ ਵਾਸੀ ਨੌਸ਼ਹਿਰਾ ਮੱਝਾ ਸਿੰਘ ਨੇ ਵਿਆਹ ਦੀ 38ਵੀਂ ਵਰ੍ਹੇਗੰਢ ਮਨਾਈ।

## ਯਾਦਗਾਰੀ ਹੋ ਨਿਬੜਿਆ ਭਾਜਪਾ ਵੱਲੋਂ ਮਨਾਇਆ ਗਣਤੰਤਰ ਦਿਵਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਭਾਰਤੀ ਜਨਤਾ ਪਾਰਟੀ ਮੰਡਲ ਦੇ ਪ੍ਰਧਾਨ ਰਤਨ ਕੁਮਾਰ ਧਨੇੜਾ ਦੀ ਅਗਵਾਈ ਵਿੱਚ ਕਰਵਾਇਆ ਗਿਆ ਗਣਤੰਤਰ ਦਿਹਾੜਾ ਗੁਰੂ ਨਗਰੀ ਵਿੱਚ ਯਾਦਗਾਰੀ ਸਾਬਤ ਹੋਇਆ। ਭਾਜਪਾ ਵੱਲੋਂ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਇਆ ਇਹ ਸਮਾਗਮ ਜਿੱਥੇ ਯਾਦਗਾਰੀ ਬਣ ਗਿਆ ਉੱਥੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਵੀ ਬਣਿਆ।ਮੰਡਲ ਪ੍ਰਧਾਨ ਰਤਨ ਕੁਮਾਰ ਧਨੇੜਾ ਦੀ ਅਗਵਾਈ ਵਿੱਚ ਹੋਏ ਉਕਤ ਪ੍ਰੋਗਰਾਮ ਵਿੱਚ ਜਿੱਥੇ ਭਾਜਪਾ ਹਾਈ ਕਮਾਂਡ ਦੇ ਆਗੂਆਂ ਨੇ ਆਪਣੀ ਸ਼ਮੂਲੀਅਤ ਕੀਤੀ ਉੱਥੇ ਲੋਕਾਂ ਦਾ ਵੱਡਾ ਇਕੱਠ ਦੇਖਣ ਯੋਗ ਸੀ। ਭਾਵੇਂ ਕਿ ਸਰਕਾਰ ਵੱਲੋਂ ਸਥਾਨਕ ਚਰਨ ਗੰਗਾ ਸਟੇਡੀਅਮ ਵਿਚ ਗਣਤੰਤਰ ਦਿਵਸ ਮਨਾਇਆ ਗਿਆ ਸੀ ਪਰ ਭਾਜਪਾ ਦੇ ਇਸ ਸਮਾਗਮ ਵਿੱਚ ਲੋਕਾਂ ਦੀ ਭਰਵੀਂ ਹਾਜ਼ਰੀ ਨੇ ਇਹ ਸਪਸ਼ਟ ਕਰ ਦਿੱਤਾ ਕਿ ਗੁਰੂ ਨਗਰੀ ਵਿੱਚ ਭਾਜਪਾ ਦਾ ਵੋਟ ਆਧਾਰ ਵਧ ਰਿਹਾ ਹੈ। ਸੂਬਾ ਪ੍ਰਧਾਨ ਅਤੇ ਮੁੱਖ ਮਹਿਮਾਨ ਡਾਕਟਰ ਸੁਭਾਸ਼ ਸ਼ਰਮਾ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਉਨ੍ਹਾਂ ਜਿੱਥੇ ਆਜ਼ਾਦੀ ਲਈ ਆਪਣੀਆਂ ਜਾਨ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਉੱਥੇ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ ਅਪੀਲ ਵੀ ਕੀਤੀ।



## ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਕਿਸ਼ਨਗੜ੍ਹ ਵਿਖੇ ਗੁਰੂ ਰਵਿਦਾਸ ਗੁਰੂ ਘਰ ਪ੍ਰਬੰਧਕ ਕਮੇਟੀ, ਸਮੂਹ ਗ੍ਰਾਮ ਪੰਚਾਇਤ ਕਿਸ਼ਨਗੜ੍ਹ, ਨੌਜਵਾਨ ਸਭਾ ਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਗੁਰੂ



ਰਵਿਦਾਸ ਮਹਾਰਾਜ ਜੀ ਦੇ 649ਵੇਂ ਪਾਵਨ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਵਿਸ਼ਾਲ ਨਗਰ ਕੀਰਤਨ ਗੁਰੂ ਘਰ ਤੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ। ਨਗਰ ਕੀਰਤਨ ਦਾ ਕਿਸ਼ਨਗੜ੍ਹ ਦੀ ਸਮੂਹ ਮਾਰਕੀਟ ਦੇ ਦੁਕਾਨਦਾਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਹ ਨਗਰ ਕੀਰਤਨ ਪੂਰੇ ਪਿੰਡ ਦੀ ਪਰਿਕਰਮਾ ਕਰਦਿਆਂ ਵੱਖ-ਵੱਖ ਪੜਾਵਾਂ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਮਹਿਮਾ ਦਾ ਗੁਣਗਾਨ ਕਰਦਿਆ ਸਤਿਗੁਰੂ ਰਵਿਦਾਸ ਗੁਰੂ ਘਰ 'ਚ ਆ ਕੇ ਸੰਪੰਨ ਹੋਇਆ। ਨਗਰ ਕੀਰਤਨ ਦੌਰਾਨ ਸ਼ਰਧਾਲੂ ਸੰਗਤਾਂ ਵਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਹੋਏ ਸਨ। ਨਗਰ ਕੀਰਤਨ ਦੌਰਾਨ ਭਾਈ ਸੁਲੱਖਣ ਸਿੰਘ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਮਹਿਮਾ ਦਾ ਗੁਣਗਾਣ ਸਰਵਣ ਕਰਵਾਉਂਦਿਆਂ ਗੁਰੂ ਚਰਨਾਂ ਨਾਲ ਜੋੜਿਆ। ਨਗਰ ਕੀਰਤਨ ਦਾ ਗੁਰਦੁਆਰਾ ਸਿੰਘਾਂ ਸ਼ਹੀਦਾਂ ਨਹਿਰ ਕਿਨਾਰੇ ਕਿਸ਼ਨਗੜ੍ਹ ਪਹੁੰਚਣ ਤੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਬੰਧਕਾਂ ਤੇ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਤੇ ਪਾਲਕੀ ਸਾਹਿਬ ਲਈ ਰੁਮਾਲਾ ਸਾਹਿਬ ਭੇਂਟ ਕੀਤੇ ਗਏ। ਇਸ ਮੌਕੇ ਤੇ ਸਰਪੰਚ ਗੁਰਬਖਸ਼ ਸਿੰਘ ਸੁਆਮੀ, ਸਾਬਕਾ ਸਰਪੰਚ ਪਰਮਜੀਤ ਕੁਮਾਰ, ਸਾਬਕਾ ਸਰਪੰਚ ਕਰਮਜੀਤ ਕੌਰ, ਸਾਬਕਾ ਸਰਪੰਚ ਹਰਸੁਲਿੰਦਰ ਸਿੰਘ ਢਿੱਲੋਂ, ਨੰਬਰਦਾਰ ਬਹਾਦਰ ਚੰਦ, ਨੰਬਰਦਾਰ ਰਸ਼ਪਾਲ ਸਿੰਘ, ਲੈਕਚਰਾਰ ਸੁਰਜੀਤ ਸਿੰਘ ਜੱਸਲ, ਗੁਰਵੀਰ ਸਿੰਘ ਢਿੱਲੋ, ਜਸਵਿੰਦਰ ਕੌਰ , ਜਸਵੀਰ ਕੌਰ, ਕਾਂਤਾ ਦੇਵੀ, ਮਲਕੀਤ ਚੰਦ, ਅਮਨਦੀਪ ਹਨੀ, ਨਰਿੰਦਰ ਸਿੰਘ (ਸਾਰੇ ਪੰਚ), ਜਸਪਾਲ ਸਿੰਘ ਢਿੱਲੋਂ, ਇੰਦਰਜੀਤ ਸਿੰਘ ਵਿਰਕ, ਜਗਜੀਤ ਸਿੰਘ ਫੁੱਲ, ਪਰਮਜੀਤ ਸਿੰਘ ਕੰਬੋਜ, ਕਰਨੈਲ ਸਿੰਘ ਭੱਟੀ, ਮਹਿੰਦਰ ਸਿੰਘ ਫੁੱਲ, ਬਲਦੇਵ ਰਾਜ, ਲਸ਼ਮਣ ਸਿੰਘ, ਸਦਾ ਰਾਮ ਸ਼ਰਮਾ, ਏਐਸਆਈ ਸੰਤੋਖ ਸਿੰਘ, ਰਾਮ ਸਿੰਘ ਗੋਲਡੀ, ਰਣਜੀਤ ਰਾਏ, ਮਨਜੀਤ ਸਿੰਘ ਢਿੱਲੋਂ, ਜਗਦੀਸ਼ ਸ਼ਰਮਾ, ਸ਼ੀਤਲ ਰਾਮ, ਬਲਵਿੰਦਰ ਕੁਮਾਰ, ਸਾਬਕਾ ਪੰਚ ਕੇਵਲ ਕ੍ਰਿਸ਼ਨ, ਪ੍ਰਭਜੀਤ ਸਿੰਘ, ਭੁਪਿੰਦਰ ਸਿੰਘ , ਸੁਰਿੰਦਰ ਪਾਲ ਮਹੇ, ਅਮਨਦੀਪ ਸੋਂਧੀ, ਮਨਿੰਦਰ ਮਹੇ, ਰਵਿੰਦਰ ਸਿੰਘ ਫੁੱਲ, ਰੋਹਿਤ ਮਹੇ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸ਼ਹੀਦ ਭਾਈ ਪਿਆਰਾ ਸਿੰਘ ਯਾਦਗਾਰੀ ਗੇਟ 'ਚ ਫਸਿਆ ਟਿੱਪਰ, ਜਾਨੀ ਨੁਕਸਾਨ ਤੋਂ ਬਚਾਅ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਸ਼ਤੀਸ਼ ਅਗਰਵਾਲ ਕੰਪਨੀ ਦਾ ਇਕ ਟਿੱਪਰ ਨੰ- PB08 CB 9386 ਜਿਸ ਨੂੰ ਡਰਾਈਵਰ ਬਲਵੀਰ ਸਿੰਘ ਪੁੱਤਰ ਭਜਨ ਸਿੰਘ ਵਾਸੀ



ਜਗਤਪੁਰ ਜੱਟਾਂ ਚਲਾ ਰਿਹਾ ਸੀ । ਉਸ ਦੇ ਦੱਸਣ ਮੁਤਾਬਿਕ ਜਦੋਂ ਉਹ ਮੇਹਟੀਆਣਾ ਗੜ੍ਹਸ਼ੰਕਰ ਵਾਲੀ ਸੜਕ ਤੋਂ ਪਿੰਡ ਭੂੰਗਰਨੀ ਵੱਲ ਮੁੜਿਆਂ ਤਾਂ ਧੁੰਦ ਵੀ ਕਾਫੀ ਸੀ । ਜਦੋਂ ਉਹ ਲਗਭਗ ਅਜੇ 100 ਗਜ਼ ਹੀ ਅੱਗੇ ਗਿਆ ਤਾਂ ਟਿੱਪਰ ਦਾ ਜੈਕ ਵਾਲਾ ਪਿੱਛਲਾ ਟਰਾਲਾ ਅਚਾਨਕ ਖੁੱਲ ਗਿਆ ਤੇ ਉੱਪਰ ਚੁੱਕਿਆ ਗਿਆ ਜਿਸ ਦਾ ਪਤਾ ਉਸ ਵੇਲੇ ਲੱਗਿਆ ਜਦੋਂ ਉਹ ਗੇਟ ਦੇ ਉਪਰਲੇ ਹਿੱਸੇ ਵਿਚ ਫਸ ਗਿਆ ਜਿਸ ਕਾਰਨ ਗੇਟ ਦਾ ਉਪਰਲਾ ਹਿੱਸਾ ਨੁਕਸਾਨਿਆ ਗਿਆ ਜਿਸ ਨਾਲ ਡਰਾਇਵਰ ਗੰਭੀਰ ਜ਼ਖਮੀ ਹੋ ਗਿਆ ਜਿਸ ਨੂੰ ਪਿੰਡ ਵਾਸੀਆਂ ਨੇ ਫਸਟ ਏਡ ਦਵਾਈ ਤੇ ਇਸ ਐਕਸੀਡੈਂਟ ਦੀ ਇਤਲਾਹ ਮੇਹਟੀਆਣਾ ਪੁਲਸ ਨੂੰ ਦਿੱਤੀ ਗਈ। ਥਾਣਾ ਮੇਹਟੀਆਣਾ ਨੂੰ ਇਤਲਾਹ ਮਿਲਦਿਆਂ ਸਾਰ ਏ ਐਸ ਆਈ ਉਂਕਾਰ ਸਿੰਘ ਸਿੰਘ, ਏ ਐਸ ਆਈ ਕਰਨੈਲ ਸਿੰਘ ਆਪਣੇ ਸਾਥੀਆਂ ਨਾਲ ਮੌਕੇ ਤੇ ਪਹੁੰਚ ਗਏ। ਡਰਾਈਵਰ ਨੂੰ ਹਸਪਤਾਲ ਭੇਜਿਆ ਗਿਆ। ਕੋਈ 3-4 ਘੰਟੇ ਦੀ ਜਦੋ ਜਹਿਦ ਮਗਰੋਂ ਪੁਲਸ ਵੱਲੋਂ ਆਵਾਜਾਈ ਚਾਲੂ ਕਰਵਾ ਦਿੱਤੀ ਗਈ ।

## ਕਾਲਾ ਸੰਘਿਆਂ ਵਿਖੇ ਗਣਤੰਤਰ ਦਿਵਸ ਮਨਾਇਆ ਗਿਆ



**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਐੱਨ ਐੱਸ ਐੱਸ/ਰੈਡ ਰਿਬਨ ਤੇ ਇਕੋ ਕਲੱਬ ਵੱਲੋਂ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਇੰਚਾਰਜ ਡਾ. ਕੁਲਵਿੰਦਰ ਕੌਰ ਦੇ ਸਹਿਯੋਗ ਨਾਲ ਗਣਤੰਤਰ ਦਿਵਸ ਮਨਾਇਆ ਗਿਆ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਤੇ ਰਾਸ਼ਟਰੀ ਗਾਇਨ ਗਾਇਆ ਗਿਆ। ਇਸ ਮੌਕੇ ਤੇ ਕਾਲਜ ਪ੍ਰਬੰਧਨ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ, ਡਾਇਰੈਕਟਰ ਡਾ. ਰਾਮ ਮੂਰਤੀ, ਕਮੇਟੀ ਮੈਂਬਰਜ਼ ਸ੍ਰੀ ਸੰਜੀਵ ਕੁਮਾਰ ਜੀ, ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ , ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਸਟਾਫ ਮੈਂਬਰਜ਼ ਮੈਡਮ ਡਾ. ਕੁਲਵਿੰਦਰ ਕੌਰ, ਮੈਡਮ ਸਿੰਮੀ ਬੱਗਾ, ਮੈਡਮ ਰਣਦੀਪ ਕੌਰ ਹਾਜ਼ਰ ਸਨ।

## ਸਾਲਾਨਾ ਭੰਡਾਰੇ ਦੇ ਸੰਬੰਧ 'ਚ ਸ਼ੋਭਾ ਯਾਤਰਾ ਸਜਾਈ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਮਾਤਾ ਕਲਿਆਣੀ ਵੈਲਫੇਅਰ ਸੋਸਾਇਟੀ ਤੇ ਸਮੂਹ ਇਲਾਕਾ ਨਿਵਾਸੀ ਪਿੰਡ ਖੰਨੀ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਾਤਾ ਕਲਿਆਣੀ ਮੰਦਰ ਜੇਜੋ ਰੋਡ ਪਿੰਡ ਖੰਨੀ ਵਿਖੇ ਸਾਲਾਨਾ ਭੰਡਾਰਾ 1 ਫਰਵਰੀ ਦਿਨ ਐਤਵਾਰ ਨੂੰ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਤਿਲਕ ਰਾਜ ਚੌਹਾਨ ਨੇ ਦੱਸਿਆ ਕਿ ਸਾਲਾਨਾ ਭੰਡਾਰੇ ਦੇ ਸੰਬੰਧ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮੰਦਰ ਵਿਖੇ ਸ਼ੋਭਾ ਯਾਤਰਾ ਸਜਾਈ ਗਈ ਤੇ ਸ੍ਰੀ ਮੱਧ ਭਾਗਵਤ ਕਥਾ ਦੀ ਆਰੰਭਤਾ ਹੋਈ। ਆਚਾਰੀਆ ਦੀਪ ਸ਼ਾਸਤਰੀ ਬਰਿੰਦਾਵਨ ਧਾਮ ਮਥੁਰਾ ਉੱਤਰ ਪ੍ਰਦੇਸ਼ ਵਾਲਿਆਂ ਨੇ ਸ੍ਰੀ ਮੱਧ ਭਾਗਵਤ ਕਥਾ ਕਰਕੇ ਸੰਗਤਾਂ ਨੂੰ ਪ੍ਰਭੂ ਦੇ ਰੰਗ ਵਿੱਚ ਰੰਗਿਆ।ਇਸ ਮੌਕੇ ਬਲਦੇਵ ਸਿੰਘ ਤੇ ਰਾਮ ਲੁਭਾਇਆ ਉਪ ਪ੍ਰਧਾਨ, ਕੈਪਟਨ ਸੁਰੇਸ਼ ਕੁਮਾਰ ਤੇ ਹਰਭਜਨ ਲਾਲ ਕੈਸ਼ੀਅਰ,ਰਜੇਸ਼ ਕੁਮਾਰ ਰਾਜੂ ਸੈਕਟਰੀ, ਸ਼ਿਵ ਕੁਮਾਰ, ਰਸ਼ਪਾਲ ਸਿੰਘ, ਪੰਡਿਤ ਰਮਨ ਕੁਮਾਰ, ਦਾਰਾ ਸਿੰਘ, ਬੂਟਾ ਰਾਮ, ਕੈਪਟਨ ਪਰਮਜੀਤ ਸਿੰਘ, ਬਲਵੀਰ ਲੰਬੜਦਾਰ, ਜਰਨੈਲ ਸਿੰਘ, ਰਜੇਸ਼ ਕੁਮਾਰ ਲਲਵਾਨ, ਇੰਸਪੈਕਟਰ ਅਸ਼ੋਕ ਕੁਮਾਰ, ਸੂਬੇਦਾਰ



ਇੰਸਪੈਕਟਰ ਅਸ਼ਵਨੀ ਕੁਮਾਰ,ਏ ਐੱਸ ਆਈ ਬਲਵਿੰਦਰ ਸਿੰਘ, ਏ ਐੱਸ ਆਈ ਸੋਹਨ ਲਾਲ, ਏ ਐੱਸ ਆਈ ਪਰਸ਼ੋਤਮ ਲਾਲ,ਏ ਐੱਸ ਆਈ ਮੰਗਤ ਰਾਮ, ਆਸ਼ੀਸ਼ ਪਟਵਾਰੀ, ਕਰਨ ਚੌਧਰੀ, ਤਿਲਕ ਰਾਜ ਰਾਣਾ, ਸੰਜੇ ਰਾਣਾ, ਦੀਪਕ ਸ਼ਰਮਾ, ਦੀਪਕ ਬੋਬੀ,ਰਾਮਪਾਲ ਸ਼ਰਮਾ, ਸੁਖਦੇਵ ਸ਼ਰਮਾ ਠੇਕੇਦਾਰ, ਰਮੂ ਪੰਡਿਤ ਪੰਚ, ਸੋਨੂ ਇਲੈਕਟਰੀਸ਼ਨ, ਸੋਨੂ ਰਾਮ ਸਿੰਘ, ਮਦਨ ਲਾਲ ਰਾਣਾ,ਮਿੰਟੂ ਰਾਣਾ, ਵਿੱਕੀ ਇਲੈਕਟਰੀਸ਼ਨ, ਹਰਦੇਵ ਚੰਦ ਥਿੰਦ, ਹਰਜਿੰਦਰ ਸਿੰਘ, ਸਤਨਾਮ ਠੇਕੇਦਾਰ, ਪਰਮਜੀਤ ਪੰਮਾ, ਰਾਮਪਾਲ ਆਪਰੇਟਰ, ਬਿੰਦਰ ਬਾਬਾ ਜੇਜੋ, ਬੰਟੀ ਟਰੈਵਲ, ਦੀਪਾ ਲੰਬੜਦਾਰ, ਸਤਨਾਮ ਰਾਣਾ, ਸੁਖਦੇਵ ਰਠੌਰ, ਮਾਸਟਰ ਰਣਵੀਰ ਰਾਣਾ, ਸੂਬੇਦਾਰ ਬਲਵੀਰ ਰਾਣਾ,ਰਮੇਸ਼, ਰਾਣਾ ਵਿੱਕੀ, ਕੁਲਵੰਤ ਸਿੰਘ,ਵਿੱਕੀ, ਸ਼ਿਵ ਚੌਧਰੀ ਤਿਲਕ ਰਾਜ ਜੋਸ਼ੀ ਸਮੇਤ ਕਮੇਟੀ ਮੈਂਬਰ ਤੇ ਸਨਮਾਨਯੋਗ ਸ਼ਖਸ਼ੀਅਤਾਂ ਹਾਜ਼ਰ ਸਨ। ਵਰਨਣਯੋਗ ਹੈ ਕਿ ਮਾਤਾ ਕਲਿਆਣੀ ਮੰਦਰ ਜੇਜੋ ਰੋਡ ਖੰਨੀ ਵਿਖੇ ਹਰ ਸਾਲ ਦੀ ਤਰਾ ਹੋ ਰਹੇ ਇਸ ਸਲਾਨਾ ਭੰਡਾਰੇ ਵਿੱਚ ਪਿੰਡ ਲਲਵਾਨ, ਹਰਜੀਆਣਾ, ਜੇਜੋ,ਲਸਾੜਾ, ਬੱਦੋਵਾਲ, ਕੋਠੀ, ਕਾਂਗੜ,ਮੈਲੀ, ਜੰਡਿਆਲਾ, ਮੇਘੋਵਾਲ, ਮੁੱਗੋਵਾਲ, ਰਾਮਪੁਰ ਸੈਣੀਆਂ, ਝੰਜੋਵਾਲ, ਗੱਜਰ ਮਹਿਦੂਦ, ਜੇਜੋ ਆਦਿ ਪਿੰਡਾਂ ਦੀਆਂ ਸੰਗਤਾਂ ਮਾਤਾ ਕਲਿਆਣੀ ਮੰਦਰ ਵਿਖੇ ਨਤਮਸਤਕ ਹੋਣ ਲਈ ਆ ਰਹੀਆਂ ਹਨ। ਮਾਤਾ ਜੀ ਦੇ ਲੰਗਰ ਅਤੁੱਟ ਵਰਤ ਰਹੇ ਹਨ।

## ਸਕੂਲ 'ਚ ਗਣਤੰਤਰ ਦਿਵਸ ਮਨਾਇਆ




**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਕਰਤਾਰਪੁਰ ਦੇ ਵਿਦਿਆਰਥੀਆਂ ਵੱਲੋਂ ਗਣਤੰਤਰ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਕਈ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਿਸ ਵਿੱਚ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਕੰਵਲਜੀਤ ਕੌਰ ਨੇ ਗਣਤੰਤਰ ਦਿਵਸ ਬਾਰੇ ਦੱਸਿਆ ਕਿ ਇਸ ਦਿਨ ਸਾਡੇ ਦੇਸ਼ ਦਾ ਸੰਵਿਧਾਨ ਲਾਗੂ ਹੋਇਆ ਸੀ। ਸਕੂਲ ਦੀ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਨੂੰ ਦੇਸ਼ ਭਗਤੀ ਅਤੇ ਦੇਸ਼ ਪ੍ਰਤੀ ਪਿਆਰ ਦਾ ਸੰਦੇਸ਼ ਦਿੱਤਾ। ਇਸ ਮੌਕੇ ਸਕੂਲ ਦੀ ਚੇਅਰਪਰਸਨ ਮੈਡਮ ਸ਼੍ਰੀਮਤੀ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ ਪਿਆਰ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਸਮੇਤ ਸਾਰੇ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ।

## ਮੁੱਖ ਅਧਿਆਪਕਾ ਮਨਜੀਤ ਕੌਰ ਸ਼ੇਰਗਿੱਲ ਦਾ ਗਣਤੰਤਰ ਦਿਵਸ 'ਤੇ ਵਿਸ਼ੇਸ਼ ਸਨਮਾਨ



**ਨਕੋਦਰ (ਮਨਜੀਤ ਮਾਨ)**- ਸਰਕਾਰੀ ਹਾਈ ਸਕੂਲ ਰਸੂਲਪੁਰ ਕਲਾਂ ਦੇ ਮੁੱਖ ਅਧਿਆਪਕਾ ਸ਼੍ਰੀਮਤੀ ਮਨਜੀਤ ਕੌਰ ਸ਼ੇਰਗਿੱਲ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦਿਆਂ ਤਹਿਸੀਲ ਨਕੋਦਰ ਵਿਖੇ 77 ਵੇਂ ਗਣਤੰਤਰ ਦਿਵਸ 'ਤੇ ਐਸ ਡੀ ਐਮ ਸ੍ਰੀ ਲਾਲ ਵਿਸ਼ਵਾਸ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਡੀ ਐੱਸ ਪੀ ਸ੍ਰ ਉਂਕਾਰ ਸਿੰਘ ਬਰਾੜ ਤੋਂ ਇਲਾਵਾ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਹਾਜਰ ਸਨ।